ਯਹ ਰੁਤਬੇ ਲਹੂ ਵਗਾ ਕੇ ਲੀਏ

ਜੀਵਨ - I

ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ

ਲੇਖਿਕਾ : ਬੀਬੀ ਸਤਵੰਤ ਕੌਰ ਜੀ
ਸਪੁੱਤਰੀ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ

ਯਹ ਰੁਤਬੇ ਲਹੂ ਬਹਾ ਕੇ ਲੀਏ

ਜੀਵਨ - I

ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ

ਲੇਖਿਕਾ :

ਬੀਬੀ ਸਤਵੰਤ ਕੌਰ ਜੀ

(ਸਪੁੱਤਰੀ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ)

ਪ੍ਰਕਾਸ਼ਕ:

ਭਾਈ ਤਰਲੋਚਨ ਸਿੰਘ

(ਸਪੁੱਤਰ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ)

ਯਹ ਰੁਤਬੇ ਲਹੂ ਬਹਾ ਕੇ ਲੀਏ

ਬੀਬੀ ਸਤਵੰਤ ਕੌਰ ਜੀ
(ਸਪੁੱਤਰੀ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ)
(ਸਹਿ-ਲੇਖਕ) **ਭਾਈ ਤਰਲੋਚਨ ਸਿੰਘ**
(ਸਪੁੱਤਰ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ)

© ਪ੍ਰਕਾਸ਼ਕ

ਪਹਿਲੀ ਵਾਰ : ਜੂਨ 2009

ਭੇਟਾ : 80-00

ਵਿਸ਼ੇਸ਼ ਸਹਿਯੋਗ :
ਭਾਈ ਜਰਨੈਲ ਸਿੰਘ ਜੀ
ਬੀਬੀ ਪਰਮਜੀਤ ਕੌਰ ਜੀ

ਪ੍ਰਕਾਸ਼ਕ:
ਭਾਈ ਤਰਲੋਚਨ ਸਿੰਘ
ਸਪੁੱਤਰ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ
ਨਾਕਾ ਨੰ: 5, ਮਲੋਟ ਰੋਡ,
ਸ੍ਰੀ ਮੁਕਤਸਰ ਸਾਹਿਬ। (ਪੰਜਾਬ)
ਫ਼ੋਨ : 01633-260460, 9888768601

ਪ੍ਰਿੰਟਰ :
ਪ੍ਰਿੰਟਵੈਲ, 146, ਇੰਡਸਟਰੀਅਲ, ਫੋਕਲ ਪੁਆਇੰਟ,
ਅੰਮ੍ਰਿਤਸਰ

ਸਮਰਪਣ

ਸਾਕਾ ਨੀਲਾ ਤਾਰਾ ਦੀ 25ਵੀਂ
ਵਰੇਗੰਢ (Silver Jubilee) ਤੇ ਉਨ੍ਹਾਂ
ਮਹਾਨ ਸੂਰਬੀਰ ਯੋਧਿਆਂ,
ਸ਼ਹੀਦਾਂ ਨੂੰ ਜਿੰਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ
ਜੀ ਦੀ ਪਵਿੱਤਰਤਾ ਨੂੰ ਕਾਇਮ ਰੱਖਦਿਆਂ
ਹੋਇਆਂ ਆਪਣੀਆਂ ਅਨਮੋਲ ਜਾਨਾਂ ਗੁਰੂ
ਚਰਨਾਂ ਵਿੱਚ ਹੱਸ ਹੱਸ ਕੇ ਨਿਛਾਵਰ
ਕਰ ਦਿੱਤੀਆਂ।

ਤਤਕਰਾ

ਸੰਦੇਸ਼	8
ਦੋ ਸ਼ਬਦ	11
ਮਹਾਨ ਉਪਰਾਲਾ	15
ਮੇਰੇ ਜਜ਼ਬਾਤ	18
ਕੁਝ ਸਿਰਲੇਖ ਬਾਰੇ	23
ਕੁਝ ਅਤਿ-ਕਥਨੀਆਂ	25
ਭਾਗ ਪਹਿਲਾ	29
ਜਨਮ ਤੇ ਪਰਿਵਾਰਕ ਪਿਛੋਕੜ	34
ਭਾਗ ਦੂਜਾ	40
ਭਾਗ ਤੀਜਾ	72
ਭਾਗ ਚੌਥਾ	96
ਭਾਗ ਪੰਜਵਾਂ	131

***

ਸੰਦੇਸ਼

ਵੀਹਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੇ ਸ਼ਹੀਦ ਹੋਣ ਤੋਂ ਪੰਝੀ (25) ਸਾਲ ਬਾਅਦ ਉਹਨਾਂ ਦੀ ਬੇਟੀ ਬੀਬੀ ਸਤਵੰਤ ਕੌਰ ਨੇ ਆਪਣੇ ਪਿਤਾ ਜੀ ਦੇ ਜੀਵਨ ਬਾਰੇ ਜੋ ਲਿਖਣ ਦਾ ਉਦਮ ਕੀਤਾ ਹੈ ਉਸ ਦੀ ਖੁਸ਼ੀ ਵੀ ਹੋਈ ਅਤੇ ਆਪਣੇ ਆਪ ਨੂੰ ਸ਼ਰਮ ਵੀ ਆਈ ਕਿ ਜੋ ਕੰਮ ਸਾਨੂੰ ਕਰਨਾ ਚਾਹੀਦਾ ਸੀ ਉਹਨਾਂ ਦੀ ਨੇਕ ਸਪੁੱਤਰੀ ਨੇ ਕੀਤਾ ਹੈ। ਦਰ ਅਸਲ ਕੌਮਾਂ ਉਹਨਾਂ ਨੂੰ ਚੇਤੇ ਕਰਦੀਆਂ ਹਨ ਜਿਹੜੇ ਦੂਜਿਆਂ ਲਈ ਕੁਝ ਕਰਦੇ ਹਨ, ਆਪਣਿਆਂ ਲਈ ਅਸੀਂ ਸਾਰੇ ਕਰਦਾ ਹਾਂ ਆਪਣਿਆਂ ਦਾ ਅਹਿਸਾਸ ਪਸ਼ੂ ਤੇ ਪੰਛੀਆਂ ਨੂੰ ਵੀ ਹੈ। ਮੈਂ ਇਸ ਆਪਣੇ ਛੋਟੇ ਵੀਰ ਅਮਰੀਕ ਸਿੰਘ ਨੂੰ ਬਹੁਤ ਲਾਗੇ ਹੋ ਕੇ ਵੇਖਿਆ ਅਤੇ ਪੜ੍ਹਨ ਦਾ ਯਤਨ ਵੀ ਕੀਤਾ ਪਰ ਉਹ ਏਨਾ ਮਹਾਨ ਸੀ, ਇਨਾ ਵਿਸ਼ਾਲ ਸੀ ਜਿਵੇਂ ਇਕ ਅੱਖ ਨਾਲ ਸਮੁੱਚੇ ਅਕਾਸ਼ ਨੂੰ ਤਕਣਾ ਤੇ ਚੁੱਭੀ ਨਾਲ ਸਮੁੰਦਰ ਨੂੰ ਮਾਪਣਾ ਔਖਾ ਹੈ ਬੱਸ ਏਡਾ ਵੱਡਾ ਸੀ ਦੁਨਿਆਵੀ ਉਮਰ ਕਰਕੇ ਮੇਰਾ ਛੋਟਾ ਭਾਈ ਅਮਰੀਕ ਸਿੰਘ। ਮੈਨੂੰ ਭਾਈ ਅਮਰੀਕ ਸਿੰਘ ਜੀ ਬਾਰੇ ਸੁਰਜੀਤ ਪਾਤਰ ਦਾ ਸ਼ੇਅਰ ਚੇਤੇ ਆਇਆ।"

"ਮੈਂ ਰਾਹਾਂ ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ
ਯੁੱਗਾਂ ਤੋਂ ਕਾਫਲੇ ਆਉਂਦੇ, ਇਸੇ ਸੱਚ ਦੇ ਗਵਾਹ ਬਣਦੇ।"

ਭਾਈ ਸਾਹਿਬ ਦੇ ਅੰਦਰ ਕੁਝ ਕਰਨ ਦਾ ਜਜ਼ਬਾ ਸੀ। ਜਦੋਂ ਉਹ ਕਾਲਜ ਪੜ੍ਹਦਾ ਸੀ ਉਦੋਂ ਉਸ ਨੇ ਆਪਣੇ ਪਿੰਡ ਭੂਰੇ ਕੋਹਨੇ ਨੌਜਵਾਨ ਸਭਾ ਬਣਾਈ। ਜਿਸ ਨਸ਼ੇ ਬਾਰੇ ਅੱਜ ਅਸੀਂ ਕੀਵਲ ਲੈਕਚਰ ਕਰਦੇ ਹਾਂ, ਉਸ ਨੇ ਪਿੰਡ ਦੇ ਨਸੇੜੀਆਂ ਨੂੰ ਤਾਇਆ ਅਤੇ ਭਾਊ ਕਹਿੰਦਿਆਂ ਤੇਲ, ਦੇਸੀ ਘਿਉ ਦੀਆਂ ਮਾਲਸ਼ਾਂ ਕਰਕੇ ਉਹਨਾਂ ਦੇ ਜੀਵਨ ਨੂੰ ਬਚਾਇਆ ਹੀ ਨਹੀਂ ਸਗੋਂ ਨਸ਼ਿਆਂ ਦੀ ਦਲਦਲ ਵਿਚੋਂ ਕੱਢ ਕੇ ਗੁਰੂ ਲੜ ਲਾ ਕੇ ਨਵੀਂ ਜ਼ਿੰਦਗੀ ਦਿੱਤੀ। ਕਈ ਮਨੁੱਖਾਂ ਦੇ ਨਾਮ ਨਾਲ ਲੋਕੀਂ 'ਲੋਹ ਪੁਰਸ਼' ਸ਼ਬਦ ਜੋੜਦੇ ਹਨ ਅਤੇ ਉਹ ਆਪਣੇ ਆਪ ਨੂੰ ਲੋਹ ਪੁਰਸ਼ ਅਖਵਾ ਕੇ ਫਖ਼ਰ ਮਹਿਸੂਸ ਕਰਦੇ ਹਨ ਪਰ ਨੇੜੇ ਹੋ ਕੇ ਇਸ ਲੋਹ ਪੁਰਸ਼ ਨੂੰ ਵੇਖਿਆ ਲੋਹਾ ਪਾਣੀ ਬਣ ਜਾਂਦਾ ਹੈ, ਢਲ ਜਾਂਦਾ ਹੈ। ਕਿਤੇ ਕਸਾਈ ਦੇ ਹੱਥ

ਨਿਰਦੋਸ਼ ਬੱਕਰੇ ਨੂੰ ਕੋਹਣ ਲਈ ਛੁਰੀ ਬਣਦੀ ਹੈ, ਕਿਤੇ ਉਸੇ ਲੋਹੇ ਦਾ ਭਿਖਾਰੀ ਦਾ ਬਰਤਨ ਵੀ ਬਣਦਾ ਹੈ। ਇਹ ਭਾਈ ਅਮਰੀਕ ਸਿੰਘ ਹੀ ਸੀ ਜਿਸ ਨੂੰ ਨੋਟਾਂ ਦੇ ਢੇਰ, ਪਦਾਰਥਾਂ ਦੇ ਸਬਜ਼ ਬਾਗ ਤੇ ਜ਼ਾਲਮ ਸਰਕਾਰ ਦੇ ਟੈਂਕ ਵੀ ਉਸ ਦੀ ਦ੍ਰਿੜਤਾ ਨੂੰ ਢਾਲ ਨਾ ਸਕੇ। ਜਿਸ ਸਮੇਂ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਦਮਦਮੀ ਟਕਸਾਲ ਦੀ ਦਸਤਾਰ ਮਿਲੀ, ਮੈਨੂੰ ਬਹੁਤ ਸਾਰੇ ਮਹਾਂਪੁਰਖਾਂ ਬਾਰੇ ਪਤਾ ਹੈ ਜੋ ਭਾਈ ਸਾਹਿਬ ਨੂੰ ਬਹੁਤ ਮਜਬੂਰ ਕਰਦੇ ਰਹੇ ਕਿ 'ਤੂੰ ਇਸ ਜ਼ਿੰਮੇਵਾਰੀ ਨੂੰ ਸੰਭਾਲ। ਅਸੀਂ ਤਨ ਦੇਹੀ ਨਾਲ ਜੀਵਨ ਪ੍ਰਯੰਤ ਤੇਰਾ ਸਾਥ ਦਿਆਂਗੇ, ਮਾਇਕੀ ਤੇ ਮਨੁੱਖੀ ਕਿਸੇ ਕਿਸਮ ਦੀ ਤੈਨੂੰ ਘਾਟ ਨਹੀਂ ਆਉਣ ਦਿੱਤੀ ਜਾਵੇਗੀ।' ਪਰ ਭਾਈ ਸਾਹਿਬ ਨੇ ਦੋ ਟੂਕ ਜਵਾਬ ਦਿੱਤਾ ਮਹਾਂਪੁਰਖੋ ਮੈਂ ਤੁਹਾਡਾ ਬੇਟਾ ਹਾਂ ਪਰ ਇਹ ਗੱਲ ਮੈਂ ਸੁਨਣ ਲਈ ਤਿਆਰ ਨਹੀਂ ਅਤੇ ਉਹ ਮਹਾਂਪੁਰਖ ਭਾਈ ਅਮਰੀਕ ਸਿੰਘ ਦੀ ਇਸ ਕੋਰੀ ਤੇ ਸਪੱਸ਼ਟ ਗੱਲ ਤੋਂ ਏਨੇ ਨਰਾਜ਼ ਹੋਏ ਕਿ ਉਹਨਾਂ ਭਾਈ ਸਾਹਿਬ ਨਾਲ ਜਬਾਨ ਵੀ ਸਾਂਝੀ ਨਹੀਂ ਕੀਤੀ।

ਭਰਾਤਰੀ ਭਾਵ ਉਹਨਾਂ ਅੰਦਰ ਕੁੱਟ-ਕੁੱਟ ਭਰਿਆ ਹੋਇਆ ਸੀ ਮੈਂ ਦੋ ਮਿਸਾਲਾਂ ਆਪਣੀਆਂ ਅੱਖਾਂ ਸਾਹਮਣੇ ਵੇਖੀਆਂ। ਮੇਰੇ ਨਾਨਕਿਆਂ ਦਾ ਇਕ ਹਿੰਦੂ ਪਰਵਾਰ 47 ਦੀ ਵੰਡ ਸਮੇਂ ਸਾਡੇ ਪਿੰਡ ਆ ਕੇ ਪੱਕੇ ਤੌਰ ਤੇ ਵੱਸ ਗਿਆ। ਮਾਰ ਸਾੜ ਸਮੇਂ ਕਈ ਹਿੰਦੂ ਪਰਵਾਰ ਪੰਜਾਬ ਵਿਚੋਂ ਦੂਸਰੇ ਰਾਜਾਂ ਵਿਚ ਚਲੇ ਗਏ ਉਹ ਪਰਿਵਾਰ ਵੀ ਵਿਗੜਦੇ ਹਾਲਤਾਂ ਕਾਰਨ ਮਾਨਸਿਕ ਤੌਰ ਤੇ ਪਰੇਸ਼ਾਨ ਸੀ। ਭਾਈ ਸਾਹਿਬ ਉਚੇਚੇ ਤੌਰ ਤੇ ਉਹਨਾਂ ਦੇ ਘਰ ਗਏ ਤੇ ਜਿਵੇਂ ਉਹ ਗੜ੍ਹਕ ਕੇ ਬੋਲਦੇ ਹੁੰਦੇ ਸਨ, ਉਸ ਪਰਿਵਾਰ ਦੇ ਮੁਖੀਏ ਪਿਆਰੇ ਲਾਲ ਨੂੰ ਕਹਿਣ ਲੱਗੇ "ਮਾਮਾ ਤੁਹਾਨੂੰ ਏਥੇ ਇਉਂ ਰੱਖਣਾ ਹੈ ਜਿਵੇਂ ਦੰਦਾਂ ਵਿਚ ਜੀਭ ਰਹਿੰਦੀ ਹੈ। ਮੇਰੇ ਹੁੰਦਿਆਂ ਤੁਹਾਡਾ ਕੋਈ ਵਾਲ ਨਹੀਂ ਵਿੰਗਾ ਕਰ ਸਕਦਾ। ਜੇ ਕੋਈ ਤੁਹਾਡੇ ਤੱਕ ਪਹੁੰਚੇਗਾ ਉਹ ਮੇਰੀ ਲੋਥ ਲੰਘ ਕੇ ਪਹੁੰਚੇਗਾ ਅਤੇ ਉਹ ਪਰਿਵਾਰ ਅੱਜ ਵੀ ਉਥੇ ਆਪਣਿਆਂ ਵਾਂਗ ਵੱਸਦਾ ਹੈ।

ਕਿੰਨੀ ਜੁਰਅਤ ਸੀ ਉਸ ਮੇਰੇ ਗੋਰੇ ਚਿੱਟੇ ਛੋਟੇ ਵੀਰ ਵਿਚ। ਖੇਮਕਰਨ ਦੇ 4 ਆਦਮੀਆਂ ਨੂੰ ਪੁਲਿਸ ਚੁੱਕ ਕੇ ਕਿਤੇ ਝੂਠਾ ਕੇਸ ਪਾਉਣ ਲਈ ਲੈ ਗਈ। ਭਾਈ ਸਾਹਿਬ ਦੇ ਤਲਵੰਡੀ ਤੋਂ ਮੋਗੇ ਨੂੰ ਜਾਂਦਿਆਂ ਕੁਦਰਤੀ ਉਹ ਪੁਲਿਸ ਦੀ ਜੀਪ ਰਸਤੇ ਵਿਚ ਭਾਈ ਸਾਹਿਬ ਨੂੰ ਮਿਲ ਪਈ। ਭਾਈ ਸਾਹਿਬ ਨੇ ਆਦਮੀਆਂ ਨੂੰ ਪਹਿਚਾਣ ਲਿਆ ਅਤੇ ਜੀਪ ਪਿੱਛੇ ਨੂੰ ਮੋੜਕੇ ਪੁਲਿਸ ਵਾਲਿਆਂ ਨੂੰ ਰੋਕ ਲਿਆ ਅਤੇ ਗੜ੍ਹਕ ਕੇ ਕਹਿਣ ਲੱਗੇ, "ਬੰਦੇ ਦੇ ਪੁੱਤ ਬਣਕੇ ਜਿਥੋਂ ਲੈ ਕੇ ਆਏ ਹੋ ਉਥੇ ਛੱਡ ਕੇ ਆਉ ਨਹੀਂ ਤੇ ਮੈਂ ਤੁਹਾਡਾ ਇਕ ਜੀਅ ਨਹੀਂ ਛੱਡਣਾ।" ਉਹ ਕਹਿਣ

ਲੱਗੇ ਤੁਸੀਂ ਹੁਣੇ ਨਾਲ ਲੈ ਜਾਉ। ਭਾਈ ਸਾਹਿਬ ਕਹਿੰਦੇ "ਨਹੀਂ, ਜਦੋਂ ਇਹ ਪਿੰਡ ਜਾ ਕੇ ਮੈਨੂੰ ਫੋਨ ਕਰਨਗੇ ਤਾਂ ਮੈਂ ਤੁਹਾਨੂੰ ਮੁਆਫ਼ ਕਰਾਂਗਾ, ਨਹੀਂ ਤੇ ਤੁਹਾਡੀ ਖੈਰ ਨਹੀਂ।" ਪੁਲਿਸ ਵਾਲੇ ਉਹਨਾਂ ਨੂੰ ਘਰ ਛੱਡ ਕੇ ਆਏ ਤੇ ਉਹਨਾਂ ਭਾਈ ਸਾਹਿਬ ਨੂੰ ਫੋਨ ਕੀਤਾ ਕਿ ਅਸੀਂ ਘਰ ਆ ਗਏ ਹਾਂ।

ਉਹ ਏਨੇ ਹਾਜ਼ਰ ਜਵਾਬ ਸਨ ਇਕ ਵੇਰ ਮਹਿਤੇ ਸਵੀਡਨ ਦੀ ਪੱਤਰਕਾਰ ਬੀਬੀ ਨੇ ਭਾਈ ਸਾਹਿਬ ਨੂੰ ਪੁੱਛਿਆ ਕਿ ਲਾਲੇ ਜਗਤ ਨਰਾਇਣ ਨੂੰ ਕਿਸ ਨੇ ਮਾਰਿਆ ਹੈ? ਭਾਈ ਸਾਹਿਬ ਨੇ ਜਵਾਬ ਦਿੱਤਾ, "ਲਾਲੇ ਨੂੰ ਪੁੱਛੋ ਉਹਨੂੰ ਕਿਸਨੇ ਮਾਰਿਆ।" ਉਹ ਪੱਤਰਕਾਰ ਬੀਬੀ ਹੱਸ ਪਈ, ਲਾ ਜਵਾਬ ਹੋ ਗਈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਭਾਈ ਸਾਹਿਬ ਜੀ ਦੀ ਸੁਪਤਨੀ ਬੀਬੀ ਹਰਮੀਤ ਕੌਰ, ਭੁਝੰਗੀ ਤਰਲੋਚਨ ਸਿੰਘ ਨੇ ਆਪਣੇ ਸ਼ਹੀਦ ਬਾਪ ਦੇ ਖ਼ੂਨ ਨੂੰ ਵੇਚਿਆ ਨਹੀਂ। ਮੇਰੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਅਕਾਲ ਪੁਰਖ ਇਸ ਪਰਵਾਰ ਤੇ ਕ੍ਰਿਪਾ ਭਰਿਆ ਹੱਥ ਰੱਖੇ, ਸਬਰ ਤੇ ਸ਼ੁਕਰ ਇਸ ਪਰਵਾਰ ਦੀ ਵਿਸ਼ੇਸ਼ ਪਛਾਣ ਰਹੇ ਮਹਾਨ ਸੰਤ ਪੁਰਸ਼ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਜੀ ਦੇ ਮਹਾਨ ਪੁੱਤਰ ਭਾਈ ਅਮਰੀਕ ਸਿੰਘ ਸ਼ਹੀਦ ਬਾਰੇ ਕੀ ਲਿਖਾਂ? ਕੀ ਕਹਾਂ? ਬੱਸ ਏਨ੍ਹਾਂ ਕਹਿੰਦਿਆਂ ਉਸ ਸ਼ਹੀਦ ਨੂੰ ਪ੍ਰਣਾਮ ਕਰਦਾ ਹਾਂ ਜਿਨ੍ਹਾਂ ਆਪਣਿਆਂ ਵਡੇਰਿਆਂ ਦੀ ਰੀਤੀ ਨੂੰ ਨਿਭਾਉਂਦਿਆਂ ਜ਼ਿੰਦਗੀ ਨੂੰ ਵਾਰਿਆ, ਇਹ ਮੈਂ ਤਾਂ ਕਿਹਾ ਕਿ ਸਾਡੇ ਲਾਗੇ ਖੇਮਕਰਨ ਦੇ ਭਾਈ ਮੋਹਰੀ ਜੀ ਨੇ ਅੰਮ੍ਰਿਤਸਰ ਦੇ ਪਹਿਲੇ ਜੰਗ ਵਿਚ ਛੇਵੇਂ ਪਾਤਸ਼ਾਹ ਨੂੰ ਤੋਪ ਭੇਟ ਕੀਤੀ ਇਸ ਨੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸਿਰ ਭੇਟ ਕਰਦਿਆਂ ਕਿਹਾ "ਤੇਰਾ ਤੁਝ ਕੋ ਸਉਪਕੇ ਕਿਆ ਲਾਗੇ ਮੇਰਾ" ਅੰਤ ਵਿਚ ਉਸ ਸ਼ਹੀਦ ਆਪਣੇ ਛੋਟੇ ਵੀਰ ਨੂੰ ਵੀ ਨਮਸਕਾਰ ਅਤੇ ਉਹਦੇ ਸਾਥੀਆਂ ਨੂੰ ਵੀ ਨਮਸਕਾਰ, ਜਿਨ੍ਹਾਂ ਯਾਰੀ ਤੋੜ ਨਿਭਾਅ ਦਿੱਤੀ।

ਗੁਰੂ ਪੰਥ ਦਾ ਦਾਸ
ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ
ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ
ਅਤੇ ਕਥਾਵਾਚਕ
ਮੰਜੀ ਸਾਹਿਬ
ਅੰਮ੍ਰਿਤਸਰ

ਦੋ ਸ਼ਬਦ

ਸਿੱਖ ਵਿਚਾਰਧਾਰਾ ਇੱਕ ਵਿਲੱਖਣ, ਗੌਰਵਮਈ ਅਤੇ ਪਰੀ ਪੂਰਨ ਵਿਚਾਰਧਾਰਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਪ੍ਰਜ੍ਵਲਤ ਹੋਈ ਇਸ ਮਹਾਨ ਵਿਚਾਰਧਾਰਾ ਨੇ ਮਨੁੱਖੀ ਮਨਾਂ ਵਿੱਚੋਂ ਅਗਿਆਨਤਾ ਦੇ ਅੰਧਕਾਰ ਨੂੰ ਖਤਮ ਕਰਨਾ ਆਰੰਭ ਕਰ ਦਿੱਤਾ। ਅਗਿਆਨਤਾ ਦੇ ਹਨੇਰੇ ਦੇ ਛਟਣ ਨਾਲ ਲੋਕ ਮਨ ਅਪਣੇ ਹੱਕਾਂ ਲਈ ਸੁਚੇਤ ਹੋਣੇ ਸ਼ੁਰੂ ਹੋ ਗਏ। ਜਿਸ ਕਾਰਨ ਲੋਕ ਹੱਕਾਂ ਤੇ ਡਾਕਾ ਮਾਰਨ ਵਾਲੇ ਲੁਟੇਰੇ, ਜਿਨਾਂ ਵਿੱਚ ਸਮੇ ਦੇ ਅਖੌਤੀ ਰਾਜਨੀਤਕ ਅਤੇ ਅੰਧ ਵਿਸ਼ਵਾਸ਼ ਤੇ ਪਾਖੰਡ ਫੈਲਾਉਣ ਵਾਲੇ ਅਖੌਤੀ ਧਾਰਮਿਕ ਆਗੂ ਵੀ ਸ਼ਾਮਿਲ ਸਨ, ਇੱਕ-ਜੁੱਟ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸ ਮਹਾਨ ਮਾਨਵ ਹੱਕੀ ਵਿਚਾਰਧਾਰਾ ਦੇ ਵਿਰੋਧ ਵਿੱਚ ਡੱਟ ਕੇ ਖੜੋ ਗਏ। ਜਿਸ ਸਦਕਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਾਬਰ ਨੂੰ ਜਾਬਰ ਕਹਿਣ ਬਦਲੇ ਚੱਕੀਆਂ ਤੱਕ ਪੀਹਣੀਆਂ ਪਈਆਂ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀਆਂ ਤਵੀਆਂ ਤੇ ਬੈਠ ਕੇ ਸ਼ਹਾਦਤ ਦੇਣੀ ਪਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਹੋਣਾ ਪਿਆ। ਬਾਬੇ ਨਾਨਕ ਦੀ ਇਸ ਤੇਜਸਵੀ ਵਿਚਾਰਧਾਰਾ ਦੇ ਵਿਰੋਧ ਵਿੱਚ ਖੜੇ ਇਹਨਾਂ ਲੋਟੂਆਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਖਿਰ ਤਲਵਾਰ ਚੁੱਕਣੀ ਪਈ। ਇਉਂ ਸਿੱਖ ਕੌਮ ਵਿੱਚ ਜਾਬਰਾਂ ਦੇ ਵਿਰੋਧਾਂ ਕਾਰਨ ਕਿਰਤ ਕਰਨ, ਨਾਮ ਜਪਣ, ਵੰਡ ਕੇ ਛਕਣ ਦਾ ਸਿਧਾਂਤ ਦ੍ਰਿੜਾਉਣ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਰੱਖਣ ਵਾਲੇ ਸਿੱਖ ਫਲਸਫੇ ਦੇ ਸੂਰਜ ਨੂੰ ਪ੍ਰਚੰਡ ਰੱਖਣ ਲਈ ਸ਼ਹੀਦੀ ਪਰੰਪਰਾ ਦਾ ਆਗਾਜ਼ ਹੋਇਆ, ਤਾਂ ਕਿ ਮਨੁੱਖਤਾ ਅਣਖ ਤੇ ਇੱਜਤ ਦੀ ਜਿੰਦਗੀ ਜਿਉਂ ਸਕੇ ਅਤੇ ਅਪਣੇ ਹੱਕਾਂ ਪ੍ਰਤੀ ਸੁਚੇਤ ਹੋ ਸਕੇ।

ਸਿੱਖਾਂ ਦੇ 1947 ਦੀ ਵੰਡ ਦੇ ਜਖ਼ਮ ਅਜੇ ਸੁੱਕੇ ਨਹੀਂ ਸਨ ਕਿ ਬਹਾਦਰੀ, ਦ੍ਰਿੜਤਾ ਅਤੇ ਹੌਂਸਲੇ ਨਾਲ ਗੁਰੂ ਕ੍ਰਿਪਾ ਸਦਕਾ ਹਰ ਖੇਤਰ ਵਿੱਚ ਕਾਮਯਾਬੀ ਦੇ ਝੰਡੇ ਗੱਡਣ ਵਾਲੀ ਸਿੱਖ ਕੌਮ ਨੂੰ ਵੰਡ ਤੋਂ ਬਾਅਦ ਇਹਦੀ ਆਪਣੀ ਹੀ ਧਰਤੀ ਉੱਤੇ ਹੀਣ ਭਾਵਨਾ ਦਾ ਸ਼ਿਕਾਰ ਬਣਾਇਆ ਜਾਣ ਲੱਗਾ। ਦਿੱਲੀ ਦੀ ਹਕੂਮਤ ਨੇ ਨਾ ਸਿਰਫ ਆਪਣੇ ਵਾਅਦਿਆਂ ਤੋਂ ਮੁੱਕਰ ਕੇ ਸਿੱਖਾਂ ਨਾਲ ਦਗਾ ਕਮਾਇਆ ਬਲਕਿ ਇਸ

ਸ਼ਾਨਾਂ-ਮੱਤੀ ਵਿਚਾਰਧਾਰਾ ਨੂੰ ਕੁਚਲਣ ਲਈ ਆਪਣੀਆਂ ਏਜੰਸੀਆਂ ਰਾਹੀਂ ਕੋਸ਼ਿਸ਼ ਆਰੰਭ ਕਰ ਦਿੱਤੀ। ਬਹੁ ਗਿਣਤੀ ਭਾਈਚਾਰੇ ਨੂੰ ਖੁਸ਼ ਕਰਕੇ ਰਾਜ ਕਰਨ ਦੀ ਨੀਤੀ ਤਹਿਤ, ਸਰਬੱਤ ਦਾ ਭਲਾ ਮੰਗਣ ਵਾਲੀ ਤੇ ਮਨੁੱਖੀ ਹੱਕਾਂ ਦੀ ਗੱਲ ਕਰਨ ਵਾਲੀ ਸਿੱਖ ਕੌਮ ਦੇ ਹੱਕਾਂ ਨੂੰ ਇਸ ਦੀ ਆਪਣੀ ਜਨਮ ਭੂਮੀਂ, ਪੰਜਾਬ ਵਿੱਚ ਹੀ ਹੱਕਾਂ ਤੋਂ ਮਰਹੂਮ ਕਰਨ ਦੀਆਂ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ। ਪੰਜਾਬ ਦੇ ਪਾਣੀ ਖੋਹੇ ਗਏ, ਜੱਦੋ-ਜਹਿਦ ਕਰਕੇ ਲਏ ਪੰਜਾਬੀ ਸੂਬੇ ਵਿੱਚੋਂ ਸਾਜਿਸ਼ ਅਧੀਨ ਪੰਜਾਬੀ ਬੋਲਦੇ ਇਲਾਕੇ ਬਾਹਰ ਕੱਢ ਦਿੱਤੇ ਗਏ। ਸਿੱਖ ਕੌਮ ਨੂੰ ਉਜਾੜ ਕੇ ਬਣਾਈ ਰਾਜਧਾਨੀ ਚੰਡੀਗੜ੍ਹ ਤੋਂ ਪੰਜਾਬ ਦੇ ਦਾਅਵੇ ਦੀ ਫੂਕ ਕੱਢਣ ਲਈ ਵਿਉਂਤਬੰਦੀ ਕੀਤੀ ਗਈ। ਹੋਰ ਤਾਂ ਹੋਰ ਆਪਣੇ ਹੱਕਾਂ ਦੀ ਗੱਲ ਕਰਨ ਵਾਲੇ ਸਿੱਖਾਂ ਨੂੰ ਨਾਂ ਸਿਰਫ ਜਲੀਲ ਕੀਤਾ ਗਿਆ, ਬਲਕਿ ਕੁੱਟਿਆ ਮਾਰਿਆ ਵੀ ਗਿਆ ਤੇ ਵੱਖਵਾਦੀ, ਅੱਤਵਾਦੀ ਕਹਿ ਕੇ ਸੰਸਾਰ ਵਿੱਚ ਬਦਨਾਮ ਕਰਨ ਦੀ ਕੋਝੀਆਂ ਚਾਲਾਂ ਵੀ ਚੱਲੀਆਂ ਗਈਆਂ। ਦਿੱਲੀ ਦੀ ਸਰਕਾਰ ਨੇ ਸਿੱਖਾਂ ਨੂੰ ਗੁਰੂ ਗ੍ਰੰਥ ਤੇ ਗੁਰੂ ਪੰਥ ਤੋਂ ਵੱਖਰੇ ਕਰਨ ਲਈ ਪੰਜਾਬ ਦੀ ਧਰਤੀ ਤੇ ਡੇਰੇਵਾਦ ਦਾ ਤਾਣਾ-ਬਾਣਾ ਬੁਣਿਆ।

ਸਿੱਖਾਂ ਨੇ ਇਹਨਾਂ ਧੱਕੇਸ਼ਾਹੀਆਂ ਦੇ ਵਿਰੋਧ ਵਿੱਚ ਅਤੇ ਆਪਣੇ ਹੱਕਾਂ ਲਈ ਸ਼ਾਂਤਮਈ ਅੰਦੋਲਨਾਂ, ਮੋਰਚਿਆਂ ਤੇ ਧਰਨਿਆਂ ਰਾਹੀਂ ਸੰਘਰਸ਼ ਵਿੱਢ ਦਿੱਤਾ। ਸਰਕਾਰ ਨੇ ਸ਼ਾਂਤਮਈ ਢੰਗ ਨਾਲ ਆਪਣੇ ਹੱਕ ਮੰਗਣ ਵਾਲੇ ਸਿੱਖਾਂ ਨੂੰ ਜੇਲਾਂ ਵਿੱਚ ਬੰਦ ਕਰਨਾ ਆਰੰਭ ਕਰ ਦਿੱਤਾ। ਪਰ ਇਸ ਤੇ ਵੀ ਸਰਕਾਰ ਦੇ ਕੰਨਾਂ ਤੇ ਜੂੰ ਤੱਕ ਨਾ ਸਰਕੀ। ਇਸ ਸਭ ਦੇ ਬਾਵਜੂਦ ਜਦੋਂ ਦਿੱਲੀ ਨਾ ਜਾਗੀ ਤਾ ਮਜਬੂਰਨ ਸ੍ਰੀ ਗੁਰੂ ਗੋਬਿੰਦ ਜੀ ਦੇ ਮਹਾਂ ਵਾਕ

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰਿ ਦਸਤ ॥

ਅਨੁਸਾਰ (ਭਾਵ ਜਦੋਂ ਨੀਤੀ ਜੁਗਤੀ (ਦਲੀਲ, ਵਕੀਲ, ਅਪੀਲ) ਦੇ ਸਾਰੇ ਹੀਲੇ, ਚਾਰੇ ਅਸਫਲ ਹੋ ਜਾਣ, ਤਾਂ ਤੇਗ ਦੀ ਵਰਤੋਂ ਜਾਇਜ਼ ਹੈ।) ਸਿੰਘ ਸ਼ਸ਼ਤਰ ਧਾਰੀ ਹੋ ਗਏ। ਜਾਂ ਇਉਂ ਕਹਿਣਾ ਅਤਿ ਕਥਨੀ ਨਹੀਂ ਹੋਵੇਗਾ ਕਿ ਦਿੱਲੀ ਦੀ ਸਰਕਾਰ ਨੇ ਪੰਜਾਬ ਦੇ ਸਿੱਖ ਗੱਭਰੂਆਂ ਨੂੰ ਸ਼ਸ਼ਤਰ ਚੁੱਕਣ ਲਈ ਮਜਬੂਰ ਕੀਤਾ। ਆਪਣੇ ਹੱਕਾਂ ਦੀ ਰਾਖੀ ਲਈ ਚੱਲੇ ਇਸ ਹਥਿਆਰਬੰਦ ਘੋਲ ਨੂੰ ਕੁਚਲਣ ਦੀ ਆੜ ਲੈ ਕੇ ਸੱਤਾ ਦੇ ਨਸ਼ੇ ਵਿੱਚ ਭੂਤਰੀ ਹਕੂਮਤ ਨੇ ਜੂਨ 1984 ਵਿੱਚ ਸਿੱਖ ਕੌਮ ਦੇ ਮਹਾਨ ਤੇ ਪਵਿੱਤਰ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਫੌਜੀ ਹਮਲਾ ਕੀਤਾ। ਇਸ ਹਮਲੇ ਦੌਰਾਨ, ਇਸ ਹਮਲੇ ਤੋਂ ਪਹਿਲਾਂ ਤੇ ਬਆਦ ਅਨੇਕਾਂ ਸਿੰਘਾਂ ਤੇ ਸਿੰਘਣੀਆਂ ਨੇ ਸ਼ਹਾਦਤਾਂ ਦੇ ਜਾਮ ਪੀ ਕੇ ਆਪਣੀ ਸ਼ਾਨਾਂ-

ਮੱਤੀ ਰਵਾਇਤ ਨੂੰ ਕਾਇਮ ਰੱਖਿਆ। ਇਤਿਹਾਸ ਅੰਦਰ ਇਸ ਦੌਰ ਵਿੱਚ ਸ਼ਹੀਦ ਹੋਣ ਵਾਲੇ ਸਿੰਘਾਂ, ਸਿੰਘਣੀਆਂ ਦੇ ਜੀਵਨ ਬਿਰਤਾਂਤ ਬਾਰੇ ਸਿੱਖ ਵਿਦਵਾਨਾਂ ਵੱਲੋਂ ਜਿੰਨਾ ਲਿਖਿਆ ਜਾਣਾ ਬਣਦਾ ਸੀ, ਸ਼ਾਇਦ ਓਨਾ ਲਿਖਿਆ ਨਹੀਂ ਗਿਆ। ਕਿਉਂਕਿ ਇਤਿਹਾਸ ਤੋ ਹੀ ਪੀੜ੍ਹੀਆਂ

"ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨ"

ਦੇ ਮਹਾਂਵਾਕ ਅਨੁਸਾਰ ਸੇਧ ਲੈਂਦੀਆਂ ਹਨ ਅਤੇ ਅਗਾਂਹ ਸੁਨਿਹਰੀ ਇਤਿਹਾਸ ਸਿਰਜਦੀਆਂ ਹਨ।

ਜਿੱਥੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਨੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਵਜੋਂ ਸਿੱਖ ਸੰਘਰਸ਼ ਦੀ ਲਹਿਰ ਚਲਾਈ ਉੱਥੇ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਨੇ ਵੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁਖੀ ਦੇ ਨਾਲ ਨਾਲ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਹੋਣਹਾਰ ਸਪੁੱਤਰ ਵਜੋਂ ਵੀ ਪੂਰੀ ਤਨ-ਦੇਹੀ ਨਾਲ ਇਸ ਲਹਿਰ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਪੂਰਾ ਪੂਰਾ ਹਿੱਸਾ ਪਾਇਆ। ਭਾਈ ਸਾਹਿਬ ਦੀ ਸਹਾਦਤ, ਸਹੀਦਾਂ ਦੀ ਸੰਖਲਾ ਵਿੱਚ ਇੱਕ ਮੁੱਖ ਸ਼ਹਾਦਤ ਹੈ। ਬਚਪਨ ਤੋਂ ਹੀ ਮਿਹਨਤੀ ਅਤੇ ਅਣਖੀ ਸੁਭਾਅ ਦੇ ਮਾਲਕ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਖਸ਼ੀਅਤ ਨੂੰ ਨਿਖਾਰਨ ਅਤੇ ਸਵਾਰਨ ਵਿੱਚ ਦਮਦਮੀ ਟਕਸਾਲ ਦੇ 12ਵੇਂ ਮੁਖੀ ਮਹਾਨ ਬ੍ਰਹਮਗਿਆਨੀ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ, ਇਹਨਾਂ ਦੇ ਪਿਤਾ ਜੀ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਅਤੇ ਇਹਨਾਂ ਦੇ ਦਾਦਾ ਜੀ ਬਾਬਾ ਝੰਡਾ ਸਿੰਘ ਜੀ ਦਾ ਬਹੁਤ ਯੋਗਦਾਨ ਰਿਹਾ ਹੈ। ਸਿੱਖੀ ਦੀ ਰੰਗਤ ਇਹਨਾਂ ਦੇ ਜੁਝਾਰੂ ਸੁਭਾਅ ਤੋਂ ਹੀ ਪ੍ਰਤੱਖ ਹੈ। ਕੌਮ ਲਈ ਕੁਝ ਕਰ ਗੁਜਰਨ ਦਾ ਚਾਅ ਇਹਨਾਂ ਦੇ ਅੰਦਰ ਸਾਗਰ ਦੀਆ ਲਹਿਰਾਂ ਵਾਂਗ ਉਛਾਲੇ ਮਾਰਦਾ ਸੀ। ਭਾਈ ਅਮਰੀਕ ਸਿੰਘ ਜੀ ਦਾ ਪੰਥ ਦੀਆਂ ਮੋਹਰੀ ਸਫਾਂ ਦੇ ਆਗੂ ਬਣਨਾ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਬੈਨਰ ਹੇਠ ਨੌਜਵਾਨਾਂ ਨੂੰ ਕੌਮੀ ਹੱਕਾਂ ਪ੍ਰਤੀ ਜਾਗਰੂਕ ਕਰਨਾ ਇਹ ਸਾਬਤ ਕਰਦਾ ਹੈ ਕਿ ਆਪ ਦੀ ਸਖਸ਼ੀਅਤ ਮਹਾਂ ਪੁਰਖਾਂ ਦੀ ਸੰਗਤ ਵਿੱਚ ਰਹਿਣ ਕਾਰਨ ਭਜਨ, ਸਿਮਰਨ ਤੇ ਬਾਣੀ ਦੇ ਰੰਗ ਵਿੱਚ ਰੰਗੀ ਹੋਈ ਸੀ। ਭਾਈ ਅਮਰੀਕ ਸਿੰਘ ਜੀ ਦਾ ਨਾਂ ਸੁਣ ਕੇ ਜਿੱਥੇ ਸਨੇਹੀਆਂ ਦੇ ਹਿਰਦੇ ਇੱਕ ਅਨੂਠੇ ਸਕੂਨ ਨਾਲ ਭਰਦੇ ਸਨ, ਉਥੇ ਵਕਤ ਦੀ ਹਕੂਮਤ ਨੂੰ ਨਾਮ ਸੁਣ ਕੇ ਕਾਂਬੇ ਛਿੜ ਜਾਂਦੇ ਸਨ। ਅੱਜ ਦੀ ਪਤਿਤ ਤੇ ਨਸ਼ਿਆਂ ਵਿੱਚ ਗਲਤਾਨ ਨੌਜਵਾਨੀ ਲਈ ਉੱਘੇ ਸੂਰਬੀਰ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਦਾ ਜੀਵਨ ਇੱਕ ਮਹਾਨ ਪੂਰਨੇ ਦਾ ਕੰਮ ਕਰੇਗਾ ਤੇ ਖਾਸ ਤੌਰ

ਤੇ ਸਿੱਖ ਨੌਜਵਾਨਾਂ ਨੂੰ ਸੁਚੱਜੀ ਜਿੰਦਗੀ ਜਿਉਣ ਲਈ ਸੇਧ ਬਖਸ਼ੇਗਾ। ਸ੍ਰੀ ਅਕਾਲ ਤਖਤ ਸਾਹਿਬ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਲਈ ਮਰ ਮਿਟਣ ਦਾ ਜਜ਼ਬਾ ਪੈਦਾ ਕਰੇਗਾ। ਕੌਮ ਲਈ ਭਾਈ ਅਮਰੀਕ ਸਿੰਘ ਜੀ ਦੀ ਕੁਰਬਾਨੀ ਭਵਿੱਖ ਦੇ ਕੌਮੀ ਮਰਜੀਵੜਿਆਂ ਲਈ ਇੱਕ ਮਿਸਾਲ ਹੋਵਗੀ। ਭਾਈ ਸਾਹਿਬ ਜੀ ਦੀ ਸਪੁੱਤਰੀ ਬੀਬਾ ਸਤਵੰਤ ਕੌਰ ਜੀ ਦਾ ਭਾਈ ਸਾਹਿਬ ਦਾ ਜੀਵਨ ਬਿਰਤਾਂਤ ਲਿਖਣ ਦਾ ਇਹ ਉਪਰਾਲਾ ਕੌਮੀ ਪਰਵਾਨਿਆਂ ਲਈ ਉਪਕਾਰ ਹੋਵੇਗਾ।

ਗੁਰੂ ਪੰਥ ਦਾ ਦਾਸ
ਭਾਈ ਹਰਪ੍ਰੀਤ ਸਿੰਘ
ਹੈੱਡ-ਗ੍ਰੰਥੀ, ਸ੍ਰੀ ਦਰਬਾਰ ਸਾਹਿਬ,
ਸ੍ਰੀ ਮੁਕਤਸਰ ਸਾਹਿਬ।

ਮਹਾਨ ਉਪਰਾਲਾ

ਸਾਕਾ ਨੀਲਾ ਤਾਰਾ ਦੀ ਸਿਲਵਰ ਜੁਬਲੀ ਤੇ ਬੀਬੀ ਸਤਵੰਤ ਕੌਰ ਜੀ ਨੇ ਆਪਣੇ ਪਿਤਾ ਜੀ 'ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ', ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਛੋਟੇ ਜਿਹੇ ਪਰ ਇਤਿਹਾਸ ਬਣ ਚੁੱਕੇ ਜੀਵਨ ਬਾਰੇ ਜਾਣਕਾਰੀ ਦੇਣ ਵਾਲੀ ਕਿਤਾਬ ਲਿਖਣ ਦਾ ਮਹਾਨ ਉਪਰਾਲਾ ਕੀਤਾ ਹੈ।

ਉਹਨਾਂ ਵਾਸਤੇ ਇਹ ਕਾਰਜ ਬਹੁਤ ਹੀ ਕਠਿਨ ਸੀ ਕਿਉਂਕਿ ਉਸ ਸਮੇਂ ਬੀਬੀ ਜੀ ਬਹੁਤ ਛੋਟੀ ਉਮਰ ਦੇ ਸਨ। ਭਾਈ ਅਮਰੀਕ ਸਿੰਘ ਜੀ ਬਾਰੇ ਵੱਖ-ਵੱਖ ਸ੍ਰੋਤਾਂ ਤੋਂ ਜਾਣਕਾਰੀ ਇਕੱਤਰ ਕਰਕੇ ਇਸ ਕਾਰਜ ਨੂੰ ਸਿਰੇ ਚਾੜ੍ਹਨਾ ਅਤਿ ਦਰਜੇ ਦਾ ਮੁਸ਼ਕਿਲ ਕੰਮ ਸੀ ਪਰ ਫਿਰ ਵੀ ਬੀਬੀ ਜੀ ਨੇ ਇਹ ਸਭ ਕਰਨ ਦੀ ਹਿੰਮਤ ਕੀਤੀ। ਬੀਬੀ ਸਤਵੰਤ ਕੌਰ ਜੀ ਬੜੇ ਨਿਮਰ, ਹਸਮੁੱਖ, ਇਮਾਨਦਾਰ, ਦ੍ਰਿੜ ਇਰਾਦੇ ਅਤੇ ਦਇਆ ਵਰਗੇ ਗੁਣਾਂ ਦੇ ਧਾਰਨੀ ਹਨ। ਮੈਨੂੰ ਸੁਭਾਗ ਪ੍ਰਾਪਤ ਹੈ ਕਿ ਜਿਸ ਸੰਸਥਾ ਵਿੱਚ ਉਹ ਬਤੌਰ ਅਧਿਆਪਕਾ ਕੰਮ ਕਰ ਰਹੇ ਹਨ ਮੈਂ ਉਸ ਸੰਸਥਾ ਵਿੱਚ ਬਤੌਰ ਕਾਰਜਕਾਰੀ ਸਕੂਲ ਮੁਖੀ ਹਾਂ ਅਤੇ ਉਹਨਾਂ ਦੀ ਵੱਡਮੁੱਲੀ ਜਾਣਕਾਰੀ ਦਾ ਲਾਭ ਉਠਾਉਂਦਾ ਹਾਂ।

ਮੈ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਉਹਨਾਂ ਨੂੰ ਇਸ ਮਹਾਨ ਕਾਰਜ ਵਿੱਚ ਸਫ਼ਲਤਾ ਬਖਸ਼ਿਸ਼ ਕਰੇ ਤਾਂ ਕਿ ਸੰਸਾਰ ਦੇ ਸਭ ਲੋਕ ਉਹਨਾਂ ਦੇ ਪਿਤਾ ਜੀ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਵਿਚਾਰਧਾਰਾ, ਲਾਸਾਨੀ ਕੁਰਬਾਨੀ ਅਤੇ ਉਹਨਾਂ ਵੱਲੋਂ ਸਿੱਖ ਪੰਥ ਵਾਸਤੇ ਕੀਤੇ ਮਹਾਨ ਕਾਰਜਾਂ ਬਾਰੇ ਸਹੀ ਰੂਪ ਵਿੱਚ ਜਾਣਕਾਰੀ ਪ੍ਰਾਪਤ ਕਰ ਸਕਣ।

ਸਰਬੱਤ ਦਾ ਭਲਾ ਅਭਿਲਾਸ਼ੀ

ਸਰਦੂਲ ਸਿੰਘ
ਕਾਰਜਕਾਰੀ ਪ੍ਰਿੰਸੀਪਲ
ਗੁਰੂ ਤੇਗ ਬਹਾਦੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ
ਬਾਬਾ ਬਕਾਲਾ (ਜ਼ਿਲ੍ਹਾ ਅੰਮ੍ਰਿਤਸਰ)

ਮੇਰੇ ਜਜ਼ਬਾਤ

ਕਾਰ ਕਮਾਵਾ ਜੇ ਤੁਧੁ ਭਾਵਾਂ
ਜਾ ਤੂੰ ਦੇਹਿ ਦਇਆਲਾ ਜੀਉ ।।

(ਅੰਗ ੧੦੬)

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ।।
ਮੈਂ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ।।

(ਅੰਗ ੧੪੨੯)

ਖ਼ਾਲਸਾ ਪੰਥ ਦੇ ਕੋਹਿਨੂਰ ਸ਼ਹੀਦ, ਨਿਰਭੈ ਪਦਵੀ ਨੂੰ ਪ੍ਰਾਪਤ ਕਰਨ ਵਾਲੇ ਸਿਰਲੱਥ ਯੋਧੇ, ਅਣਖੀ ਸੂਰਮੇ, ਅਮਰ ਸ਼ਹੀਦ, ਬਾਣੇ ਤੇ ਬਾਣੀ ਦੇ ਰਸੀਏ, ਮੌਤ ਨੂੰ ਸਾਹਮਣੇ ਵੇਖ ਕੇ ਬੀਰ ਰਸੀ ਵਾਰਾਂ ਦਾ ਗਾਇਨ ਕਰਨ ਵਾਲੇ, ਆਪਣਾ ਤਨ-ਮਨ-ਧਨ ਕੌਮ ਤੋਂ ਨਿਛਾਵਰ ਕਰਨ ਵਾਲੇ, ਤੱਤ-ਬੇਤੇ, ਤਿਆਰ-ਬਰ-ਤਿਆਰ, ਚੜ੍ਹਦੀ ਕਲਾ ਵਾਲਾ ਬੇਦਾਗ ਜੀਵਨ ਜਿਉਣ ਵਾਲੇ, ਇਤਿਹਾਸ ਦੇ ਉਸਾਰੂ ਸਿਰਜਕ, ਸਾਡੇ ਸਾਰਿਆਂ ਦੇ ਸਾਂਝੇ, ਸਿੱਖ ਕੌਮ ਦੇ ਰੂਹ-ਏ-ਰਵਾਂ, ਬਹੁਤ ਹੀ ਸਤਿਕਾਰਯੋਗ 'ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਖਾਲਸਾ' ਦਾ ਜੀਵਨ ਬਿਰਤਾਂਤ ਮੇਰੇ ਵਰਗੀ ਤੁੱਛ ਬੁੱਧੀ ਵਾਲੇ ਭੁੱਲਣਹਾਰ ਜੀਵ ਲਈ ਅਤਿਅੰਤ ਹੀ ਕਠਿਨ ਅਤੇ ਅਸੰਭਵ ਮਾਤਰ ਕਾਰਜ ਹੈ। ਕੁਝ ਪੂਰਬਲੇ ਜਨਮਾਂ ਵਿੱਚ ਬੀਜੇ ਹੋਏ ਬੀਜ ਦਾ ਫਲ ਉਸ ਵਾਹਿਗੁਰੂ ਨੇ ਜਰੂਰ ਹੀ ਇਸ ਜਨਮ ਵਿੱਚ ਬਖਸ਼ਿਸ਼ ਕੀਤਾ ਕਿ ਉਹਨਾਂ ਦੀ ਸਪੁੱਤਰੀ ਹੋਣ ਦਾ ਮਾਣ ਪ੍ਰਾਪਤ ਹੋਇਆ।

ਪਿਤਾ ਜੀ ਦਾ ਜੀਵਨ ਸਾਡੇ ਲਈ ਇੱਕ ਸੇਧ, ਇੱਕ ਚਾਨਣ ਮੁਨਾਰਾ ਤੇ ਇੱਕ ਅਜਿਹੀ ਦਿਲ ਨੂੰ ਧੂਹ ਪਾਉਣ ਵਾਲੀ ਅਟੱਲ ਸੱਚਾਈ ਹੈ, ਜਿਸ ਨੂੰ ਯਾਦ ਕਰਦਿਆਂ ਮੇਰੇ ਲੂੰ-ਕੰਡੇ ਖੜੇ ਹੋ ਜਾਂਦੇ ਹਨ, ਦਿਲ ਭਾਵੁਕ ਹੋ ਜਾਂਦਾ ਹੈ ਤੇ ਫਿਰ ਅਤੀਤ ਦੀਆਂ ਕੁਝ ਅਭੁੱਲ ਯਾਦਾਂ ਦ੍ਰਿਸ਼ ਬਣ ਕੇ ਲਗਾਤਾਰ ਇੱਕ ਫਿਲਮ ਵਾਂਗ ਘੁੰਮ ਜਾਂਦੀਆਂ ਹਨ। ਬਹੁਤ ਹੀ ਤੀਬਰ ਇੱਛਾ ਤੇ ਤਮੰਨਾ ਸੀ ਇਸ ਗੱਲ ਦੀ ਕਿ ਉਹਨਾਂ ਦਾ ਜੀਵਨ ਬਿਰਤਾਂਤ ਸੰਗਤਾਂ ਦੇ ਸਨਮੁੱਖ ਰੱਖਿਆ ਜਾਵੇ। ਉਹਨਾਂ ਦੇ ਲੱਖਾਂ ਚਾਹੁਣ ਵਾਲਿਆਂ ਦੀ ਇਹ ਤੀਬਰ ਇੱਛਾ ਸੀ ਪਰ ਪਤਾ ਨਹੀਂ ਕਿਉਂ ਜਾਂ ਕਿਹੜੇ ਕਾਰਨਾਂ ਕਰਕੇ ਉਹਨਾ

ਦਾ ਜੀਵਨ ਬਿਰਤਾਂਤ ਅੱਜ 1984 ਦੇ 25 ਸਾਲ ਬੀਤ ਜਾਣ ਤੱਕ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਅਸਮਰੱਥ ਰਹੇ ਹਾਂ।

'ਸਿੱਖ ਕੌਮ ਇਤਿਹਾਸ ਬਣਾਉਣਾ ਜਾਣਦੀ ਹੈ ਪਰ ਉਸਨੂੰ ਸੰਭਾਲ ਕੇ ਰੱਖਣਾ ਉਸਦੇ ਵੱਸ ਦੀ ਗੱਲ ਨਹੀਂ ਹੈ।' ਸ਼ਾਇਦ ਕੁਝ ਹੱਦ ਤੱਕ ਇਹ ਸਤਰਾਂ ਸਾਡੇ ਤੇ ਢੁੱਕਦੀਆਂ ਵੀ ਹਨ। ਕੀ ਸਾਡੀ ਅਖੌਤੀ ਪੰਥਕ ਸੋਚ ਘੱਲੂਘਾਰੇ ਦਿਵਸ ਤੱਕ ਹੀ ਸੀਮਿਤ ਹੈ ? ਜਾਂ ਕੀ ਸਾਡੀਆਂ ਆਉਣ ਵਾਲੀਆਂ ਚੇਤੰਨ ਨਸਲਾਂ ਸਾਨੂੰ ਇਸ ਸਬੰਧੀ ਸਵਾਲ ਨਹੀਂ ਕਰਨਗੀਆਂ ? ਸ਼ਾਇਦ ਅਸੀਂ ਆਪਣੇ ਸ਼ਹੀਦਾਂ ਨੂੰ ਭੁੱਲਦੇ ਜਾ ਰਹੇ ਹਾਂ ? ਜਾਂ ਕਿਤੇ ਕੁਝ ਦਬਾਉਣ ਦੀ ਕੋਸ਼ਿਸ਼ ਤਾਂ ਨਹੀਂ ਕਰ ਰਹੇ ? ਇਸ ਸਵਾਲ ਦਾ ਜਵਾਬ ਮੇਰੇ ਜ਼ਿਹਨ ਵਿੱਚ ਨਹੀ ਹੈ।

ਸਾਡਾ ਵਿਰਸਾ ਸਾਡਾ ਗੌਰਵ ਹੈ, ਸਾਡੀ ਪਹਿਚਾਣ ਹੈ, ਸਾਡੀ ਵਿਲੱਖਣਤਾ ਹੈ, ਸਾਡਾ ਨਿਵੇਕਲਾਪਣ ਹੈ ਪਰ ਅਸੀਂ ਆਪਣੇ ਫਰਜ਼ਾਂ ਤੋਂ ਘੋਸਲ ਮਾਰ ਰਹੇ ਹਾਂ। ਕੀ ਸਾਨੂੰ ਕਿਸੇ ਹਲੂਣੇ ਦੀ ਜਰੂਰਤ ਹੈ ?

ਹਰ ਸਾਲ ਅਸੀਂ 6 ਜੂਨ 1984 ਦੇ ਮਿਹਣੇ ਮਾਰ-ਮਾਰ ਕੇ, ਪੰਜਾਬੀਆਂ ਦੇ ਜਜ਼ਬਾਤਾਂ ਨੂੰ ਕੁਰੇਦ ਕੇ ਤੇ ਭਾਵੁਕਤਾ ਦੇ ਸ਼ਸ਼ੋਪੰਜ ਵਿੱਚ ਪਾ ਕੇ ਉਹਨਾ ਤੋਂ ਹਮਦਰਦੀ ਪ੍ਰਾਪਤ ਕਰਦੇ ਹਾਂ ਪਰ ਕੀ ਅਸੀ ਕਦੇ ਵੀ 1984 ਦੇ ਫੌਜੀ ਹਮਲੇ ਆਪ੍ਰੇਸ਼ਨ ਬਲਿਊ ਸਟਾਰ ਦੇ ਪਿੱਛੇ ਅਸਲ ਕਾਰਨਾਂ ਬਾਰੇ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਹੈ ? ਅਸੀਂ ਕਦੇ ਵੀ ਉਹਨਾਂ ਮਾਵਾਂ ਦਾ ਦੁੱਖ-ਦਰਦ ਸਾਂਝਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, ਜਿਨ੍ਹਾਂ ਦੇ ਜਿਗਰ ਦੇ ਟੁੱਕੜ ਪੁੱਤਰ 1984 ਨੂੰ ਜ਼ਾਲਮ ਹਕੂਮਤ ਦੀ ਬਲੀ ਚੜ੍ਹ ਗਏ। ਨਾ ਕਦੇ ਉਹਨਾਂ ਅਨਾਥ ਮਾਸੂਮ ਬੱਚਿਆਂ ਦੀਆਂ ਅੱਖਾਂ ਵਿੱਚੋਂ ਵਗਦੇ ਹੋਏ ਹੰਝੂਆਂ ਨੂੰ ਪੂੰਝਣ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਦੇ ਪਾਲਣਹਾਰੇ ਕਿਧਰੇ ਦੂਰ ਬਹੁਤ ਦੂਰ ਚਲੇ ਗਏ।

ਮਹਾਨ ਸ਼ਹੀਦ ਦੇ ਵਿਚਾਰਾਂ, ਮੰਤਵਾਂ, ਲਾਸਾਨੀ ਕੁਰਬਾਨੀਆਂ ਨੂੰ ਕਦੇ ਵੀ ਅਸੀਂ ਆਪਣੇ ਏਜੰਡੇ ਵਿੱਚ ਸ਼ਾਮਿਲ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਅਜਿਹੇ ਲਾਸਾਨੀ ਇਤਿਹਾਸ ਨੂੰ ਅੱਖੋਂ ਪਰੋਖੇ ਕਰਕੇ ਅਸੀਂ ਪਤਾ ਨਹੀਂ ਕੀ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਆਖਿਰ ਸਾਡਾ ਇਤਿਹਾਸ ਸੰਭਾਲੇਗਾ ਕੌਣ ? ਸ਼ਾਇਦ ਸਾਡੇ ਇਤਿਹਾਸ ਦਾ ਬਹੁਤ ਸਾਰਾ ਹਿੱਸਾ ਸ਼ਹੀਦ ਹੋਣ ਵਾਲਿਆਂ ਦੇ ਮਨਾਂ ਤੇ ਉਕਰਿਆ ਹੋਇਆ ਸੀ ਪਰ ਵਕਤ ਨਾਲ ਇਹ ਇਤਿਹਾਸ ਨਿਸ਼ਚੈ ਹੀ ਸਿੱਖ ਸੰਗਤ ਦੇ ਸਾਹਮਣੇ ਆਵੇਗਾ।

ਸਿੱਖੀ ਖੂਨ ਡੁੱਲ੍ਹਣ ਵਾਸਤੇ ਹਮੇਸ਼ਾ ਤੱਤਪਰ ਰਿਹਾ ਹੈ। ਜਦੋਂ-ਜਦੋਂ ਵੀ ਸਿੰਘਾਂ ਦਾ ਖੂਨ ਇਸ ਧਰਤੀ ਤੇ ਡੁੱਲ੍ਹਿਆ, ਸਿੱਖ ਕੌਮ ਪਹਿਲਾਂ ਨਾਲੋਂ ਵੀ ਵਧੇਰੇ ਸ਼ਕਤੀਸ਼ਾਲੀ ਕੌਮ ਵਜੋਂ ਉੱਭਰ ਕੇ ਸਾਹਮਣੇ ਆਈ। ਜੇਕਰ ਇੰਦਰਾ ਗਾਂਧੀ ਇਹ ਸਮਝਦੀ ਸੀ ਕਿ

ਨਿਰਸੰਦੇਹ ਉਸ ਵਕਤ ਚਮਕੌਰ ਦੀ ਗੜ੍ਹੀ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਪਰ ਇਸ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਸ਼੍ਰੀ ਅਕਾਲ ਤਖ਼ਤ ਸਾਹਿਬ ਦੀਆਂ ਕੰਧਾਂ ਵਿੱਚੋਂ ਆਉਂਦੀਆਂ ਇਹਨਾਂ ਆਵਾਜਾਂ ਨੂੰ ਸੁਣਨ ਅਤੇ ਸਮਝਣ ਦੇ ਕਾਬਿਲ ਬਣਾਉਣਾ ਪਵੇਗਾ।

ਅੰਤ ਵਿੱਚ ਇਹਨਾਂ ਹੀ ਸਤਰਾਂ ਨੂੰ ਸਮੇਟਦੀ ਹੋਈ ਏਨਾ ਜਰੂਰ ਕਹਿਣਾ ਚਾਹਾਂਗੀ ਕਿ ਗੁਰਬਾਣੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਸਰਾ ਲੈਣ ਵਾਲੇ, ਦ੍ਰਿੜ ਨਿਸ਼ਚੈ ਵਾਲੇ , ਪੰਥ ਦੇ ਕੋਹਿਨੂਰ ਸ਼ਹੀਦ, ਮੋਹ ਮੁਕਤ, ਨਿਰਭੈ ਅਤੇ ਸਿਰਲੱਥ ਸ਼ਹੀਦ 'ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ' ਦਾ ਜੀਵਨ ਬਿਰਤਾਂਤ ਹੂ-ਬ-ਹੂ ਸੰਗਤਾਂ ਦੇ ਸਨਮੁੱਖ ਪੇਸ਼ ਕਰਨਾ ਮੇਰੇ ਵਰਗੀ ਤੁੱਛ ਬੁੱਧੀ ਦੇ ਵੱਸੋਂ ਬਾਹਰੀ ਗੱਲ ਹੈ ਕਿਉਂਕਿ ਨਾ ਮੈਂ ਕੋਈ ਵਿਦਵਾਨ ਹਾਂ ਤੇ ਨਾ ਹੀ ਕੋਈ ਲੇਖਿਕਾ। ਇਹ ਕਾਰਜ ਕੇਵਲ ਉਹਨਾਂ ਸਾਰਿਆਂ ਦੀ ਅੰਦਰਲੀ ਸਿੱਖੀ ਤੜਪ ਅਤੇ ਭਾਈ ਸਾਹਿਬ ਪ੍ਰਤੀ ਆਪਣੇ ਜਜ਼ਬਾਤਾਂ ਦਾ ਨਤੀਜਾ ਹੈ, ਜਿਹਨਾਂ ਨੇ ਮੈਨੂੰ ਹਰ ਵਕਤ, ਹਰ ਪਲ ਤੇ ਹਰ ਮੋੜ ਤੇ ਆਪਣੇ ਕੀਮਤੀ ਸੁਝਾਅ ਦੇ ਕੇ ਹਰ ਤਰ੍ਹਾਂ ਦੀ ਜਾਣਕਾਰੀ ਇਕੱਤਰ ਕਰਨ ਵਿੱਚ ਮੇਰੀ ਮੱਦਦ ਕੀਤੀ ਹੈ। ਇਹਨਾਂ ਸਾਰੇ ਸਹਿਯੋਗੀਆਂ ਵਿੱਚੋਂ ਸਭ ਤੋਂ ਪਹਿਲਾਂ ਉਹਨਾਂ ਸਾਰੀਆਂ ਸਤਿਕਾਰਯੋਗ ਸਖਸ਼ੀਅਤਾਂ ਦਾ ਕੋਟਾਨ-ਕੋਟਿ ਧੰਨਵਾਦ ਜਿਹੜੇ ਕਿ ਸਮੇਂ ਸਮੇਂ ਪਿਤਾ ਜੀ ਨਾਲ ਵਿਚਰਦੇ ਰਹੇ ਤੇ ਜਿਨ੍ਹਾਂ ਨੇ ਉਹਨਾਂ ਦਾ ਜੀਵਨ ਬੜਾ ਨੇੜਿਓਂ ਜਾਂਚਿਆ। ਉਹਨਾਂ ਸਭਨਾਂ ਪਾਸੋਂ ਜੋ ਕੁਝ ਵੀ ਜਾਣਕਾਰੀ ਪ੍ਰਾਪਤ ਹੋਈ ਉਹ ਆਪ ਸਭ ਦੇ ਸਨਮੁੱਖ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਹੱਥਲੀ ਛੋਟੀ ਜਿਹੀ ਕਿਤਾਬ ਦਾ ਦੂਜਾ ਭਾਗ (ਜੋ ਕਿ ਕੁਝ ਕਾਰਨਾਂ ਕਰਕੇ ਸੋਧਣ ਤੋਂ ਵਾਂਝਾ ਰਹਿ ਗਿਆ) ਜਲਦ ਹੀ ਆਪ ਸਭ ਦੇ ਸਨਮੁੱਖ ਪੇਸ਼ ਕੀਤਾ ਜਾਵੇਗਾ। ਭਾਈ ਸਾਹਿਬ ਦੇ ਜੀਵਨ ਨਾਲ ਸਬੰਧਿਤ ਬਹੁਤ ਸਾਰੇ ਅਜਿਹੇ ਤੱਥ, ਘਟਨਾਵਾਂ ਜਿਹੜੇ ਕਿ ਸਿੱਖ ਕੌਮ ਵਿੱਚ ਅਜੇ ਤੱਕ ਪੂਰੀ ਤਰ੍ਹਾਂ ਜਨਤਕ ਨਹੀਂ ਹੋ ਸਕੇ, ਉਹ ਸਭ ਦੂਜੇ ਭਾਗ ਵਿੱਚ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤੇ ਹੋਰ ਵਿਰਾਸਤੀ ਖਜਾਨਾ ਜੋ ਕਿ ਬੀਬੀ ਹਰਮੀਤ ਕੌਰ ਜੀ ਨੇ ਸੰਭਾਲਿਆ ਹੋਇਆ ਹੈ, ਉਹ ਵੀ ਵੱਧ ਤੋਂ ਵੱਧ ਸੰਗਤਾਂ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਜਿਵੇਂ ਕਿ ਮੈਂ ਇਹ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਸਾਰਾ ਮਟੀਰੀਅਲ ਭਾਈ ਸਾਹਿਬ ਦੀ ਸਖਸ਼ੀਅਤ ਨੂੰ ਸਮੁੱਚੇ ਰੂਪ ਵਿੱਚ ਸਾਹਮਣੇ ਲਿਆਉਣ ਲਈ ਨਾਕਾਫ਼ੀ ਅਤੇ ਸਿਰਫ ਕਿਨਕਾ ਮਾਤਰ ਹੀ ਹੈ ਪਰ ਆਪਣੀ ਛੋਟੀ ਬੁੱਧੀ ਅਨੁਸਾਰ ਇਸ ਨਿਮਾਣੀ ਜਿਹੀ ਕੋਸ਼ਿਸ਼ ਰਾਹੀਂ ਕੇਵਲ ਉਹਨਾ ਵਿਦਵਾਨਾਂ,

ਇਤਿਹਾਸਕਾਰਾਂ ਤੇ ਸਾਡੀ ਕੌਮ ਦੇ ਪੈਰੋਕਾਰਾਂ, ਆਗੂਆਂ ਨੂੰ ਇਹ ਯਾਦ ਦਿਵਾਉਣ ਦਾ ਯਤਨ ਕੀਤਾ ਹੈ ਕਿ ਅਸੀ ਇਸ ਪੱਖੋਂ ਬਹੁਤ ਪੱਛੜ ਗਏ ਹਾਂ। ਅਜੇ ਵੀ ਮੌਕਾ ਹੈ, ਸਮਾਂ ਰਹਿੰਦੇ ਸੰਭਲ ਜਾਈਏ ਤੇ ਗਹਿਰੀ ਨੀਂਦ ਵਿੱਚੋਂ ਜਾਗ ਕੇ ਇਤਿਹਾਸ ਨੂੰ ਸਾਂਭ ਲਈਏ। ਕੇਵਲ ਮਹਾਨ ਲੇਖਕ ਹੀ ਭਾਈ ਸਾਹਿਬ ਦੀ ਮਹਾਨ ਜੀਵਨੀ ਨਾਲ ਇਨਸਾਫ ਕਰ ਸਕਦੇ ਹਨ। ਇਹ ਕਿਤਾਬ ਪੜ੍ਹਨ ਉਪਰੰਤ ਹੋ ਸਕਦਾ ਹੈ ਕਿ ਤੁਹਾਡੀ ਅੰਤਰ ਆਤਮਾ ਨੂੰ ਲੋੜੀਂਦੀ ਸੰਤੁਸ਼ਟੀ ਪ੍ਰਾਪਤ ਨਾ ਹੋਵੇ, ਇਸ ਲਈ ਵੀ ਖਿਮਾ ਦੀ ਜਾਚਕ ਹਾਂ।

ਮੇਰੀ ਇਹ ਨਿਮਾਣੀ ਜਿਹੀ ਕੋਸ਼ਿਸ਼ ਕਦੇ ਵੀ ਇਸ ਮੁਕਾਮ ਤੇ ਨਾ ਪਹੁੰਚਦੀ ਜੇਕਰ ਮੇਰੇ ਬਹੁਤ ਹੀ ਸਤਿਕਾਰਯੋਗ ਮਾਤਾ ਜੀ (ਬੀਬੀ ਹਰਮੀਤ ਕੌਰ ਜੀ) ਮੈਨੂੰ ਉਤਸਾਹਿਤ ਕਰਕੇ ਇਸ ਬਾਰੇ ਨਾ ਪ੍ਰੇਰਦੇ। ਉਹਨਾਂ ਦਾ ਜੀਵਨ ਮੇਰੇ ਲਈ ਪ੍ਰੇਰਣਾਸ੍ਰੋਤ ਅਤੇ ਇੱਕ ਮਿਸਾਲ ਹੈ ਜਿਹਨਾਂ ਨੇ ਹਮੇਸ਼ਾ ਬਿਖੜਾ ਪੈਂਡਾ ਤੈਅ ਕਰਦਿਆਂ ਸਾਡੀ ਉਂਗਲੀ ਘੁੱਟ ਕੇ ਫੜੀ ਰੱਖੀ। ਉਹਨਾਂ ਦਾ ਧੰਨਵਾਦ ਕਰਨ ਲਈ ਮੇਰੇ ਪਾਸ ਸ਼ਬਦਾਂ ਦੀ ਘਾਟ ਹੋ ਜਾਂਦੀ ਹੈ। ਪਿਤਾ ਜੀ ਦੇ ਸ਼ੁਰੂਆਤੀ ਜੀਵਨ ਬਾਰੇ ਹਰ ਗੱਲ ਨੂੰ ਬੜੇ ਜਜ਼ਬਾਤ ਨਾਲ ਸੁਣਾਉਣ ਵਾਲੇ ਮੇਰੀ ਦਾਦੀ ਜੀ (ਮਾਤਾ ਨਿਰੰਜਣ ਕੌਰ ਜੀ) ਨੇ 1984 ਦਾ ਸਾਰਾ ਸੰਤਾਪ ਆਪਣੇ ਉੱਤੇ ਹੰਢਾਇਆ ਹੈ। ਮੈਨੂੰ ਯਾਦ ਹੈ ਕਿ ਦਾਦੀ ਜੀ ਜਦੋਂ ਪਿਤਾ ਜੀ ਦੇ ਬਚਪਨ ਬਾਰੇ ਕੁਝ ਦੱਸਦੇ ਤਾਂ ਵਾਰ-ਵਾਰ ਆਪਣੀਆਂ ਅੱਖਾਂ ਵਿਚਲੇ ਹੰਝੂ ਪੂੰਝਦੇ ਹੋਏ ਅਤੀਤ ਵਿੱਚ ਗੁਆਚ ਜਾਂਦੇ। ਉਹਨਾਂ ਦੇ ਸਹਿਯੋਗ ਤੋਂ ਬਿਨਾਂ ਇਹ ਉਪਰਾਲਾ ਅਸੰਭਵ ਮਾਤਰ ਸੀ। ਚਾਚਾ ਜੀ (ਭਾਈ ਮਨਜੀਤ ਸਿੰਘ ਜੀ, ਸਿੰਘ ਸਾਹਿਬ ਗਿਆਨੀ ਰਾਮ ਸਿੰਘ ਜੀ) ਨੇ ਵੀ ਉਹਨਾਂ ਦੇ ਜੀਵਨ ਬਾਰੇ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਸਾਡੇ ਸਮੂਹ ਪਰਿਵਾਰ ਨੇ ਬਹੁਤ ਸਹਿਯੋਗ ਦਿੱਤਾ ਜਿੰਨ੍ਹਾਂ ਨੇ ਪਿਤਾ ਜੀ ਦੇ ਸਕੂਲੀ ਤੇ ਕਾਲਜੀ ਜੀਵਨ ਬਾਰੇ ਵਿਸ਼ੇਸ਼ ਜਾਣਕਾਰੀਆਂ ਦਿੱਤੀਆਂ ਅਤੇ ਇਸ ਕਾਰਜ ਨੂੰ ਅਮਲੀ ਰੂਪ ਦੇਣ ਲਈ ਹਰ ਵਕਤ ਤੱਤਪਰ ਰਹੇ। ਸੋ ਇਹ ਕਿਤਾਬ ਇੱਕ ਸਾਂਝੇ ਉਦਮ ਦਾ ਹੀ ਨਤੀਜਾ ਹੈ।

ਅਖੀਰ ਵਿੱਚ ਵਿਸ਼ੇਸ਼ ਤੌਰ ਤੇ ਸਿੱਖ ਸੰਗਤ ਅੱਗੇ ਮੈਂ ਸਤਿਕਾਰ ਸਹਿਤ ਬੇਨਤੀ ਕਰਨੀ ਚਾਹੁੰਦੀ ਹਾਂ ਕਿ 'ਭਾਈ ਸਾਹਿਬ ਦੇ ਜੀਵਨ ਬਾਰੇ ਕਿਸੇ ਵੀ ਕਿਸਮ ਦੀ ਕੋਈ ਵੀ ਜਾਣਕਾਰੀ ਜਾਂ ਉਹਨਾਂ ਨਾਲ ਸਬੰਧਿਤ ਕੋਈ ਵੀ ਟੇਪ, ਵੀਡੀਓ, ਫੋਟੋ, ਹੱਥ ਲਿਖਤ ਜਾਂ ਨਿੱਜੀ ਅਨੁਭਵ ਹੋਵੇ ਤਾਂ ਕ੍ਰਿਪਾ ਕਰਕੇ ਸਾਡੇ ਨਾਲ ਹੇਠ ਲਿਖੇ ਪਤੇ ਜਾਂ ਨੰਬਰਾਂ ਤੇ ਸੰਪਰਕ ਕਰਨ ਦੀ ਖੇਚਲ ਕਰਨੀ ਤਾਂ ਕਿ ਉਹਨਾਂ ਦੇ ਜੀਵਨ ਬਾਰੇ ਵੱਧ ਤੋਂ ਵੱਧ ਜਾਣਕਾਰੀ ਇਕੱਤਰ ਕਰਕੇ ਸਿੱਖ ਸੰਗਤ ਅੱਗੇ ਪੇਸ਼ ਕੀਤੀ ਜਾ ਸਕੇ। ਆਪਣੇ

ਕੀਮਤੀ ਸੁਝਾਅ ਦੇ ਕੇ ਮੇਰੀਆਂ ਰਹਿ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਦੀ ਕ੍ਰਿਪਾਲਤਾ ਕਰਨੀ। ਉਮੀਦ ਹੈ ਕਿ ਆਪ ਸਭ ਦਾ ਆਸ਼ੀਰਵਾਦ ਸਾਡੀ ਸੋਚ ਦਾ ਦਾਇਰਾ ਹੋਰ ਵੀ ਵਿਸ਼ਾਲ ਕਰ ਦੇਵੇਗਾ।

ਧੰਨਵਾਦ ਸਹਿਤ

ਬੀਬੀ ਸਤਵੰਤ ਕੌਰ
ਸਪੁੱਤਰੀ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ
(ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ)

ਪਤਾ:
ਬੀਬੀ ਸਤਵੰਤ ਕੌਰ
ਸਪੁੱਤਰੀ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ
ਨਾਕਾ ਨੰ: 5, ਮਲੋਟ ਰੋਡ, ਮੁਕਤਸਰ-152026 (ਪੰਜਾਬ)
ਫੋਨ - 01633-260460, 98551-67929, 98887-68601

ਕੁਝ ਸਿਰਲੇਖ ਬਾਰੇ

ਸੰਸਾਰ ਵਿੱਚ ਬਹੁਤ ਸਾਰੇ ਮਹਾਨ ਵਿਅਕਤੀਆਂ ਨੂੰ ਵੱਖ-ਵੱਖ ਉਪਾਧੀਆਂ ਨਾਲ ਨਿਵਾਜਿਆ ਗਿਆ ਹੈ। ਇਹਨਾਂ ਬਖ਼ਸ਼ਿਸ਼ ਕੀਤੀਆਂ ਹੋਈਆਂ ਉਪਾਧੀਆਂ ਜਾਂ ਰੁਤਬਿਆਂ ਵਿੱਚੋਂ ਉਹਨਾਂ ਦੇ ਜੀਵਨ ਦੀ ਇੱਕ ਝਲਕ ਨਜਰੀਂ ਪੈਂਦੀ ਹੈ। ਕੋਈ ਵੀ ਰੁਤਬਾ ਜਾਂ ਬਖਸ਼ੀ ਹੋਈ ਉਪਾਧੀ ਉਸ ਖ਼ਾਸ ਵਿਅਕਤੀ ਦੀ ਜੀਵਨ ਜਾਚ ਤੇ ਉਸਦੀਆਂ ਜ਼ਿੰਦਗੀ ਵਿਚਲੀਆਂ ਪ੍ਰਾਪਤੀਆਂ ਨੂੰ ਪ੍ਰਗਟਾਉਂਦੀ ਹੈ ਜਿਵੇਂ ਕਿ ਸ: ਹਰੀ ਸਿੰਘ ਨੂੰ ਨਲੂਏ ਦਾ ਰੁਤਬਾ ਪ੍ਰਦਾਨ ਕੀਤਾ ਗਿਆ, ਬਾਬਾ ਬੰਦਾ ਸਿੰਘ ਜੀ ਨੂੰ ਬੰਦਾ ਬਹਾਦਰ ਕਹਿ ਕੇ ਨਿਵਾਜਿਆ ਗਿਆ ਤੇ ਸਰਦਾਰ ਕਪੂਰ ਸਿੰਘ ਨੂੰ ਨਵਾਬ ਦੀ ਪਦਵੀ ਦਿੱਤੀ ਗਈ। ਇਤਿਹਾਸ ਵਿੱਚ ਅਜਿਹੀਆਂ ਹੋਰ ਬਹੁਤ ਸਾਰੀਆਂ ਉਦਾਹਰਨਾਂ ਉਪਲਬਧ ਹਨ। ਜੂਨ 1984 ਦੇ ਫੌਜੀ ਹਮਲੇ ਤੋਂ ਬਾਅਦ ਭਾਈ ਅਮਰੀਕ ਸਿੰਘ ਜੀ ਨੂੰ ਵੀ ਸਿੱਖ ਕੌਮ ਨੇ 'ਅਮਰ ਸ਼ਹੀਦ' ਕਹਿ ਕੇ ਨਿਵਾਜਿਆ ਹੈ। ਅਮਰ ਸ਼ਹੀਦ ਦਾ ਰੁਤਬਾ ਬੇਪਨਾਹ ਸਤਿਕਾਰ ਅਤੇ ਉੱਚੀ-ਸੁੱਚੀ ਸ਼ਰਧਾ ਦਾ ਪ੍ਰਤੀਕ ਹੈ। ਇਸ ਰੁਤਬੇ ਵਿੱਚੋਂ ਸੂਰਮਤਾਈ ਦੀ ਝਲਕ ਨਜਰੀਂ ਪੈਂਦੀ ਹੈ ਪਰੰਤੂ ਇਹ ਰੁਤਬਾ ਬਿਨਾਂ ਖ਼ੂਨ ਡੋਲ੍ਹੇ ਪ੍ਰਾਪਤ ਕਰਨਾ ਅਸੰਭਵ ਹੈ। ਖ਼ੂਨ ਕੇਵਲ ਤੇ ਕੇਵਲ ਬਹਾਦਰ ਹੀ ਡੋਲ੍ਹ ਸਕਦੇ ਹਨ ਕਿਉਂਕਿ

''ਗਿਰਤੇ ਹੈ ਸ਼ਾਹ ਸਵਾਰ ਹੀ ਮੈਦਾਨ-ਏ-ਜੰਗ ਮੇਂ
ਵੋ ਤਿਫਲ ਕਿਆ ਗਿਰੇਂ ਜੋ ਘੁਟਨੋਂ ਕੇ ਬਲ ਚਲੇਂ।।''

ਇਸ ਹੱਥਲੀ ਕਿਤਾਬ ਦੇ ਸਾਰੇ ਹੀ ਪੰਨੇ ਲਹੂ ਭਿੱਜੇ ਇਤਿਹਾਸ ਨਾਲ ਗੜੁੱਚ ਹੋਏ ਪਏ ਹਨ। ਜੂਨ 1984 ਦੇ ਫੌਜੀ ਹਮਲੇ ਨੂੰ ਯਾਦ ਕਰਦਿਆਂ ਸਿੱਖ ਜਜ਼ਬਿਆਂ ਨਾਲ ਲਬਰੇਜ਼ ਨੇਤਰਾਂ ਵਿੱਚ ਖ਼ੂਨ ਉੱਤਰ ਆਉਂਦਾ ਹੈ। ਉਹਨਾਂ ਮਹਾਨ ਸ਼ਹੀਦਾਂ ਦੇ ਡੋਲ੍ਹੇ ਹੋਏ ਖ਼ੂਨ ਦਾ ਕੀ ਅਸਰ ਹੋਇਆ। ਇਸ ਦਾ ਅੰਦਾਜਾ ਅਸੀ ਜੂਨ 1984 ਤੋਂ ਬਾਅਦ ਦੇ ਖ਼ੂਨੀ ਦਹਾਕੇ ਤੋਂ ਲਗਾ ਸਕਦੇ ਹਾਂ। ਬੇਅੰਤ ਜੁਝਾਰੂ ਸਿੰਘਾਂ ਤੇ ਸਿੰਘਣੀਆਂ ਨੇ ਜ਼ੁਲਮ ਵਿਰੁੱਧ ਆਵਾਜ ਉਠਾਉਂਦਿਆਂ ਭੇੜੀਏ ਬਣ ਚੁੱਕੀ ਪੰਜਾਬ ਪੁਲਿਸ ਨਾਲ ਖ਼ੂਨ ਦੀ ਹੋਲੀ ਖੇਡੀ।

'ਯਹ ਰੁਤਬੇ ਲਹੂ ਬਹਾ ਕੇ ਲੀਏ' ਨੂੰ ਸਿਰਲੇਖ ਚੁਣਨ ਦਾ ਹੋਰ ਵੀ ਕਾਰਨ ਹੈ।

ਭਾਈ ਸਾਹਿਬ ਦੇ ਸਤਿਕਾਰਯੋਗ ਪਿਤਾ ਜੀ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਵੀ ਆਪਣਾ ਸਾਰਾ (ਪਰ ਸੰਖੇਪ) ਜੀਵਨ ਸਿੱਖ ਕੌਮ ਦੀ ਚੜ੍ਹਦੀ ਕਲਾ ਵਾਸਤੇ ਨਿਛਾਵਰ ਕਰਦਿਆਂ ਪੰਜਾਬ ਅਤੇ ਇਸ ਤੋਂ ਬਾਹਰ ਵੀ ਸਿੱਖੀ ਦੀ ਪ੍ਰਚੰਡ ਲਹਿਰ ਚਲਾ ਕੇ **'ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ'** ਦਾ ਨਾਅਰਾ ਬੁਲੰਦ ਕੀਤਾ।

3 ਅਗਸਤ 1977 ਨੂੰ ਸੋਲ੍ਹਨ ਵੱਲ ਜਾਂਦੇ ਸਮੇਂ ਰਸਤੇ ਵਿੱਚ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਕਾਰ ਐਕਸੀਡੈਂਟ ਹੋ ਗਿਆ, ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜਖ਼ਮੀ ਹੋ ਗਏ। ਉਹਨਾਂ ਦੀਆਂ ਪਸਲੀਆਂ ਟੁੱਟ ਗਈਆਂ। ਲੁਧਿਆਣੇ ਦੇ ਹਸਪਤਾਲ ਵਿੱਚ ਜਦ ਉਹ ਜ਼ੇਰੇ ਇਲਾਜ ਸਨ ਤਾਂ ਇਲਾਜ ਕਰ ਰਹੇ ਡਾਕਟਰਾਂ ਨੇ ਸੰਤਾਂ ਪਾਸੋਂ ਉਹਨਾਂ ਦਾ ਆਪ੍ਰੇਸ਼ਨ ਕਰਨ ਲਈ ਛਾਤੀ ਦੇ ਰੋਮ ਕੱਟਣ ਦੀ ਇਜਾਜ਼ਤ ਮੰਗੀ ਤਾਂ ਸੰਤਾਂ ਨੇ ਸਪੱਸ਼ਟ ਇਨਕਾਰ ਕਰਦਿਆਂ ਹੋਇਆ ਕਿਹਾ ਕਿ 'ਡਾਕਟਰ ਸਾਹਿਬ, ਜਾਨ ਜਾ ਸਕਦੀ ਹੈ ਪਰ ਰੋਮ ਨਹੀਂ ਕੱਟੇ ਜਾ ਸਕਦੇ। ਜਾਨ ਜਾਂਦੀ ਹੈ ਤਾਂ ਜਾਣ ਦਿਓ। ਮੈਨੂੰ ਆਪਣੀ ਜ਼ਿੰਦਗੀ ਦੀ ਪ੍ਰਵਾਹ ਨਹੀਂ ਹੈ, ਜਾਨ ਨਾਲੋਂ ਮੈਨੂੰ ਆਪਣੀ ਸਿੱਖੀ ਤੇ ਰਹਿਤ-ਮਰਿਆਦਾ ਜ਼ਿਆਦਾ ਪਿਆਰੀ ਹੈ।' ਉਪਰੰਤ 16 ਅਗਸਤ ਨੂੰ ਸੰਤ ਸਚਖੰਡ ਪਿਆਨਾ ਕਰ ਗਏ। ਇਸ ਤਰ੍ਹਾਂ ਉਹਨਾਂ ਨੇ ਸਿੱਖੀ ਕੌਮ ਵਾਸਤੇ ਆਪਣੀ ਜ਼ਿੰਦਗੀ ਨਿਛਾਵਰ ਕਰ ਦਿੱਤੀ ਤੇ ਮਹਾਨ ਰੁਤਬਾ ਪ੍ਰਾਪਤ ਕੀਤਾ।

ਦੂਜੇ ਪਾਸੇ ਜੂਨ 1984 ਨੂੰ 'ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ' ਨੇ ਆਪਣੇ ਪਿਤਾ ਜੀ ਦੇ ਨਕਸ਼ੇ ਕਦਮਾਂ ਤੇ ਚਲਦਿਆਂ ਸਿੱਖੀ ਦੀ ਆਨ ਤੇ ਸ਼ਾਨ ਖ਼ਾਤਿਰ ਆਪਣਾ ਖ਼ੂਨ ਡੋਲ੍ਹਿਆ। ਜਿਸ ਸਦਕਾ ਸਿੱਖ ਕੌਮ ਨੇ ਉਹਨਾ ਨੂੰ ਉੱਚੇ ਦਰਜੇ ਦੇ ਸਤਿਕਾਰਿਤ 'ਅਮਰ ਸ਼ਹੀਦ' ਰੁਤਬੇ ਨਾਲ ਨਿਵਾਜਿਆ।

ਨਿਰਸੰਦੇਹ, ਭਾਈ ਸਾਹਿਬ ਸਿੱਖ ਕੌਮ ਦੇ ਮਹਾਨ ਸ਼ਹੀਦ ਹਨ ਤੇ ਉਹਨਾਂ ਨੇ ਆਪਣਾ ਲਹੂ ਵਹਾ ਕੇ ਇਹ ਮਹਾਨ ਰੁਤਬਾ ਪ੍ਰਾਪਤ ਕੀਤਾ ਹੈ।

'ਯਹ ਵੋਹ ਹੈਂ
ਜੋ ਤਖ਼ਤ-ਏ-ਅਕਾਲ ਪਰ ਸ਼ਹੀਦ ਹੂਏ,
ਖਿਤਾਬ ਸਿੰਘੋਂ ਨੇ ਸਰਵਰੀ ਸਰ ਕਟਾ ਕਰ ਲੀਏ,
ਦਿਲਾਈ ਪੰਥ ਕੋ ਸਰਬਾਜ਼ੀਓਂ ਸੇ ਸਰਦਾਰੀ,
ਬਰਾਏ ਕੌਮ
ਯਹ ਰੁਤਬੇ ਲਹੂ ਬਹਾ ਕੇ ਲੀਏ।।'



ਦਮਦਮੀ ਟਕਸਾਲ ਦੇ 13ਵੇਂ ਮੁਖੀ
ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ



ਦਮਦਮੀ ਟਕਸਾਲ ਦੇ 14ਵੇਂ ਮੁਖੀ
ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਤੇ ਹੋਰ ਮਹਾਂਪੁਰਖਾਂ ਨਾਲ ਸੰਤ ਕਰਤਾਰ ਸਿੰਘ ਜੀ ਖਾਲਸਾ

ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਭਗਤ ਉਜਾਗਰ ਸਿੰਘ ਜੀ, ਜਥੇਦਾਰ ਗੁਰਦੀਪ ਸਿੰਘ ਜੀ ਧੀਰਾ ਪੱਤਰਾ, ਭਾਈ ਦਾਰਾ ਸਿੰਘ ਜੀ, ਭਾਈ ਸ਼ਿੰਗਾਰਾ ਸਿੰਘ ਜੀ ਆਦਿ ਨਾਲ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ।

ਮਹਿਤਾ ਵਿਖੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਦੇ ਪਵਿੱਤਰ ਸਰੀਰ ਨੂੰ ਲੈ ਕੇ ਜਾਂਦੇ ਹੋਏ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਅਤੇ ਹੋਰ ਸਿੰਘ

ਭਿੰਡਰ ਕਲਾਂ ਵਿਖੇ ਦਸਤਾਰ ਬੰਦੀ ਸਮੇਂ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਤੇ ਨਾਲ ਖੱਬੇ ਭਾਈ ਅਮਰੀਕ ਸਿੰਘ ਜੀ

ਮਹਿਤੇ ਉਸਾਰੀ ਸਮੇਂ ਲੰਗਰ ਦੀ ਸੇਵਾ ਕਰਦੇ ਹੋਏ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ

ਮਹਿਤੇ ਵਿਖੇ ਉਸਾਰੀ ਵਿਚ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਸੇਵਾ ਕਰਦੇ ਹੋਏ

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।
ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨਾ ਛਾਡੈ ਖੇਤੁ।।

(ਅੰਗ ੧੧੦੫)

ਸਿੱਖੀ ਖੂਨ ਵਿੱਚ ਬੇਪਨਾਹ ਤਾਕਤ ਹੈ। ਖਾਸ ਕਰ, ਜਦੋਂ ਉਹ ਕਿਸੇ ਜਾਬਰ ਨਾਲ ਲੋਹਾ ਲੈਣ ਸਮੇਂ ਡੁੱਲ੍ਹਿਆ ਹੋਵੇ, ਜਦੋਂ ਉਹ ਕਿਸੇ ਮਜਲੂਮ ਦੀ ਰੱਖਿਆ ਵਾਸਤੇ ਵਹਿ ਗਿਆ ਹੋਵੇ, ਜਦੋਂ ਉਹ ਕਿਸੇ ਹੱਕ-ਸੱਚ ਦੀ ਪ੍ਰਾਪਤੀ ਲਈ ਨੁੱਚੜ ਗਿਆ ਹੋਵੇ ਜਾਂ ਕਿਸੇ ਪਵਿੱਤਰ ਧਰਮ ਅਸਥਾਨ ਦੀ ਬੇਅਦਬੀ ਨਾ ਸਹਾਰਦੇ ਹੋਏ ਰਣ-ਤੱਤੇ ਵਿੱਚ ਪਾਣੀ ਵਾਂਗ ਰੁੜ੍ਹਿਆ ਹੋਵੇ, ਫਿਰ ਤਾਂ ਸਿੱਖੀ ਖੂਨ ਦਾ ਇੱਕ-ਇੱਕ ਕਤਰਾ ਅੰਗਿਆਰ ਬਣਕੇ ਜ਼ੁਲਮ ਨੂੰ ਆਪਣੀਆਂ ਲਪਟਾਂ ਵਿੱਚ ਸਾੜ ਕੇ ਸੁਆਹ ਕਰਨ ਲੱਗਿਆਂ ਇੱਕ ਪਲ ਮਾਤਰ ਦੀ ਦੇਰੀ ਵੀ ਨਹੀ ਸਹਾਰ ਸਕਦਾ। ਇਸ ਗੋਲ-ਮਟੋਲ ਜਿਹੀ ਧਰਤੀ ਉੱਪਰ ਪੈਦਾ ਹੋਈਆਂ ਸਾਰੀਆਂ ਹੀ ਕੌਮਾਂ ਦੇ ਖੂਨ ਦਾ ਰੰਗ ਤਾਂ ਲਾਲ ਹੀ ਹੈ। ਰੱਬ ਦੇ ਸਿਰਜੇ ਹੋਏ ਸਮੂਹ ਮਾਨਵੀ ਸਰੀਰਾਂ ਦੀਆਂ ਰਗਾਂ ਵਿੱਚ ਕੇਵਲ ਇੱਕ ਹੀ ਖੂਨ ਦੌੜਦਾ ਹੈ, ਫਿਰ ਸਿੱਖੀ ਰੱਤ ਵਿੱਚ ਇਹ ਵਿਲੱਖਣਤਾ, ਇਹ ਵਿਸ਼ੇਸ਼ਤਾ ਕਿਉਂ ਤੇ ਕਿੱਥੋਂ ਪੈਦਾ ਹੋ ਗਈ। ਪੰਜ-ਆਬਾਂ ਦੀ ਇਸ ਖੂਨ-ਪੀਣੀ ਧਰਤੀ ਦਾ ਹਰ ਇੱਕ ਕੋਨਾ ਭਾਵ ਚੱਪਾ-ਚੱਪਾ ਰੰਗਣ ਲਈ ਕੇਵਲ ਸਿੱਖਾਂ ਦਾ ਹੀ ਖੂਨ ਕਿਉਂ ਡੋਲ੍ਹਿਆ ਗਿਆ?

ਕੀ ਸਿੱਖਾਂ ਨੂੰ ਆਪਣੇ ਖੂਨ ਦੀ ਕੋਈ ਕਦਰ ਨਹੀਂ ? ਕੀ ਉਹਨਾਂ ਨੂੰ ਇਹ ਸਰੀਰ ਅੰਦਰ ਬੇਲੋੜਾ ਭਾਰ ਜਾਪਦਾ ਹੈ ? ਕੀ ਇਹ ਖੂਨ ਸਿੱਖਾਂ ਨੇ ਆਪਣੀਂ ਕੌਮ ਨਾਲ ਅਲੱਗ-ਅਲੱਗ ਵਿਸ਼ੇਸ਼ਣ (ਗੈਰਤ-ਪਸੰਦ, ਅਣਖੀਲੀ ਕੌਮ, ਬਹਾਦਰ ਕੌਮ, ਸੂਰਮਿਆਂ ਦੀ ਖਾਣ, ਸ਼ਹੀਦਾਂ ਦੀ ਬਸਤੀ, ਆਦਿ-ਆਦਿ) ਜੋੜਨ ਲਈ ਵਹਾਇਆ ਹੈ ? ਕਿਉਂ ਹਰ ਵਾਰ ਇਸ ਖੂਨ ਪੀਣੀ ਧਰਤੀ ਦੀ ਪਿਆਸ ਬੁਝਾਉਣ ਲਈ ਸਿੱਖਾ ਦੇ ਹੀ ਖੂਨ ਦੀਆਂ ਨਦੀਆਂ ਬਹਾਈਆਂ ਜਾਂਦੀਆਂ ਹਨ ? ਜਿੰਨ੍ਹਾਂ ਵਿੱਚ ਅਕ੍ਰਿਤਘਣ ਅਕਸਰ ਤਾਰੀਆਂ ਲਾਉਂਦੇ ਵੇਖੇ ਜਾ ਸਕਦੇ ਹਨ। ਕਿਉਂ ਹਰ ਵਾਰ ਕੁਰਬਾਨੀਆਂ ਲਈ (ਭਾਵੇਂ ਉਹ ਦੇਸ਼ ਦੀ ਆਜ਼ਾਦੀ ਦੀ ਖਾਤਿਰ ਹੋਣ, ਜਾਂ ਦੇਸ਼ ਦੀ ਧਰਤੀ ਨੂੰ ਕਿਸੇ ਧਾੜਵੀ ਕੋਲੋਂ ਆਜ਼ਾਦ ਕਰਵਾਉਣ ਲਈ ਹੋਣ) ਸਿੱਖਾਂ ਦੇ ਹੀ ਸਿਰਾਂ ਦੀ ਜਰੂਰਤ ਪੈਂਦੀ ਹੈ ? ਕਿਉਂ ਵਾਰ-ਵਾਰ ਮਜ਼ਲੂਮਾਂ ਦੇ ਕਤਲਾਂ, ਅਣਮਨੁੱਖੀ ਤਸੀਹਿਆਂ, ਦੁੱਧ ਚੁੰਘਦੇ

ਬੱਚਿਆਂ ਦੇ ਚੀਥੜੇ ਉਡਾਉਣ ਤੇ ਪਵਿੱਤਰ ਰੱਬ ਦੇ ਘਰਾਂ ਦੀ ਬੇਅੱਦਬੀ ਕਰਨ ਲਈ, ਉਹਨਾਂ ਨੂੰ ਢਹਿ-ਢੇਰੀ ਕਰਨ ਲਈ ਸਿੱਖ ਕੌਮ ਹੀ ਨਜਰੀਂ ਪੈਂਦੀ ਹੈ। ਜੇਕਰ ਸਾਰੇ ਇਨਸਾਨਾਂ ਦਾ ਖੂਨ ਇੱਕੋ ਜਿਹਾ ਹੀ ਹੈ, ਤਾਂ ਕਿਉਂ ਜਾਬਰ ਆਪਣੀ ਪਿਆਸ ਕਿਸੇ ਹੋਰ ਕੌਮ ਦੇ ਖੂਨ ਨਾਲ ਨਹੀ ਬੁਝਾਉਂਦਾ ?

ਤੁੱਛ ਬੁੱਧੀ ਦੀ ਮਾਨਸਿਕਤਾ ਵਿੱਚ ਘੁੰਮ ਰਹੇ ਇਹਨਾਂ ਸਵਾਲਾਂ ਦਾ ਜਵਾਬ ਤਾਂ ਕੇਵਲ ਉਹ ਯੋਧਾ ਹੀ ਦੇ ਸਕਦਾ ਹੈ, ਜਿਹੜਾ ਆਪਣਾਂ ਖੂਨ ਕਿਸੇ ਸੱਚੇ-ਸੁੱਚੇ ਧਰਮ ਕਾਰਜ ਖਾਤਿਰ ਡੋਲ੍ਹਣ ਲਈ ਉਤਾਵਲਾ ਹੋਵੇ। ਕਿਉਂਕਿ ਸਾਨੂੰ ਸਾਰਿਆਂ ਨੂੰ ਤਾਂ ਆਪਣਾ ਇਹ ਖੂਨ ਬਹੁਤ ਅਜੀਜ਼ ਹੈ। ਸਾਡਾ ਖੂਨ ਇੱਕ ਬੂੰਦ ਮਾਤਰ ਵੀ ਕਿਤੇ ਡੁੱਲ ਜਾਵੇ ਤਾਂ ਝੱਟ ਉਸਨੂੰ ਰੋਕਣ ਦੇ ਆਹਰ-ਪਾਹਰ ਵਿੱਚ ਰੁੱਝ ਜਾਂਦੇ ਹਾਂ ਅਤੇ ਇਸਨੂੰ ਇੱਕ ਅਤਿ ਦੁਰਲੱਭ ਵਸਤੂ ਜਾਣਦਿਆਂ ਹੋਇਆਂ ਇਸ ਡੂੰਘੀ ਚਿੰਤਾ ਵਿੱਚ ਗੁਆਚ ਜਾਂਦੇ ਹਾਂ ਕਿ ਜੇਕਰ ਕਿਤੇ ਹੋਰ ਜਿਆਦਾ ਖੂਨ ਡੁੱਲ੍ਹ ਜਾਂਦਾ ਤਾਂ ਪਤਾ ਨਹੀਂ ਕਿੰਨਾ ਕੁ ਨੁਕਸਾਨ ਹੋ ਜਾਣਾਂ ਸੀ। ਸਾਡਾ ਇਹ ਚਿੰਤਾ ਦੀ ਚਿਖਾ ਵਿਚ ਸੜਣਾ ਕੁਦਰਤੀਂ ਵਾਜਿਬ ਹੈ ਕਿਉਂਕਿ ਸਾਡੀ ਮਾਨਿਸਕਤਾ ਅਜੇ ਤੱਕ ਕੁੱਝ ਕੁ ਦਾਇਰੇ ਤੱਕ ਸੀਮਿਤ ਹੈ। ਸਾਡੀ ਸੋਚ ਅਜੇ ਤੱਕ ਉਸ ਉਚਾਈ, ਉਸ ਸੀਮਾਂ ਤੱਕ ਨਹੀਂ ਪਹੁੰਚ ਸਕੀ ਜਿਹੜੀ ਕਲਗੀਆਂ ਵਾਲੇ ਪਾਤਸ਼ਾਹ ਨੇ ਸਾਨੂੰ ਸਿੰਘ ਅਤੇ ਸਿੰਘਣੀਆਂ ਸਾਜਣ ਵੇਲੇ ਸਾਡੇ ਲਈ ਨਿਰਧਾਰਿਤ ਕੀਤੀ ਸੀ। ਖਾਲਸਾ ਪੰਥ ਦੀ ਸਿਰਜਣਾ ਵੇਲੇ ਬਾਜਾਂ ਵਾਲੇ ਪਿਤਾ 'ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾਈ ਖੂਨ ਵਿੱਚ ਏਨੀ ਤਾਕਤ ਭਰ ਦਿੱਤੀ ਕਿ ਉਸ ਦੇ ਸਾਹਮਣੇ ਬਾਕੀ ਸਾਰਿਆਂ ਦੇ ਖੂਨ ਬੇ-ਗੈਰਤ ਤੇ ਬੇ-ਅਣਖੇ ਲਗਦੇ ਹਨ।

ਪੰਜਾਬ ਦੀ ਧਰਤੀ ਨੂੰ ਹੁਣ ਇਸਦੀ ਆਦਤ ਜਿਹੀ ਪੈ ਗਈ ਹੈ। ਸਿੰਘਾਂ ਦੇ ਜੋਸ਼ੀਲੇ ਲਹੂ ਤੋਂ ਬਿਨਾਂ ਉਸ ਦੀ ਪਿਆਸ ਜਿਵੇਂ ਬੁੱਝਦੀ ਹੀ ਨਾ ਹੋਵੇ। ਪੰਜਾਬ ਦੀ ਇਹ ਸਿੱਖੀ ਖੂਨ ਨਾਲ ਗੜੁੱਚ ਹੋਈ ਰੱਤ-ਰੰਗੀ ਧਰਤੀ ਚੁਣ-ਚੁਣ ਕੇ ਸੂਰਮਿਆਂ ਨੂੰ ਆਪਣੀ ਛਾਤੀ ਤੇ ਸਦਾ ਦੀ ਨੀਂਦੇ ਸੁਆ ਕੇ, ਉਹਨਾਂ ਨੂੰ ਆਪਣੀ ਮਿੱਟੀ ਵਿੱਚ ਰਲਾਉਂਦੀ ਰਹੀ ਹੈ, ਪਰ ਅਜੇ ਤੱਕ ਵੀ ਇਹ ਧਰਤੀ ਸਿੰਘਾਂ ਦੀ ਨਹੀਂ ਹੋਈ, ਕਿੰਨੀ ਅਤਿ-ਕਥਨੀ ਦੀ ਗੱਲ ਹੈ !!!!

ਪੰਜਾਬ ਦੀ ਧਰਤੀ ਕਦੇ ਵੀ ਸਿੰਘਾਂ ਦੀਆਂ ਲਾਸਾਨੀ ਕੁਰਬਾਨੀਆਂ ਦਾ ਮੁੱਲ ਨਹੀਂ ਮੋੜ ਸਕਦੀ, ਜਿੰਨ੍ਹਾਂ ਨੇ ਆਪਣਾ ਲਹੂ ਡੋਲ੍ਹ-ਡੋਲ੍ਹ ਕੇ ਇਸ ਮਿੱਟੀ ਨੂੰ ਜਰਖੇਜ਼ ਤੇ ਉੱਤਮ ਦਰਜੇ ਦੀ ਉਪਜਾਊ ਮਿੱਟੀ ਬਣਾ ਦਿੱਤਾ ਹੈ, ਜਿਸ ਦੀ ਬਦੌਲਤ ਇਹ ਧਰਤੀ ਭਾਰਤ ਦੀ 'ਅੰਨ-ਦਾਤੀ' ਅਖਵਾਉਣ ਦਾ ਮਾਣ ਹਾਸਿਲ ਕਰ ਕੇ ਲੱਖਾਂ ਪ੍ਰਾਣੀਆਂ ਦੇ

ਢਿੱਡਾਂ ਨੂੰ ਝੁਲਕਾ ਦੇ ਰਹੀ ਹੈ। ਹੋਰ ਤਾਂ ਹੋਰ ਸਿੰਘਾਂ ਤੋ ਇਲਾਵਾਂ ਕਿਸੇ ਵੀ ਕੌਮ ਨੇ ਇਸ ਧਰਤੀ ਦੀ ਧੀ (ਪੰਜਾਬੀ ਬੋਲੀ) ਨੂੰ ਵੀ ਮੌਕਾ ਆਉਣ ਤੇ ਅਪਨਾਉਣ ਤੋਂ ਇਨਕਾਰ ਕਰ ਦਿੱਤਾ, ਭਾਵੇਂ ਕਿ ਉਹ ਪੀੜ੍ਹੀਆਂ ਤੋ ਪੰਜਾਬ ਦੇ ਪੱਕੇ ਵਸਨੀਕ ਤੇ ਪੰਜਾਬੀ ਬੋਲਦੇ ਸਨ। ਇਸ ਪੰਜਾਬ ਦੀ ਧਰਤੀ ਦਾ ਅੰਨ ਖਾ ਕੇ, ਇਸ ਦੀ ਛਾਤੀ ਤੇ ਡੂੰਘੇ ਜਖਮ ਕਰ-ਕਰ ਕੇ ਕੱਢੇ ਹੋਏ ਪਾਣੀਆਂ ਨੂੰ ਡਕਾਰ ਕੇ ਵੀ ਪੰਜਾਬ ਦੀਆਂ ਵਸਨੀਕ ਬਾਕੀ ਕੌਮਾਂ ਨੇ ਪੰਜਾਬੀ ਨੂੰ ਆਪਣੀ ਮਾਂ ਬੋਲੀ ਮੰਨਣ ਤੋਂ ਕੋਰਾ ਜਵਾਬ ਦਿੰਦਿਆਂ ਹੋਇਆਂ ਪੰਜਾਬੀ ਸੂਬੇ ਦੇ ਮੋਰਚੇ ਨੂੰ ਬੇ-ਬੁਨਿਆਦ ਸਾਬਿਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਦਿੱਤਾ। ਪੰਜਾਬੀ ਸੂਬਾ ਬਨਾਉਣ ਲਈ ਸਿੰਘਾਂ ਦੀ ਫਿਰ ਕੁਰਬਾਨ ਹੋਣ ਦੀ ਵਾਰੀ ਆ ਗਈ, ਫਿਰ ਵੀ ਇਸ ਧਰਤੀ ਉੱਪਰ ਸਿੰਘ ਆਪਣਾਂ ਹੱਕ ਨਹੀਂ ਜਤਾ ਸਕਦੇ, ਕੀ ਇਹ ਅਤਿ-ਕਥਨੀ ਨਹੀਂ ?

ਜਦੋਂ-ਜਦੋਂ ਵੀ ਇਸ ਧਰਤੀ ਦੀ ਪੱਤ ਜਰਵਾਣਿਆਂ ਤੇ ਧਾੜਵੀਆਂ ਨੇ ਰੋਲਣੀਂ ਚਾਹੀ ਤਾਂ ਕੇਵਲ ਸਿੱਖਾਂ ਨੇ ਹੀ ਉਹਨਾਂ ਉੱਪਰ ਹਮਲੇ ਕਰ ਕੇ, ਉਹਨਾਂ ਨਾਲ ਲੋਹਾ ਲਿਆ ਤੇ ਭਾਰਤ ਦੀਆਂ ਬਹੂ-ਬੇਟੀਆਂ ਨੂੰ ਜਰਵਾਣਿਆਂ ਦੇ ਚੁੰਗਲ ਵਿੱਚੋਂ ਛੁਡਵਾ ਕੇ ਇਸ ਮਿੱਟੀ ਦੀ ਸ਼ਾਨ ਬਰਕਰਾਰ ਰੱਖੀ। ਫਿਰ ਵੀ ਇਹ ਸਿੱਖਾਂ ਦੀ ਨਹੀਂ, ਕੀ ਇਹ ਇੱਕ ਹੋਰ ਅਤਿ-ਕਥਨੀ ਨਹੀਂ... !!!!

ਅਜਿਹੀਆਂ ਹੋਰ ਕਿੰਨੀਆਂ ਕੁ ਅਤਿ-ਕਥਨੀਆਂ ਨੂੰ ਸਿੰਘ ਬਰਦਾਸ਼ਤ ਕਰਦੇ ਰਹਿਣਗੇ ? ਸਰਬੱਤ ਦਾ ਭਲਾ ਮੰਗਣ ਵਾਲੀ ਇਸ ਦਿਲਗੀਰ ਖਾਲਸਾ ਕੌਮ ਨੂੰ ਜਿਵੇਂ ਸ਼ਹਾਦਤਾਂ ਦੇਣ ਦਾ ਝੱਸ ਜਿਹਾ ਹੀ ਪੈ ਗਿਆ ਹੈ। ਧਰਮ ਮਾਰਗ ਤੇ ਚੱਲਦਿਆਂ, ਅਣਖ-ਗੈਰਤ ਖਾਤਿਰ ਸ਼ਹੀਦ ਹੋਣਾਂ ਇੱਕ ਅਤਿ ਦਰਜੇ ਦੀ ਸੂਰਮਤਾਈ ਹੈ। ਸ਼ਹੀਦਾਂ ਨੂੰ ਗੁਰਬਾਣੀਂ ਵਿੱਚ ਗੁਰੂ ਸਾਹਿਬਾਨਾਂ ਨੇ ਇੱਕ ਮਾਣ-ਮੱਤਾ ਦਰਜਾ ਬਖਸ਼ਿਸ਼ ਕੀਤਾ ਹੈ। ਸੱਚੇ ਪਾਤਸ਼ਾਹ ਨੇ ਇਹਨਾਂ ਪਰਵਾਨਿਆਂ ਨੂੰ 'ਅਕਾਲ-ਪੁਰਖ' ਦੇ 'ਸੈਨਿਕ ਕਹਿ ਕੇ ਨਿਵਾਜਿਆ ਹੈ, ਸ਼ਹਾਦਤ ਦਾ ਜਾਮ ਪੀ ਕੇ ਨਿਰਭੈ-ਪਦਵੀਆਂ ਪ੍ਰਾਪਤ ਕਰਨ ਵਾਲੇ ਇਹਨਾਂ ਸੂਰਮਿਆਂ ਦੀਆਂ ਧਰਤੀ ਉੱਪਰ ਅਕਾਲ ਪੁਰਖ ਵੱਲੋਂ ਉਸ ਵਕਤ ਡਿਊਟੀਆਂ ਲਗਾਈਆਂ ਜਾਂਦੀਆਂ ਹਨ, ਜਦੋਂ ਇਸ ਧਰਤੀ ਤੇ ਜ਼ੁਲਮ ਦੀ ਅੱਤ ਹੋ ਜਾਂਦੀ ਹੈ। ਜਦੋਂ-ਜਦੋਂ ਵੀ ਧਰਤੀ ਉੱਪਰ ਪਤਿਤਪੁਣੇਂ, ਅਧਰਮ ਤੇ ਜ਼ਾਬਰ ਦੀਆਂ ਹੱਦਾਂ ਕੁੱਝ ਵਧੀਕ ਹੀ ਹੋ ਜਾਣ ਤਾਂ ਸਹੀਦਾਂ ਦਾ ਜਨਮ ਇਸ ਧਰਤੀ ਉੱਪਰ ਲਾਜ਼ਮੀ ਹੈ। ਸ਼ਹੀਦ ਇਤਿਹਾਸ ਦੀ ਸਿਰਜਣਾ ਕਰਦੇ ਹਨ ਤੇ ਆਉਣ ਵਾਲੀਆਂ ਨਸਲਾਂ ਲਈ ਚਾਨਣ-ਮੁਨਾਰੇ ਵਾਂਗ ਇੱਕ ਮਾਰਗ ਦਰਸ਼ਕ ਬਣ ਕੇ ਕੌਮ ਨੂੰ ਸੱਚਾ ਤੇ ਸੁੱਚਾ ਰਸਤਾ ਵਿਖਾਉਂਦੇ ਹੋਏ, ਰਣ-ਤੱਤੇ ਵਿੱਚ ਧਰਮ ਦੀ ਖ਼ਾਤਿਰ ਆਪਣੀਆਂ ਅਨਮੋਲ ਜਾਂਨਾਂ ਨੂੰ

ਹੂਲ ਕੇ ਸਿੱਖੀ ਦੀ ਸ਼ਮਾਂ ਦੇ ਦੀਵੇ ਵਿੱਚ ਆਪਣੇ ਖੂਨ ਦਾ ਤੇਲ ਪਾ ਕੇ ਸਿੱਖੀ ਦੇ ਅਮਰ ਉਜਾਲੇ ਨੂੰ ਰੁਸ਼ਨਾਉਂਦਿਆਂ ਹੋਇਆਂ ਚਮਕੌਰ ਦੀ ਗੜ੍ਹੀ ਦੀਆਂ ਯਾਦਾਂ ਨੂੰ ਇੱਕ ਵਾਰ ਫਿਰ ਦੁਹਰਾਉਂਦੇ ਹਨ।

''ਰੁਸ਼ਨਾਤੇ ਰਹੇ ਰਾਸਤਾ ਆਨੇ ਵਾਲੀ ਨਸਲੋਂ ਕਾ,
ਇਸੀ ਲੀਏ ਰੱਤ ਡਾਲਾ ਹੈ ਹਮਨੇਂ ਅਪਨਾ ਸ਼ਮਾਂਦਾਨੋਂ ਮੇਂ।''

ਭਾਗ ਪਹਿਲਾ

ਸੰਸਾਰ ਕੋਈ ਲਾਚੀਆਂ ਦਾ ਬਾਗ ਨਹੀਂ ਕਿ ਸਾਨੂੰ ਹਰ ਤਰਫੋਂ ਖੁਸ਼ਬੂ ਰੂਪੀ ਹਵਾ ਦੇ ਹੀ ਝੋਕੇ ਆਉਣ। ਕਾਦਰ ਦੀ ਕੁਦਰਤ ਦੇ ਭੇਦਾਂ ਦੀਆਂ ਗੁੰਝਲਾਂ ਨੂੰ ਸੁਲਝਾਉਣਾਂ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੈ। ਪ੍ਰਮਾਤਮਾਂ ਦੀ ਸਿਰਜੀ ਹੋਈ ਸ੍ਰਿਸ਼ਟੀ ਦੇ ਰਹੱਸਮਈ ਚਮਤਕਾਰਾਂ ਦਾ ਭੇਦ ਪਾ ਲੈਣਾ ਇਨਸਾਨੀ ਪਹੁੰਚ ਤੋਂ ਬਹੁਤ ਦੂਰ ਹੈ। ਜਿੰਦਗੀ ਵਿੱਚ ਉਤਰਾਅ-ਚੜ੍ਹਾਅ ਆਉਣਾ ਕੋਈ ਅਨੋਖੀ ਗੱਲ ਨਹੀਂ। ਢਲ੍ਹਦੇ ਪਰਛਾਵਿਆਂ ਨੂੰ ਅੱਖੋਂ-ਪਰੋਖੇ ਕਰਨਾ ਅਤੇ ਚੜ੍ਹਦੇ ਸੂਰਜਾਂ ਨੂੰ ਸਲਾਮਾਂ ਸਾਡੀ ਜਿੰਦਗੀ ਦਾ ਇੱਕ ਅਨਿੱਖੜਵਾਂ ਅੰਗ ਬਣ ਚੁੱਕਾ ਹੈ। ਹਰੇਕ ਮਨੁੱਖ ਜਿੰਦਗੀ ਨੂੰ ਆਪਣੇ ਹੀ ਨਜਰੀਏ ਨਾਲ ਵੇਖਣ ਦੀ ਕੋਸ਼ਿਸ਼ ਕਰਦਾ ਹੈ। ਨਜਰੀਆ ਦੇਸ਼, ਵੇਸ, ਭਾਸ਼ਾ ਅਤੇ ਘਟਨਾਵਾਂ ਦੇ ਘਟਣ ਨਾਲ ਬਦਲਦਾ ਰਹਿੰਦਾ ਹੈ। ਬਹੁਤਾਤ ਉਹਨਾਂ ਵਿਅਕਤੀਆਂ ਦੀ ਹੈ ਜੋ ਇਸ 'ਫਾਨੀ ਸੰਸਾਰ' ਨੂੰ ਹੀ 'ਯਥਾਰਥਕ' ਰੂਪ ਦੇਣ ਦੀ ਕੋਸ਼ਿਸ਼ ਕਰਦੇ ਹੋਏ ਸਾਰੀ ਜਿੰਦਗੀ ਲੈਣ ਦੇਣ (Earning, Planning and Spending) ਦੀਆਂ ਉਲਝਣਾਂ ਵਿੱਚ ਨਿਰੰਤਰ ਉਲਝੇ ਰਹਿੰਦੇ ਹਨ। ਅਜਿਹੇ ਵਿਅਕਤੀ ਉਸ ਪ੍ਰਮਾਤਮਾ ਦੀ ਯਾਦ ਵਿੱਚ ਇੱਕ ਪਲ ਵੀ ਬਤੀਤ ਕਰਨਾ ਵਕਤ ਦੀ ਬਰਬਾਦੀ ਸਮਝਦੇ ਹਨ। ਬਹੁਤ ਸਾਰੇ ਅਜਿਹੇ ਵੀ ਵਿਅਕਤੀ ਹਨ ਜਿਹੜੇ ਕਿ ਇਸ ਸੰਸਾਰ ਨੂੰ ਮਹਿਜ ਇੱਕ 'ਸਰਾਂ' ਮੰਨ ਕੇ ਆਪਣਾ ਪਰਲੋਕ ਸੁਧਾਰਨ ਲਈ ਨਿਰਲੇਪ ਜੀਵਨ ਨੂੰ ਤਰਜੀਹ ਦਿੰਦੇ ਹਨ ਅਤੇ ਗ੍ਰਹਿਸਤ ਜੀਵਨ ਤੋਂ ਦੂਰ ਰਹਿੰਦੇ ਹੋਏ ਜੀਵਨ ਦੀ ਇੱਕ ਅਟੱਲ ਸੱਚਾਈ ਨੂੰ ਅੱਖੋਂ-ਪਰੋਖੇ ਕਰਦਿਆਂ ਫਰਜ਼ਾਂ ਤੋਂ ਮੁਕਤ ਹੋਏ ਰਹਿੰਦੇ ਹਨ।

ਪਰੰਤੂ ਇਹਨਾਂ ਤੋਂ ਇਲਾਵਾਂ ਕੁਝ ਅਜਿਹੇ ਵਡਭਾਗੇ ਮਨੁੱਖ ਵੀ ਹੁੰਦੇ ਹਨ ਜੋ 'ਅਕਾਲ-ਪੁਰਖ ਦੀ ਕਿਰਪਾ ਦੇ ਪਾਤਰ ਬਣਦੇ ਹੋਏ ਆਪਣਾ ਲੋਕ ਤਾਂ 'ਸਫਲਾ' ਕਰਦੇ ਹੀ ਹਨ, ਨਾਲ ਹੀ ਪਰਲੋਕ ਵੀ 'ਸੁਹੇਲਾ' ਕਰ ਲੈਂਦੇਂ ਹਨ। ਅਜਿਹੇ ਮਨੁੱਖ ਸਹੀ ਅਰਥਾਂ ਵਿੱਚ ਇਨਸਾਨ ਹੁੰਦੇ ਹਨ। ਇਹ ਬਿਲਕੁੱਲ ਸੱਚ ਹੈ ਕਿ 'ਅਸੀਂ ਸਾਰੇ ਮਨੁੱਖ ਹਾਂ, ਪਰ ਸਾਡੇ ਵਿੱਚੋਂ ਇਨਸਾਨ ਕੋਈ-ਕੋਈ ਹੀ ਹੈ।' ਗੁਰਬਾਣੀ ਵਿੱਚ ਅਜਿਹੇ ਇਨਸਾਨਾ ਨੂੰ ''ਗੁਰਮੁੱਖ' ਕਹਿ ਕੇ ਨਿਵਾਜਿਆ ਗਿਆ ਹੈ। ਪਰੰਤੂ ਅਜਿਹੇ ਇਨਸਾਨ ਦੁਨੀਆਂ ਵਿੱਚ ਵਿਰਲੇ ਹੀ ਹੁੰਦੇ ਹਨ।

''ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ।।''

(ਅੰਗ ੫੧੭)

ਇਨਸਾਨੀ ਗੁਣਾਂ ਨਾਲ ਭਰਪੂਰ ਮਨੁੱਖਾਂ ਵਿੱਚ ਮਹਾਨਤਾ ਦੇ ਗੁਣ ਛੁਪੇ ਹੁੰਦੇ ਹਨ। ਸੰਸਾਰਿਕ ਗਤੀਵਿਧੀਆ ਜਾਰੀ ਰੱਖਦੇ ਹੋਏ ਵੀ ਉਹ ਸੰਸਾਰ ਤੋਂ ਨਿਰਲੇਪ ਰਹਿ ਕੇ :

''ਅੰਜਨ ਮਾਹਿ ਨਿਰੰਜਨ ਰਹੀਐ''

(ਅੰਗ ੭੩੦)

ਦੇ ਮਹਾਂਵਾਕ ਅਨੁਸਾਰ ਆਪਣੇ ਜੀਵਨ ਨੂੰ ਢਾਲ ਲੈਂਦੇ ਹਨ। ਉਹ ਇੱਕ ਨਿਵੇਕਲੀ ਸਖਸ਼ੀਅਤ ਦੇ ਮਾਲਿਕ ਹੁੰਦੇ ਹਨ ਅਤੇ ਆਪਣੀ ਮਿਸਾਲ ਆਪ ਹੁੰਦੇ ਹਨ। ਦੁਨਿਆਵੀ ਲਾਲਚ ਉਹਨਾਂ ਦੇ ਕਦਮਾਂ ਨੂੰ ਡਗਮਗਾਉਣ ਤੋਂ ਅਸਮਰਥ ਹੁੰਦੇ ਹਨ। ਧਰਮ ਮਾਰਗ ਤੇ ਚੱਲਦਿਆਂ ਉਹ ਆਪਣੀ ਮੰਜਿਲ ਹਾਸਿਲ ਕਰ ਹੀ ਲੈਂਦੇ ਹਨ।

ਜਦੋਂ ਤੋਂ ਹੀ ਸੰਸਾਰ ਹੋਂਦ ਵਿੱਚ ਆਇਆ ਹੈ ਇਸਦੇ ਭਲੇ ਲਈ ਵੱਖ ਵੱਖ ਰੂਪਾਂ ਵਿੱਚ, ਵੱਖ-ਵੱਖ ਧਰਮਾਂ ਵਿੱਚ ਨੇਕ ਰੂਹਾਂ ਪ੍ਰਗਟ ਹੁੰਦੀਆਂ ਰਹੀਆਂ ਹਨ ਜਿਨ੍ਹਾਂ ਨੇ ਸਮੇਂ ਦੇ ਹਾਣੀ ਬਣਦਿਆਂ ਲੋਕਾਈ ਦੇ ਹਿਤ ਵਿੱਚ ਆਤਮ ਵਿਸ਼ਵਾਸ਼ ਅਤੇ ਧਰਮ-ਕਰਮ ਦੀ ਗੱਲ ਕੀਤੀ ਹੈ। ਅਜਿਹੀਆਂ ਨੇਕ ਰੂਹਾਂ ਸੰਸਾਰ ਵਿੱਚ ਆ ਕੇ ਲੋਕਾਂ ਨੂੰ ਸੱਚ ਦਾ ਮਾਰਗ ਵਿਖਾਉਂਦੀਆਂ ਹਨ ਅਤੇ ਇਸਦੇ ਲਈ ਕਿਸੇ ਵੀ ਰੁਕਾਵਟ ਨੂੰ ਪਾਸੇ ਕਰਨ ਲਈ ਉਹ ਆਪਣੀ ਜਾਨ ਤੱਕ ਨਿਛਾਵਰ ਕਰ ਦਿੰਦੀਆਂ ਹਨ। ਅਜਿਹੀਆਂ ਰੂਹਾਂ ਜੋ ਸੱਚ ਲਈ, ਕੌਮ ਲਈ ਜਾਂ ਦੇਸ਼ ਲਈ ਆਪਾ ਵਾਰਦੀਆਂ ਹਨ ਉਹਨਾਂ ਨੂੰ 'ਸ਼ਹੀਦ' ਦਾ ਰੁਤਬਾ ਮਿਲਦਾ ਹੈ ਅਤੇ ਉਹਨਾਂ ਦੀ ਮੌਤ ਨੂੰ ਕੁਰਬਾਨੀ ਕਿਹਾ ਜਾਣ ਲੱਗਦਾ ਹੈ।

ਕਿਸੇ ਵੀ ਕੌਮ ਦੀ ਪਹਿਚਾਣ ਦਾ, ਬਹਾਦਰੀ ਦਾ, ਨਿਡਰਤਾ ਦਾ ਤੇ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਉਸ ਕੌਮ ਦਾ ਸ਼ਹੀਦ ਹੁੰਦਾ ਹੈ। ਸ਼ਹੀਦ ਕੌਮ ਦਾ ਸਰਮਾਇਆ ਹੋਇਆ ਕਰਦੇ ਹਨ। ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਕਰਦੀਆਂ ਹਨ, ਉਹਨਾਂ ਦੇ ਪਾਏ ਪੂਰਨਿਆਂ ਤੇ ਚਲਦੀਆਂ ਹਨ, ਜੋ ਕੌਮਾਂ ਆਪਣੇ ਇਤਿਹਾਸ ਨੂੰ ਯਾਦ ਰੱਖਦੀਆਂ ਹਨ ਅਤੇ ਆਪਣੇ ਇਤਿਹਾਸ ਨੂੰ ਦੁਹਰਾਉਂਦੀਆਂ ਹਨ ਉਹ ਕੌਮਾਂ ਸਦਾ ਹੀ ਚੜ੍ਹਦੀ ਕਲਾ ਵਿੱਚ ਰਹਿੰਦੀਆਂ ਹਨ। ਪਰ ਇਸਦੇ ਉਲਟ ਉਹ ਕੌਮਾਂ ਜੋ ਆਪਣੇ ਸ਼ਹੀਦਾਂ ਨੂੰ ਵਿਸਾਰ ਦਿੰਦੀਆਂ ਹਨ ਅਤੇ ਉਹ ਕੌਮਾਂ ਜੋ ਆਪਣੇ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ ਉਹ ਕਦੇ ਵੀ ਚੜ੍ਹਦੀ ਕਲਾ ਵਿੱਚ ਨਹੀਂ ਰਹਿ ਸਕਦੀਆਂ। ਉਹ ਕੌਮਾਂ ਖ਼ਤਮ ਹੋ ਜਾਂਦੀਆਂ ਹਨ ਅਤੇ ਦੁਨੀਆਂ ਦੇ ਨਕਸ਼ੇ ਤੋਂ ਹਮੇਸ਼ਾ ਹਮੇਸ਼ਾ ਲਈ ਮਿਟ ਜਾਂਦੀਆਂ ਹਨ।

ਇਸੇ ਲਈ ਕਿਸੇ ਕਵੀ ਦੀ ਕਲਮ ਨੇ ਇਸ ਸੱਚਾਈ ਨੂੰ ਇਸ ਰੂਪ ਵਿੱਚ ਬਿਆਨ ਕੀਤਾ ਹੈ: -

''ਜਿਹੜੀ ਕੌਮ ਇਤਿਹਾਸ ਨੂੰ ਭੁੱਲ ਜਾਵੇ,
ਉਹ ਮੁੱਕਦਿਆਂ-ਮੁੱਕਦਿਆਂ ਮੁੱਕ ਜਾਂਦੀ।
ਜਿਹੜੀ ਕੌਮ ਦਾ ਖ਼ੂਨ ਹੋ ਜਾਏ ਠੰਡਾ,
ਉਹ ਝੁਕਦਿਆਂ-ਝੁਕਦਿਆਂ ਝੁਕ ਜਾਂਦੀ।
ਨੌਜਵਾਨ ਜਿਸ ਕੌਮ ਦਾ ਹੋ ਜਾਏ ਐਬੀ,
ਉੱਨਤੀ ਰੁਕਦਿਆਂ-ਰੁਕਦਿਆਂ ਰੁਕ ਜਾਂਦੀ।
ਜੇਕਰ ਜ਼ਾਲਮ ਨੂੰ ਜ਼ੁਲਮ ਤੋਂ ਰੋਕੀਏ ਨਾ,
ਬੀਰਤਾ ਮੁੱਕਦਿਆਂ-ਮੁੱਕਦਿਆਂ ਮੁਕ ਜਾਂਦੀ।''

ਸਿੱਖ ਇਤਿਹਾਸ ਦਾ ਇੱਕ-ਇੱਕ ਅੱਖਰ ਸ਼ਹੀਦਾਂ ਦੇ ਖ਼ੂਨ ਨਾਲ ਲਿਖਿਆ ਹੋਇਆ ਹੈ। ਇਸ ਕੌਮ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਜਦੋਂ ਵੀ ਕਦੇ ਸਿੱਖ ਕੌਮ ਦੇ ਸਿਰ ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ ਬੋਲੀਆਂ ਹਨੇਰੀਆਂ ਦੇ ਝਾਂਜੇ ਵਗੇ, ਕਹਿਰ ਵਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ, ਜ਼ਾਲਮਾਂ ਨੇ ਖ਼ੂਨ ਦੀ ਹੋਲੀ ਖੇਡੀ ਤਾਂ ਸਿੱਖ ਕੌਮ ਦਾ ਚਿਹਰਾ, ਸਾਬਤ ਸੂਰਤ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ ਹੈ। ਲਹੂ ਨਾਲ ਲੱਥ-ਪੱਥ ਸਿੱਖ ਇਤਿਹਾਸ ਆਪਣੀ ਬੁੱਕਲ ਵਿੱਚ ਅਜਿਹੀਆਂ ਕਈ ਬੇਮਿਸਾਲ ਘਟਨਾਵਾਂ ਸ਼ਹੀਦੀ ਸਾਕਿਆਂ ਨੂੰ ਸਮੇਟੀ ਬੈਠਾ ਹੈ ਜਿੰਨ੍ਹਾਂ ਨੂੰ ਪੜ੍ਹਨ ਤੇ ਸੁਣਨ ਵਾਲਾ ਵਿਅਕਤੀ ਅੱਜ ਵੀ ਅਸ਼-ਅਸ਼ ਕਰ ਉੱਠਦਾ ਹੈ। ਸਿੱਖਾਂ ਨੇ ਆਪਣੇ ਜਨਮ ਸਮੇਂ ਤੋਂ ਲੈ ਕੇ ਹੀ ਸਮੇਂ-ਸਮੇਂ ਦੀਆਂ ਮਾਣਮੱਤੀਆਂ ਜ਼ਾਲਮ ਹਕੂਮਤਾਂ ਦੀਆਂ ਤਲਵਾਰਾਂ ਦੇ ਵਾਰ ਆਪਣੀ ਧੌਣ ਸਿੱਧੀ ਰੱਖ ਕੇ ਉਸ ਉੱਤੇ ਝੱਲੇ ਹਨ ਅਤੇ ਆਪਣੇ ਲਹੂ ਨਾਲ ਇੱਕ ਸੁਨਹਿਰੀ ਇਤਿਹਾਸ ਸਿਰਜ ਕੇ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਨਿਵੇਕਲਾ ਸਥਾਨ ਸਥਾਪਿਤ ਕੀਤਾ ਹੈ।

ਹੱਕ ਅਤੇ ਸੱਚ ਦੀ ਲੜਾਈ ਵਿੱਚ ਗੁਰੂ ਸਾਹਿਬਾਨਾਂ ਅਤੇ ਉਸਦੇ ਖ਼ਾਲਸੇ ਨੇ ਜੂਝਦੇ ਹੋਏ, ਅਨੇਕਾਂ ਤਸੀਹੇ ਝੱਲਦੇ ਹੋਏ ਵੀ ਸ਼ਾਂਤ ਚਿੱਤ ਰਹਿ ਕੇ ਸੰਘਰਸ਼ ਅਤੇ ਕੁਰਬਾਨੀਆਂ ਦੇ ਦੀਵੇ ਵਿੱਚ ਆਪਣਾ ਖ਼ੂਨ ਰੂਪੀ ਤੇਲ ਪਾ ਕੇ ਧਰਮ ਦੀ ਇਸ ਜੋਤ ਨੂੰ ਹੋਰ ਮਜਬੂਤ ਕਰਨ ਲਈ ਆਪਾ ਨਿਛਾਵਰ ਕੀਤਾ ਹੈ। ਪੰਜਵੇਂ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ ਤੇ ਬੈਠ ਕੇ ਵੀ **'ਤੇਰਾ ਕੀਆ ਮੀਠਾ ਲਾਗੈ'** ਉਚਾਰਨ ਕੀਤਾ ਤੇ ਨੌਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਨੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਤਿਲਕ ਜੰਞੂ ਦੀ ਖ਼ਾਤਰ ਆਪਣਾ ਬਲੀਦਾਨ ਦਿੱਤਾ। ਇਸ ਤੋਂ ਬਾਅਦ ਜਿੱਥੇ ਇੱਕ

ਪਾਸੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜਾਦੇ - ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਕੇਵਲ 15 ਅਤੇ 17 ਸਾਲ ਦੀ ਉਮਰ ਵਿੱਚ ਚਮਕੌਰ ਦੀ ਗੜ੍ਹੀ ਦੇ ਮੈਦਾਨ-ਏ-ਜੰਗ ਵਿੱਚ ਦੁਸ਼ਮਣ ਦੀ ੌਜ ਨਾਲ ਜ਼ੁਲਮ ਦੇ ਵਿਰੁੱਧ ਲੋਹਾ ਲੈਦਿਆਂ ਤੇ ਸਿੱਖ ਧਰਮ ਨੂੰ ਮਜਬੂਤ ਕਰਦਿਆਂ ਸ਼ਹੀਦ ਹੋਏ ਉੱਥੇ ਦੂਜੇ ਪਾਸੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਮਾਤਾ ਗੁਜਰ ਕੌਰ ਜੀ ਨੇ ਠੰਡੇ ਬੁਰਜ ਵਿੱਚ ਅਤੇ ਛੋਟੇ ਸਾਹਿਬਜਾਦਿਆਂ - ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਨੇ ਮਹਿਜ 7 ਤੇ 9 ਸਾਲ ਦੀ ਖੇਡਣ-ਮੱਲਣ ਦੀ ਉਮਰ ਵਿੱਚ ਮੁਗਲ ਜ਼ਾਲਮਾਂ ਦੇ ਲਾਲਚਾਂ ਨੂੰ ਨਕਾਰਦੇ ਹੋਏ ਸਰਹੰਦ ਦੀਆਂ ਨੀਹਾਂ ਵਿੱਚ ਖਲੋ ਕੇ ਜਿਸ ਤਰ੍ਹਾਂ ਸ਼ਹਾਦਤ ਦਿੱਤੀ ਉਹ ਦੁਨੀਆਂ ਦੇ ਇਤਿਹਾਸ ਵਿੱਚ ਸਭ ਤੋਂ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਵਜੋਂ ਜਾਣੀ ਜਾਂਦੀ ਹੈ, ਜੋ ਕਿ ਆਪਣੀ ਮਿਸਾਲ ਆਪ ਹੈ। ਇਹੋ ਜਿਹੀ ਮਿਸਾਲ ਨਾਂ ਕਦੇ ਦੁਨੀਆਂ ਵਿੱਚ ਕਿਧਰੇ ਹੋਰ ਕਾਇਮ ਹੋਈ ਹੀ ਹੈ ਅਤੇ ਨਾਂ ਹੀ ਰਹਿੰਦੀ ਦੁਨੀਆਂ ਤੱਕ ਹੋ ਸਕੇਗੀ। ਇਹਨਾਂ ਸ਼ਹੀਦੀਆਂ ਨੇ ਕੌਮ ਦੇ ਅੰਦਰ ਉਹ ਰੂਹ ਭਰੀ ਕਿ ਖ਼ਾਲਸੇ ਦਾ ਖੁਰਾ ਖ਼ੋਜ ਮਿਟਾਉਣ ਵਾਲਿਆਂ ਦੇ ਇਰਾਦੇ ਮਿੱਟੀ ਵਿੱਚ ਮਿਲਦੇ ਗਏ। ਖ਼ਾਲਸੇ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਸਾਜਿਆ ਹੈ। ਗੁਰੂ ਸਾਹਿਬ ਨੇ ਜਿੱਥੇ ਮਨੁੱਖ ਨੂੰ ਖ਼ਾਲਸੇ ਦੇ ਰੂਪ ਵਿੱਚ ਅਣਖ ਨਾਲ ਜਿਉਣ ਦਾ ਰਾਹ ਦੱਸਿਆ ਹੈ ਉੱਥੇ ਖ਼ਾਲਸਾ ਪੰਥ ਲਈ ਆਪਣਾ ਸਾਰਾ ਸਰਬੰਸ ਵਾਰ ਦਿੱਤਾ। ਖ਼ਾਲਸਾ ਪੰਥ ਦੀ ਮਜਬੂਤੀ ਲਈ ਗੁਰੂ ਸਾਹਿਬ ਨੇ ਇੱਟਾਂ ਦੀ ਥਾਂ ਆਪਣੇ ਬੱਚਿਆਂ ਦੀਆਂ ਹੱਡੀਆਂ ਅਤੇ ਸੀਮਿੰਟ ਚੂਨੇ ਦੀ ਥਾਂ ਲਹੂ ਮਿੱਝ ਲਗਾ ਕੇ ਇਸ ਨੂੰ ਏਨਾ ਮਜਬੂਤ ਬਣਾ ਦਿੱਤਾ ਕਿ ਦੁਨੀਆਂ ਦੀ ਕੋਈ ਵੀ ਤਾਕਤ ਇਸਦੇ ਸਾਹਮਣੇ ਖੜੀ ਨਾ ਹੋ ਸਕੇ।

ਸਿੱਖ ਧਰਮ ਵਿੱਚ ਕੁਰਬਾਨੀਆਂ ਦਾ ਸਿਲਸਿਲਾ ਇਸਦੇ ਜਨਮ ਤੋਂ ਹੀ ਚਲਦਾ ਆ ਰਿਹਾ ਹੈ। ਗੁਰੂ ਸਾਹਿਬ ਦੇ ਦਰਸਾਏ ਮਾਰਗ ਤੇ ਚਲਦਿਆਂ ਅਨੇਕਾਂ ਗੁਰੂ ਕੇ ਸਿੱਖਾਂ ਨੇ ਸਿੱਖੀ ਖ਼ਾਤਿਰ, ਦੇਸ਼ ਖ਼ਾਤਿਰ, ਕੌਮ ਖ਼ਾਤਿਰ ਜਾਂ ਸੱਚ ਅਤੇ ਇਨਸਾਫ ਖ਼ਾਤਿਰ ਕੁਰਬਾਨੀਆਂ ਦਿੱਤੀਆਂ। ਕਿਸੇ ਨੇ ਬੰਦ-ਬੰਦ ਕਟਵਾਏ, ਕੋਈ ਆਰੇ ਨਾਲ ਚੀਰਿਆ ਗਿਆ, ਕੋਈ ਦੇਗਾਂ ਵਿੱਚ ਉਬਾਲਿਆ ਗਿਆ, ਕਿਸੇ ਨੂੰ ਚਰਖੜੀਆਂ ਤੇ ਚਾੜ੍ਹਿਆ ਗਿਆ, ਫਾਂਸੀਆਂ ਤੇ ਟੰਗਿਆ ਗਿਆ ਪਰ ਇਹਨਾਂ ਸਿੱਖਾਂ ਨੇ ਆਪਣੇ ਧਰਮ, ਦੇਸ਼ ਖ਼ਾਤਿਰ ਹਰ ਤਸੀਹੇ ਨੂੰ ਹੱਸ-ਹੱਸ ਕੇ ਜੀ ਆਇਆਂ ਆਖਿਆ ਤੇ ਸਿੱਖੀ ਨੂੰ ਮਜਬੂਤ ਕਰਨ ਲਈ ਇੱਕ-ਇੱਕ ਕਰਕੇ ਸ਼ਹੀਦੀ ਦੀ ਸੁਨਹਿਰੀ ਮਾਲਾ ਦੇ ਮਣਕੇ ਬਣਦੇ ਗਏ ਅਤੇ ਸ਼ਹੀਦਾਂ ਦੇ ਇਤਿਹਾਸ ਨੂੰ ਹੋਰ ਸੁਨਹਿਰੀ ਰੰਗ ਦੀ ਪਰਤ ਦਿੰਦੇ ਗਏ।

ਅੱਜ ਲੋੜ ਹੈ ਸਾਨੂੰ ਆਪਣੇ ਲਾ-ਮਿਸਾਲ ਇਤਿਹਾਸ ਨੂੰ ਫਰੋਲਣ ਦੀ ਤੇ ਲੋੜ

ਹੈ ਇਹ ਸੋਚਣ ਦੀ ਕਿ ਜਿਸ ਸਰੂਪ, ਜਿਸ ਹਾਲਤ, ਜਿਸ ਫਿਜ਼ਾ ਵਿੱਚ ਅੱਜ ਅਸੀਂ ਵਿਚਰ ਰਹੇ ਹਾਂ ਉਹ ਸਰੂਪ, ਹਾਲਤ, ਫਿਜ਼ਾ ਸਾਨੂੰ ਕਿੰਨੀਆਂ ਕੁਰਬਾਨੀਆਂ ਕਰਕੇ ਮਿਲੀ ਹੈ। ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨਾ, ਉਹਨਾਂ ਦੀ ਸੋਚ ਤੇ ਪਹਿਰਾ ਦੇਣਾ, ਉਹਨਾਂ ਦੇ ਨਕਸ਼ੇ ਕਦਮਾਂ ਅਤੇ ਪਾਏ ਪੂਰਨਿਆਂ ਤੇ ਚੱਲਣਾ ਸਾਡਾ ਫਰਜ਼ ਹੈ। ਸਿੱਖ ਇਤਿਹਾਸ ਨੂੰ ਫਰੋਲਦਿਆਂ ਅਤੇ ਸ਼ਹੀਦੀ ਦੀ ਸੁਨਹਿਰੀ ਮਾਲਾ ਨੂੰ ਫੇਰਦਿਆਂ-ਫੇਰਦਿਆਂ ਇਸ ਵਿੱਚ ਇੱਕ ਸੁਨਹਿਰੀ ਮਣਕਾ ''ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ'' ਦੇ ਨਾਂ ਦਾ ਆਉਂਦਾ ਹੈ, ਜਿੰਨ੍ਹਾਂ ਨੇ ਗੁਰੂ ਸਾਹਿਬਾਨਾਂ ਅਤੇ ਸਾਹਿਬਜਾਦਿਆਂ ਦੇ ਪਾਏ ਪੂਰਨਿਆਂ ਤੇ ਦੱਸੇ ਮਾਰਗ ਤੇ ਚਲਦਿਆਂ, ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਮਨ ਵਿੱਚ ਵਸਾਉਂਦਿਆਂ ਅਤੇ ਉਹਨਾਂ ਦੀ ਸੋਚ ਤੇ ਪਹਿਰਾ ਦਿੰਦਿਆਂ ਪਵਿੱਤਰ ਗੁਰਧਾਮਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਦਿਆਂ, ਜ਼ੁਲਮ ਵਿਰੁੱਧ ਲੜਦਿਆਂ ਆਪਣੀ ਜਾਨ ਗੁਰੂ ਚਰਨਾਂ ਵਿੱਚ ਨਿਛਾਵਰ ਕਰ ਕੇ ਸਿੱਖੀ ਦੇ ਮਾਰਗ ਵਿੱਚ ਚਾਨਣ ਮੁਨਾਰਾ ਬਣੇ ਤੇ ਸ਼ਹੀਦਾਂ ਦੀ ਬਸਤੀ ਦੇ ਵਸਨੀਕ ਬਣੇ। ਉਨ੍ਹਾਂ ਨੇ ਸ਼ਹੀਦੀ ਦੀ ਮਹਿੰਗੀ ਮਾਲਾ ਦੇ ਅਨਮੋਲ ਮਣਕੇ ਨੂੰ ਆਪਣੀ ਜਾਨ ਦਾ ਮੁੱਲ ਦੇ ਕੇ ਲੈ ਲਿਆ।

ਇਸ ਨੂੰ ਹੀ ਕਿਸੇ ਕਵੀ ਦੀ ਕਲਮ ਨੇ ਇਸ ਤਰਾਂ ਉਕਰਿਆ ਹੈ :-

''ਸ਼ਹੀਦਾਂ ਦੀ ਬਸਤੀ, ਨਾ ਬਣਦੀ ਹੈ ਸਸਤੀ,
ਬਣਦੀ ਹੈ ਤਾਂ, ਜੇ ਮਿਟਾ ਦਏ ਕੋਈ ਹਸਤੀ,
ਹਸਤੀ ਨੂੰ ਮਿਲਦਾ ਹੈ, ਰੁਤਬਾ ਨਿਰਾਲਾ,
ਰੁਤਬੇ ਤੋਂ ਬਣਦੀ ਹੈ, ਗੈਰਤ ਦੀ ਮਾਲਾ,
ਇਸ ਮਾਲਾ ਦੇ ਮਣਕੇ, ਨਾ ਵਿਕਦੇ ਬਜਾਰੀਂ,
ਇਹਨਾਂ ਨੂੰ ਖਰੀਦੇ, ਕੋਈ ਵਿਰਲਾ ਵਾਪਾਰੀ।''

ਭਾਈ ਸਾਹਿਬ ਦਾ ਜਨਮ ਅਤੇ ਪਰਿਵਾਰਕ ਪਿਛੋਕੜ

ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਪੱਟੀ ਵਿੱਚ ਇੱਕ ਛੋਟੇ ਜਿਹੇ ਕਸਬੇ ਖੇਮਕਰਨ ਤੋਂ ਤਕਰੀਬਨ ਸਾਢੇ ਤਿੰਨ ਕਿਲੋਮੀਟਰ ਦੀ ਦੂਰੀ ਤੇ ਪਿੰਡ ਭੂਰਾ ਕੋਹਨਾ ਘੁੱਗ ਵੱਸਦਾ ਹੈ। ਇਸ ਨਗਰ ਵਿੱਚ ਜਥੇਦਾਰ ਝੰਡਾ ਸਿੰਘ ਜੀ ਨੂੰ ਸਾਰੇ ਪਿੰਡ ਵਾਸੀ ਅਕਾਲੀ ਕਹਿ ਕੇ ਹੀ ਪੁਕਾਰਦੇ ਸਨ। ਜਥੇਦਾਰ ਝੰਡਾ ਸਿੰਘ ਜੀ ਇੱਕ ਕੱਟੜ ਅਕਾਲੀ ਹੋਣ ਦੇ ਕਾਰਨ ਅਕਸਰ ਹੀ ਅਕਾਲੀ ਮੋਰਚਿਆਂ ਵਿੱਚ ਹਿੱਸਾ ਲੈਂਦੇ ਅਤੇ ਘਰ ਵਿੱਚ ਆ ਕੇ ਸਾਰੇ ਪਰਿਵਾਰਕ ਜੀਆਂ ਨੂੰ ਬਿਠਾ ਕੇ ਮੋਰਚਿਆਂ ਬਾਰੇ ਜਰੂਰ ਕੁਝ ਨਾ ਕੁਝ ਦੱਸਦੇ ਰਹਿੰਦੇ। ਜਥੇਦਾਰ ਝੰਡਾ ਸਿੰਘ ਜੀ ਸੁਭਾਅ ਵਜੋਂ ਬੜੇ ਹੀ ਸਖ਼ਤ ਤੇ ਅਣਖੀ ਬਜੁਰਗ ਸਨ। ਜਥੇਦਾਰ ਝੰਡਾ ਸਿੰਘ ਜੀ ਦਾ ਪਰਿਵਾਰ ਕਾਫੀ ਵੱਡਾ ਸੀ। ਜਥੇਦਾਰ ਜੀ ਦੇ ਛੇ ਸਪੁੱਤਰ - ਭਾਈ ਬਹਾਲ ਸਿੰਘ ਜੀ, ਭਾਈ ਅਜਮੇਰ ਸਿੰਘ ਜੀ, ਸੰਤ ਗਿਆਨੀ ਕਰਤਾਰ ਸਿੰਘ ਜੀ, ਭਾਈ ਦੀਦਾਰ ਸਿੰਘ ਜੀ, ਭਾਈ ਜਗਤਾਰ ਸਿੰਘ ਜੀ ਤੇ ਭਾਈ ਬਲਕਾਰ ਸਿੰਘ ਜੀ ਸਨ। ਇਹਨਾਂ ਤੋਂ ਇਲਾਵਾ ਜਥੇਦਾਰ ਝੰਡਾ ਸਿੰਘ ਜੀ ਦੀਆਂ ਦੋ ਸਪੁੱਤਰੀਆਂ ਬੀਬੀ ਤਾਰ ਕੌਰ ਜੀ ਅਤੇ ਬੀਬੀ ਗੁਰਦਿਆਲ ਕੌਰ ਜੀ ਸਨ।

ਭਾਵੇਂ ਕਿ ਉਸ ਵਕਤ ਅਕਾਲੀ ਮੋਰਚਿਆਂ ਦੀ ਲਹਿਰ ਕਾਫ਼ੀ ਤੇਜ ਸੀ, ਪਰੰਤੂ ਇਸਦੇ ਬਾਵਜੂਦ ਖ਼ੇਮਕਰਨ ਇਲਾਕੇ ਦੇ ਨਿਵਾਸੀ ਖ਼ਾਲਸਾਈ ਰਹਿਤ-ਮਰਿਆਦਾ ਤੋਂ ਦੂਰ ਜਾ ਚੁੱਕੇ ਸਨ। ਇਲਾਕੇ ਵਿੱਚ ਨੌਜਵਾਨ ਪੀੜ੍ਹੀ ਵੱਲੋਂ ਨਸ਼ਿਆਂ ਦੀ ਬੜੀ ਭਾਰੀ ਵਰਤੋਂ ਹੋ ਰਹੀ ਸੀ। ਸਿੱਖਾਂ ਦੇ ਪਰਿਵਾਰ ਵੀ ਆਪਣੇ ਬੱਚਿਆਂ ਦੇ ਕੇਸ ਬੜੀ ਸ਼ਾਨ ਨਾਲ ਕਤਲ ਕਰਵਾ ਕੇ ਪਤਿਤਪੁਣੇ ਦੀ ਦਿਨ-ਰਾਤ ਵੱਧ ਰਹੀ ਲਹਿਰ ਵਿੱਚ ਪੂਰਾ ਹਿੱਸਾ ਪਾ ਰਹੇ ਸਨ। ਸਿੱਖੀ ਦੀ ਲਹਿਰ ਇਸ ਇਲਾਕੇ ਵਿੱਚ ਬੜੀ ਮੱਧਮ ਪੈ ਚੁੱਕੀ ਸੀ। ਇੱਥੋਂ ਦੇ ਪਿੰਡਾਂ ਦੇ ਲੋਕ ਚੋਰੀਆਂ ਵਿੱਚ ਮਸ਼ਹੂਰ ਸਨ। ਕੋਈ ਵਿਰਲੇ ਗੁਰਸਿੱਖ ਪਰਿਵਾਰ ਨੂੰ ਹੀ ਇਸ ਪਤਿਤਪੁਣੇ ਦੀ ਲਟਾ-ਲਟ ਬੱਲਦੀ ਅੱਗ ਨੇ ਸਾੜ ਕੇ ਸੁਆਹ ਕਰਨ ਤੋਂ ਛੱਡਿਆ ਸੀ। ਇੱਕ ਕੱਟੜ ਅਕਾਲੀ ਤੇ ਦਿਲ ਵਿੱਚ ਸਿੱਖੀ ਪ੍ਰਤੀ ਜਜ਼ਬਾ ਰੱਖਣ ਵਾਲੇ ਜਥੇਦਾਰ ਝੰਡਾ ਸਿੰਘ ਜੀ ਆਪਣੇ ਪਰਿਵਾਰ ਨੂੰ ਇਸ ਅੱਗ ਦੀਆਂ ਲਪਟਾਂ ਤੋਂ ਬਚਾਈ ਰੱਖਣ ਲਈ ਭਰਪੂਰ ਯਤਨ ਕਰਦੇ ਰਹੇ। ਉਹ ਆਪਣੇ ਪੁੱਤਰਾਂ ਨੂੰ ਕੋਲ ਬਿਠਾ ਕੇ ਸਿੱਖੀ ਪ੍ਰਤੀ ਸੁਚੇਤ ਕਰਦੇ ਤੇ ਨਸ਼ਿਆਂ ਆਦਿ ਦੇ ਖ਼ਿਲਾਫ



ਹਿਦਾਇਤਾਂ ਦਿੰਦੇ ਰਹਿੰਦੇ ਸਨ, ਜਿਸਦਾ ਸਦਕਾ ਸਾਰਾ ਪਰਿਵਾਰ ਹੀ ਗੁਰਦੁਆਰੇ ਜਾਂਦਾ। ਇਸੇ ਤਰਾਂ ਬਾਪੂ ਜੀ ਨੇ ਇੱਕ ਰਾਤ ਸਾਰੇ ਪਰਿਵਾਰ ਨੂੰ ਆਪਣੇ ਪਾਸ ਸੱਦਿਆ ਤੇ ਕੋਲ ਬਿਠਾ ਕੇ ਕਹਿਣ ਲੱਗੇ, ''ਮੈਂ ਹਰ ਰੋਜ਼ ਤੁਹਾਨੂੰ ਸਾਖੀਆਂ ਸੁਣਾਉਂਦਾ ਹਾਂ, ਪਰ ਮੈਨੂੰ ਨਹੀਂ ਪਤਾ ਕਿ ਤੁਸੀਂ ਧਿਆਨ ਨਾਲ ਸੁਣਦੇ ਹੋ ਕਿ ਨਹੀਂ ਜਾਂ ਉਹਨਾਂ ਸਾਖੀਆਂ ਦਾ ਤੁਹਾਡੇ ਮਨ ਤੇ ਕੋਈ ਅਸਰ ਹੁੰਦਾ ਹੈ ਜਾਂ ਨਹੀ। ਪਰ ਅੱਜ ਜੋ ਸਾਖੀ ਮੈਂ ਤੁਹਾਨੂੰ ਸੁਣਾਉਣ ਲੱਗਾ ਹਾਂ, ਇਹ ਸਾਰਿਆਂ ਨੇ ਪੂਰੇ ਧਿਆਨ ਨਾਲ ਸੁਣਨੀਂ ਹੈ।''

ਏਨੀ ਗੱਲ ਕਹਿ ਕੇ ਬਾਪੂ ਜੀ ਨੇ ਚਮਕੌਰ ਦੀ ਗੜ੍ਹੀ ਦੀ ਸਾਖੀ ਸ਼ੁਰੂ ਕਰ ਦਿੱਤੀ। ਇਸੇ ਸਾਖੀ ਦੇ ਨਾਲ ਹੀ ਬਾਪੂ ਜੀ ਨੇ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਦੀ ਸਾਖੀ ਸੁਣਾਉਣ ਲੱਗ ਪਏ। ਇਸ ਤਰਾਂ ਲੱਗ ਰਿਹਾ ਸੀ ਜਿਵੇਂ ਸਭ ਕੁਝ ਬਾਪੂ ਜੀ ਦੇ ਸਾਹਮਣੇ ਵਾਪਰ ਰਿਹਾ ਹੋਵੇ ਤੇ ਉਹ ਸਾਹਮਣੇ ਵੇਖ-ਵੇਖ ਕੇ ਬੋਲ ਰਹੇ ਹੋਣ। ਜਿਵੇਂ-ਜਿਵੇਂ ਬਾਪੂ ਜੀ ਸਾਖੀ ਸੁਣਾ ਰਹੇ ਸਨ, ਉਸੇ ਤਰਾਂ ਦੇ ਪ੍ਰਭਾਵ ਉਹਨਾਂ ਦੇ ਚਿਹਰੇ ਤੇ ਆ-ਜਾ ਰਹੇ ਸਨ। ਸਾਖੀ ਸਮਾਪਤ ਹੋਣ ਤੋਂ ਬਾਅਦ ਬਾਪੂ ਜੀ ਇਕਦਮ ਸ਼ਾਂਤ ਹੋ ਗਏ। ਇਧਰ ਬਾਕੀ ਪਰਿਵਾਰ ਵੀ ਸਾਹਿਬਜਾਦਿਆਂ ਦੀ ਸ਼ਹੀਦੀ ਦੇ ਦ੍ਰਿਸ਼ ਨੂੰ ਸੋਚ ਕੇ ਮਨ ਹੀ ਮਨ ਏਨੇ ਵੱਡੇ ਜ਼ੁਲਮ ਲਈ ਮੁਗਲਾਂ ਨੂੰ ਕੋਸ ਰਿਹਾ ਸੀ। ਫਿਰ ਬਾਪੂ ਜੀ ਇਕਦਮ ਭਾਰੀ ਆਵਾਜ ਵਿੱਚ ਕਹਿਣ ਲੱਗੇ,''ਵੇਖੋ, ਅੱਜ ਕੱਲ ਕਿੰਨਾ ਮਾੜਾ ਜਮਾਨਾਂ ਆ ਗਿਆ ਹੈ। ਅੱਜਕੱਲ ਦਾ ਜਮਾਨਾ ਵੇਖ ਕੇ ਦਿਲ ਨੂੰ ਬਹੁਤ ਠੇਸ ਪਹੁੰਚਦੀ ਹੈ । ਛੋਟੇ-ਛੋਟੇ ਸਾਹਿਬਜਾਦਿਆਂ ਨੇ ਸਾਡੀ ਖ਼ਾਤਿਰ, ਤੇ ਜਿਸ ਸਿੱਖੀ, ਜਿੰਨਾਂ ਕੇਸਾਂ ਖ਼ਾਤਿਰ ਏਨੇ ਕਸ਼ਟ ਸਹਾਰਦੇ ਹੋਏ ਸ਼ਹਾਦਤਾਂ ਦਿੱਤੀਆਂ ਹਨ, ਅੱਜ ਅਸੀਂ ਘਰਾਂ ਵਿੱਚ ਵਿਹਲੇ ਬੈਠ ਕੇ ਵੀ ਉਸ ਸਿੱਖੀ, ਉਹਨਾਂ ਕੇਸਾਂ ਨੂੰ ਸੰਭਾਲ ਨਹੀਂ ਸਕਦੇ। ਅੱਜ ਸਾਨੂੰ ਉਹ ਕੇਸ ਵੀ ਭਾਰੇ ਲਗਦੇ ਹਨ। ਵਧੀਆ-ਵਧੀਆ ਗੁਰਮੁੱਖ ਪਿਛੋਕੜਾਂ ਵਾਲੇ ਪਰਿਵਾਰਾਂ ਦੇ ਬੱਚੇ ਵੀ ਇਸ ਪਤਿਤਪੁਣੇ ਦੇ ਦਰਿਆ ਵਿੱਚ ਰੁੜ੍ਹਦੇ ਜਾ ਰਹੇ ਹਨ। ਚੰਗੇ ਗੁਰਸਿੱਖ ਪਰਿਵਾਰਾਂ ਵਾਲੇ ਵਧੇ-ਫੁੱਲੇ ਰੁੱਖਾਂ ਦੀਆਂ ਨਵੀਆਂ ਫੁੱਟਦੀਆਂ ਜੜਾਂ ਹੀ ਖੋਖਲੀਆਂ ਹੋ ਰਹੀਆਂ ਹਨ ਅਤੇ ਸੁੱਕ ਰਹੀਆਂ ਹਨ।''

ਫਿਰ ਬਾਪੂ ਜੀ ਇਹਨਾਂ ਸਾਖੀਆਂ ਅਤੇ ਗੱਲਾਂ ਦਾ ਅਸਰ ਵੇਖਣ ਲਈ ਪਰਿਵਾਰ ਨੂੰ ਸਵਾਲੀਆ ਰੂਪ ਵਿੱਚ ਪੁੱਛਣ ਲੱਗੇ, ''ਮੈਂ ਕਹਿਨਾਂ, ਤੁਸੀਂ (ਆਪਣੇ ਪੁੱਤਰਾਂ ਵੱਲ ਇਸ਼ਾਰਾ ਕਰਦੇ ਹੋਏ) ਥੱਬਾ ਸਾਰਾ ਜੰਮ ਤਾਂ ਪਏ ਜੇ, ਤੁਹਾਡੇ ਵਿੱਚੋਂ ਕੋਈ ਮੇਰੀ ਜੜ੍ਹ ਵੀ ਹਰੀ ਰੱਖੂ ਕਿ ਨਹੀਂ ?'

ਬਾਪੂ ਜੀ ਦੇ ਕਹਿਣ ਤੋਂ ਭਾਵ ਸੀ ਕਿ ਮੇਰੀ ਅਗਲੀ ਪੀੜ੍ਹੀ ਵਿੱਚ ਵੀ ਸਿੱਖੀ ਰਹੇਗੀ ਜਾਂ ਬਾਕੀ ਲੋਕਾਂ ਦੀ ਤਰਾਂ ਤੁਸੀਂ ਸਾਰੇ ਵੀ ਪਤਿਤਪੁਣੇ ਦੀ ਲਹਿਰ ਵਿੱਚ ਰੁੜ੍ਹ ਜਾਉਗੇ। ਬਾਪੂ ਜੀ ਦੀ ਇਹ ਗੱਲ ਸੁਣ ਕੇ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਉਹਨਾ

ਨੂੰ ਸਿੱਖੀ ਸਰੂਪ ਵਿੱਚ ਰਹਿਣ ਤੇ ਪਤਿਤਪੁਣੇ ਦੀ ਲਹਿਰ ਤੋਂ ਦੂਰ ਰਹਿਣ ਦਾ ਭਰੋਸਾ ਦਿੱਤਾ।

ਜਥੇਦਾਰ ਜੀ ਦੇ ਸਾਰੇ ਛੇ ਸਪੁੱਤਰ ਹੀ ਸਿੱਖੀ ਸਰੂਪ ਵਾਲੇ ਸਾਬਤ ਸੂਰਤ ਸਨ। ਉਸ ਵਕਤ ਬਾਬਾ ਝੰਡਾ ਸਿੰਘ ਜੀ ਲਈ ਇਹ ਬੜੇ ਮਾਣ ਵਾਲੀ ਗੱਲ ਸੀ। ਜਥੇਦਾਰ ਜੀ ਦੇ ਤੀਸਰੇ ਸਪੁੱਤਰ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਜਦ ਪਹਿਲੀ ਵਾਰ ਪੰਜ ਬਾਣੀਆਂ ਦਾ ਨਿੱਤਨੇਮ ਜੁਬਾਨੀ ਬਾਪੂ ਜੀ ਨੂੰ ਸੁਣਾਇਆ ਤਾਂ ਉਹਨਾਂ ਘੁੱਟ ਕੇ ਆਪਣੇ ਇਸ ਹੋਣਹਾਰ ਸਪੁੱਤਰ ਨੂੰ ਛਾਤੀ ਨਾਲ ਲਾ ਲਿਆ ਤੇ ਕਹਿਣ ਲੱਗੇ ਅੱਜ ਮੇਰਾ ਰੋਮ-ਰੋਮ ਗਦ-ਗਦ ਹੋ ਉੱਠਿਆ ਹੈ। ਸੋਲ੍ਹਾਂ (16) ਸਾਲ ਦੀ ਉਮਰ ਵਿੱਚ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਐੱਫ· ਏ· ਚੰਗੇ ਨੰਬਰਾਂ ਵਿੱਚ ਪਾਸ ਕਰ ਲਈ। ਪੜ੍ਹਾਈ ਕਰਨ ਉਪਰੰਤ ਜਦ ਘਰ ਵਾਪਿਸ ਆਏ ਤਾਂ ਬਾਪੂ ਜੀ ਨੇ ਖ਼ਿਆਲ ਕੀਤਾ ਕਿ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਨੌਕਰੀ ਤੇ ਲਵਾ ਦੇਣਾ ਚਾਹੀਦਾ ਹੈ ਤਾਂ ਕਿ ਘਰ ਦੀ ਆਰਥਿਕ ਹਾਲਤ ਵਿੱਚ ਕੁਝ ਸੁਧਾਰ ਹੋ ਸਕੇ ਕਿਉਂਕਿ ਪਰਿਵਾਰ ਵੱਡਾ ਹੋਣ ਕਰਕੇ ਆਮਦਨ ਦਾ ਜਰੀਆ ਕੇਵਲ ਬਾਪੂ ਜੀ ਦੀ ਚੌਵੀ (24) ਕਿੱਲ੍ਹੇ ਜਮੀਨ ਹੀ ਸੀ, ਜਿਹੜੀ ਕਿ ਬਿਲਕੁਲ ਬਾਰਡਰ ਏਰੀਏ ਵਿੱਚ ਆਉਂਦੀ ਸੀ। ਜਮੀਨ ਹੇਠਲੇ ਪਾਣੀ ਵੀ ਬਹੁਤੇ ਵਧੀਆ ਨਾ ਹੋਣ ਕਾਰਨ ਮਸਾਂ ਪਰਿਵਾਰ ਦਾ ਗੁਜ਼ਾਰਾ ਹੀ ਚਲਦਾ ਸੀ। ਸੋ ਬਾਪੂ ਜੀ ਨੇ ਆਪਣੀ ਧਰਮ-ਸੁਪਤਨੀ ਬੀਬੀ ਲਾਭ ਕੌਰ ਜੀ ਨਾਲ ਸਲਾਹ ਕਰਕੇ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ 'ਸ੍ਰੀ ਮੁਕਤਸਰ ਸਾਹਿਬ ਵਿਖੇ ਚੱਕਬੰਦੀ ਵਿੱਚ ਪਟਵਾਰੀ ਦੀ ਨੌਕਰੀ ਤੇ ਲਗਵਾ ਦਿੱਤਾ। ਇਸੇ ਦੌਰਾਨ (ਸੰਤ) ਭਾਈ ਕਰਤਾਰ ਸਿੰਘ ਜੀ ਦੇ ਭੂਆ ਦੇ ਸਪੁੱਤਰ - ਭਗਤ ਉਜਾਗਰ ਸਿੰਘ ਜੀ, (ਜਿਹੜੇ ਕਿ ਨਾਮ ਦੇ ਰਸੀਏ ਤੇ ਰਹਿਤ ਮਰਿਆਦਾ ਵਿੱਚ ਪਰਪੱਕ ਗੁਰਸਿੱਖ ਸਨ) ਹੁਰਾਂ ਨੇ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਭਿੰਡਰ ਕਲਾਂ ਵਿਖੇ 'ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ' ਨਾਲ ਮਿਲਾਇਆ। ਭਿੰਡਰ ਕਲਾਂ ਵਿਖੇ ਹੀ ਇਸ ਅਸਚਰਜ ਦੋ ਰੂਹਾਨੀ ਰੂਹਾਂ ਦੇ ਮੇਲ ਉਪਰੰਤ ਹੋਏ ਅੰਮ੍ਰਿਤ ਸੰਚਾਰ ਵਿੱਚ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਪਵਿੱਤਰ ਹੱਥਾਂ ਤੋਂ ਖੰਡੇ-ਬਾਟੇ ਦਾ ਅੰਮ੍ਰਿਤ ਪਾਣ ਕਰਕੇ ਪਰਿਵਾਰ ਵਿੱਚ ਸਿੱਖੀ ਦਾ ਦੀਵਾ ਬਾਲ ਕੇ ਅਗਿਆਨਤਾ ਦਾ ਹਨੇਰਾ ਦੂਰ ਕਰ ਦਿੱਤਾ। ਇਸ ਉਪਰੰਤ ਸੰਨ 1950 ਵਿੱਚ (ਸੰਤ) ਭਾਈ ਕਰਤਾਰ ਸਿੰਘ ਜੀ ਦਾ ਅਨੰਦ ਕਾਰਜ ਭੈਣੀ ਜੱਸਾ ਸਿੰਘ ਪਿੰਡ ਦੇ ਸ: ਕਰਤਾਰ ਸਿੰਘ ਦੀ ਸਪੁੱਤਰੀ ਬੀਬੀ ਨਿਰੰਜਣ ਕੌਰ ਜੀ ਨਾਲ ਹੋਇਆ। (ਸੰਤ) ਭਾਈ ਕਰਤਾਰ ਸਿੰਘ ਜੀ ਦੀ ਤਾਰ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨਾਲ ਜੁੜ ਚੁੱਕੀ ਸੀ। ਵੱਧ ਤੋਂ ਵੱਧ

ਸਮਾਂ ਉਹ ਗੁਰਬਾਣੀ ਅਭਿਆਸ ਵਿੱਚ ਲਗਾਉਂਦੇ। ਮਾਤਾ ਨਿਰੰਜਣ ਕੌਰ ਜੀ ਵੀ ਅੰਮ੍ਰਿਤ ਧਾਰੀ ਤੇ ਤਿਆਰ-ਬਰ-ਤਿਆਰ ਬੀਬੀ ਹੋਣ ਸਦਕਾ ਕੁੱਖ ਵਿੱਚ ਹੀ ਭਾਈ ਸਾਹਿਬ ਨੂੰ ਗੁਰਸਿੱਖੀ ਦੀ ਗੁੜ੍ਹਤੀ ਮਿਲੀ। (ਸੰਤ) ਭਾਈ ਕਰਤਾਰ ਸਿੰਘ ਜੀ ਦੇ ਮਨ ਵਿੱਚ ਵੈਰਾਗ ਰਹਿਣ ਲੱਗਾ ਤਾਂ ਉਹਨਾਂ ਨੇ ਆਪਣੇ ਪਿਤਾ ਜੀ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦਾ ਜਥੇ ਸਮੇਤ ਪ੍ਰੋਗਰਾਮ ਪਿੰਡ ਭੂਰਾ ਕੋਹਨਾਂ ਵਿਖੇ ਬਣਾਉਣ ਲਈ ਬੇਨਤੀ ਕੀਤੀ। ਬਾਪੂ ਝੰਡਾ ਸਿੰਘ ਜੀ ਨੇ ਭੁਝੰਗੀ ਦੀ ਸੰਤਾਂ ਪ੍ਰਤੀ ਏਨੀ ਖਿੱਚ ਤੇ ਸ਼ਰਧਾ ਵੇਖਦਿਆਂ ਹੋਇਆ ਆਪਣੇ ਭਰਾਤਾ ਭਾਈ ਪਾਲ ਸਿੰਘ ਜੀ ਅਤੇ ਭਾਈ ਜਗਤ ਸਿੰਘ ਜੀ ਨਾਲ ਸਲਾਹ ਮਸ਼ਵਰਾ ਕਰਕੇ ਭਗਤ ਉਜਾਗਰ ਸਿੰਘ ਜੀ ਹੁਰਾਂ ਰਾਹੀਂ ਸੰਤਾਂ ਪਾਸ ਨਗਰ ਭੂਰਾ ਕੋਹਨਾਂ ਵਿਖੇ ਆ ਕੇ ਦਰਸ਼ਨ ਦੇਣ ਦੀ ਬੇਨਤੀ ਕੀਤੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਇਹ ਬੇਨਤੀ ਪ੍ਰਵਾਨ ਕਰ ਲਈ ਤੇ ਉਹ ਜਥੇ ਸਮੇਤ ਪਿੰਡ ਭੂਰਾ ਕੋਹਨਾਂ ਪਹੁੰਚ ਗਏ। ਮਹਾਂਪੁਰਖਾਂ ਨੇ ਦਿਨ-ਰਾਤ ਕਥਾ-ਕੀਰਤਨ ਦਾ ਪ੍ਰਵਾਹ ਚਲਾਇਆ। ਸਾਰਾ ਨਗਰ ਤੇ ਨੇੜਲੇ ਹੋਰਨਾਂ ਪਿੰਡਾਂ ਦੀ ਸੰਗਤ ਵੀ ਮਹਾਂਪੁਰਖਾਂ ਦੀ ਕਥਾ ਦਾ ਆਨੰਦ ਮਾਣਨ ਲਈ ਆਉਂਦੀ। ਲੰਗਰ ਦਾ ਪ੍ਰਬੰਧ ਜਥੇਦਾਰ ਝੰਡਾ ਸਿੰਘ ਜੀ ਹੀ ਕਰਦੇ ਸਨ। ਸਾਰੇ ਪਰਿਵਾਰ ਨੇ ਜਥੇ ਸੰਗਤ ਦੀ ਸੇਵਾ ਕੀਤੀ ਤੇ ਮਹਾਂਪੁਰਖਾਂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਦਸ (10) ਦਿਨਾਂ ਦੇ ਪ੍ਰੋਗਰਾਮ ਉਪਰੰਤ ਅੰਮ੍ਰਿਤ ਸੰਚਾਰ ਹੋਇਆ ਤੇ ਪਰਿਵਾਰ ਦੇ ਬਾਕੀ ਰਹਿੰਦੇ ਜੀਆਂ ਨੇ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

ਸੱਤ-ਅੱਠ ਮਹੀਨੇ ਪਟਵਾਰ ਵਿੱਚ ਨੌਕਰੀ ਕਰਨ ਉਪਰੰਤ ਜਦ ਮਹਾਂਪੁਰਖਾਂ ਦੇ ਹਜ਼ੂਰ ਸਾਹਿਬ ਜਾਣ ਦੇ ਪ੍ਰੋਗਰਾਮ ਬਾਰੇ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਭਗਤ ਉਜਾਗਰ ਸਿੰਘ ਜੀ ਹੁਰਾਂ ਪਾਸੋਂ ਪਤਾ ਲੱਗਾ ਤਾਂ ਝੱਟ ਨੌਕਰੀ ਤੋਂ ਅਸਤੀਫਾ ਦੇ ਕੇ ਮਹਾਂਪੁਰਖਾਂ ਦੇ ਨਾਲ ਜਾਣ ਲਈ ਤਿਆਰ ਹੋ ਗਏ। ਇੱਥੇ ਇਹ ਜਿਕਰਯੋਗ ਹੈ ਕਿ ਬਾਪੂ ਝੰਡਾ ਸਿੰਘ ਜੀ ਨੌਕਰੀ ਛੱਡਣ ਦੇ ਹੱਕ ਵਿੱਚ ਨਹੀਂ ਸਨ ਪਰੰਤੂ (ਸੰਤ) ਭਾਈ ਕਰਤਾਰ ਸਿੰਘ ਜੀ ਦੇ ਅਟੱਲ ਇਰਾਦੇ ਅੱਗੇ ਉਹਨਾਂ ਦੀ ਇੱਕ ਨਾ ਚੱਲੀ।

ਸੰਨ 1954 ਈ: ਨੂੰ ਹਾੜ੍ਹ ਦੇ ਪਹਿਲੇ ਪੱਖ (ਤਾਰੀਖ਼ ਨਿਸ਼ਚਿਤ ਨਹੀਂ) ਵਿੱਚ (ਸੰਤ) ਭਾਈ ਕਰਤਾਰ ਸਿੰਘ ਜੀ ਦੇ ਘਰ ਪਲੇਠੀ ਦੇ ਬੱਚੇ (ਭੁਝੰਗੀ) ਨੇ ਜਨਮ ਲਿਆ। ਬੀਬੀ ਨਿਰੰਜਣ ਕੌਰ ਜੀ ਉਸ ਵਕਤ ਆਪਣੇ ਪੇਕੇ ਪਿੰਡ ਭੈਣੀ ਵਿਖੇ ਸਨ। ਜਨਮ ਸਮੇਂ ਬਾਲਕ ਦੇ ਚਿਹਰੇ ਦੀ ਸੁੰਦਰਤਾ ਵੇਖਣ ਤੇ ਹੀ ਬਣਦੀ ਸੀ। ਪਰਿਵਾਰ ਵਿੱਚ ਵਧਾਈਆਂ ਲੈਣ ਦਾ ਸਮਾਂ ਵਾਹਿਗੁਰੂ ਦੀ ਬਖ਼ਸ਼ਿਸ਼ ਸਦਕਾ ਆ ਗਿਆ ਸੀ। ਤੁਰੰਤ ਮਾਤਾ ਨਿਰੰਜਣ ਕੌਰ ਜੀ ਦੇ ਪੇਕੇ ਪਰਿਵਾਰ ਵੱਲੋਂ ਇਹ ਸੁਨੇਹਾ ਦੇਣ ਲਈ ਪਿੰਡ ਭੂਰਾ

ਕੋਹਨਾਂ ਵਿਖੇ ਲਾਗੀ ਨੂੰ ਭੇਜਿਆ ਗਿਆ। ਬਾਪੂ ਝੰਡਾ ਸਿੰਘ ਜੀ ਤੇ ਬਾਕੀ ਪਰਿਵਾਰ ਦੇ ਜੀਆਂ ਨੂੰ ਅੰਤਾਂ ਦਾ ਚਾਅ ਚੜ੍ਹ ਗਿਆ। ਚਾਲੀ ਦਿਨ ਬਾਅਦ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਜੀ ਨੇ ਅੰਮ੍ਰਿਤ ਤਿਆਰ ਕਰਕੇ ਬਾਲਕ ਤੇ ਉਸਦੀ ਮਾਤਾ ਨੂੰ ਛਕਾਇਆ ਤੇ ਹੁਕਮਨਾਮੇ ਉਪਰੰਤ 'ਅ' ਅੱਖਰ ਉੱਪਰ ਨਾਮ ਰੱਖਣ ਲਈ ਕਿਹਾ। ਭਾਈ ਸਾਹਿਬ ਦੇ ਮਾਮਾ ਜੀ ਨੇ ਉਸ ਵਕਤ **'ਅਮਰੀਕ ਸਿੰਘ'** ਨਾਮ ਰੱਖਿਆ। ਪਰੰਤੂ ਉਧਰ ਪਿੰਡ ਭੂਰਾ ਕੋਹਨਾਂ ਵਿਖੇ ਬਾਪੂ ਝੰਡਾ ਸਿੰਘ ਜੀ ਨੇ ਗੁਰਦੁਆਰਾ ਸਾਹਿਬ ਜਾ ਕੇ 'ਹ' ਅੱਖਰ ਤੋਂ 'ਹਰਭਜਨ ਸਿੰਘ' ਨਾਮ ਰੱਖ ਲਿਆ, ਬਾਅਦ ਵਿੱਚ ਭਾਵੇਂ ਅਮਰੀਕ ਸਿੰਘ ਹੀ ਜਿਆਦਾ ਪ੍ਰਚੱਲਿਤ ਹੋਇਆ। ਮਾਤਾ ਨਿਰੰਜਣ ਕੌਰ ਨੂੰ ਉਸ ਵਕਤ ਚਿਤ-ਚੇਤਾ ਵੀ ਨਹੀਂ ਹੋਣਾ ਕਿ ਉਸਨੇ ਇੱਕ ਅਜਿਹੇ ਸੂਰਮੇ ਨੂੰ ਜਨਮ ਦਿੱਤਾ ਹੈ ਜਿਹੜਾ ਇੱਕ ਦਿਨ ਉਸਨੂੰ ਸ਼ਹੀਦ ਦੀ ਮਾਤਾ ਹੋਣ ਦਾ ਮਾਣ ਦਿਵਾਏਗਾ। ਅਜਿਹੇ ਸੁਭਾਗੇ ਪੁੱਤਰ ਨੂੰ ਜਨਮ ਦੇ ਕੇ ਮਾਤਾ ਨਿਰੰਜਣ ਕੌਰ ਧੰਨ ਹੋ ਗਈ : -

"ਜਨਨੀ ਜਨੇ ਤਾਂ ਭਗਤ ਜਨ ਕਹਿ ਦਾਤਾ ਕਹਿ ਸੂਰ।।"

ਭਾਗ ਦੂਜਾ

ਹਰ ਇੱਕ ਵਿਅਕਤੀ ਦੇ ਦਿਮਾਗ਼ੀ ਵਿਕਾਸ ਲਈ ਉਸਦੇ ਆਲੇ-ਦੁਆਲੇ ਦਾ ਵਾਤਾਵਰਣ, ਘਰੇਲੂ ਮਾਹੌਲ, ਤੇ ਉਸਨੂੰ ਪਾਲਣ-ਪੋਸ਼ਣ ਵਾਲੇ ਦੀ ਜੀਵਨ-ਜਾਚ ਦਾ ਅਸਰ ਇੱਕ ਬਹੁਤ ਵੱਡਾ ਰੋਲ ਉਸਦੀ ਜਿੰਦਗੀ ਵਿੱਚ ਅਦਾ ਕਰਦਾ ਹੈ। ਹਰ ਵਾਰ ਕੁਦਰਤ ਇੱਕ ਮਨੁੱਖ ਦੀ ਸਿਰਜਣਾ ਕਰਕੇ ਇਸ ਧਰਤੀ ਉੱਪਰ ਭੇਜਦੀ ਹੈ, ਲੇਕਿਨ ਉਸ ਮਨੁੱਖ ਵਿੱਚ ਇਨਸਾਨੀ ਗੁਣ ਪੈਦਾ ਕਰਕੇ ਉਸਨੂੰ ਸਹੀ ਅਰਥਾਂ ਵਿੱਚ ਇਨਸਾਨ ਬਣਾਉਣ ਲਈ 'ਸਭ ਤੋਂ ਪਹਿਲਾਂ ਉਸਦੇ ਮਾਤਾ ਪਿਤਾ ਹੀ ਉਸਦੇ ਗੌਡਫਾਦਰ ਬਣਦੇ ਹਨ। ਬਚਪਨ ਵਿੱਚ ਹੋਈ ਪਾਲਣਾ-ਪੋਸ਼ਣਾਂ ਦਾ ਅਸਰ ਸਾਰੀ ਜ਼ਿੰਦਗੀ ਹੀ ਸਾਡੀ ਸ਼ਖ਼ਸ਼ੀਅਤ ਵਿੱਚੋਂ ਆਪ-ਮੁਹਾਰੇ ਨਜਰੀਂ ਪੈਂਦਾ ਹੈ। ਸਾਫ਼-ਸੁਥਰੇ ਦਿਲ ਅਤੇ ਤਰੋਤਾਜ਼ਾ ਦਿਮਾਗ਼ ਉੱਪਰ ਇੱਕ ਵਾਰ ਜਿਹੜੀ ਇਬਾਰਤ ਲਿਖੀ ਜਾਵੇ ਉਹ ਸਾਡੀ ਜੀਵਨ ਜਾਚ ਬਣ ਜਾਂਦੀ ਹੈ ਤੇ ਫਿਰ ਇਬਾਰਤ ਨੂੰ ਚਾਹੇ ਅਸੀਂ ਕਿੰਨਾ ਵੀ ਮਿਟਾਉਣ ਦਾ ਯਤਨ ਕਰੀਏ, ਉਸਦੇ ਹਰਫ਼ਾਂ ਦੀ ਸਿਆਹੀ ਸਾਡੀਆਂ ਵਾਦੀਆਂ ਤੇ ਸਜਾਦੜੀਆਂ ਬਣ ਕੇ ਸਾਡੇ ਨਾਲ ਹੀ ਨਿੱਭਦੀ ਹੈ।

ਚੰਗੇ ਭਾਗਾਂ ਵਾਲੇ ਬਾਲਕ ਅਮਰੀਕ ਸਿੰਘ ਦਾ ਜਨਮ ਇੱਕ ਧਾਰਮਿਕ ਪਰਿਵਾਰ ਵਿੱਚ ਹੋਣ ਕਰਕੇ ਉਹਨਾਂ ਨੂੰ ਗੁੜ੍ਹਤੀ ਹੀ ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ ਦੀ ਮਿਲੀ। (ਸੰਤ) ਭਾਈ ਕਰਤਾਰ ਸਿੰਘ ਜੀ ਦੇ ਘਰ ਜਨਮ ਦੇ ਕੇ ਕੁਦਰਤ ਨੇ ਭੁਝੰਗੀ ਅਮਰੀਕ ਸਿੰਘ ਨੂੰ ਪਿਤਾ ਦੇ ਰੂਪ ਵਿੱਚ ਇੱਕ ਵੱਡਮੁੱਲਾ ਤੋਹਫ਼ਾ ਦਿੱਤਾ। ਉਹ ਬਾਪ ਜਿਸਦੀਆਂ ਬਾਹਾਂ ਵਿੱਚ ਝੂਟੇ ਲੈ ਕੇ ਇੱਕ ਸੂਰਮਾ ਪਲ ਰਿਹਾ ਸੀ। ਉਹ ਤੱਤ-ਬੇਤੇ ਬ੍ਰਹਮਗਿਆਨੀ ਦੀ ਪਦਵੀ ਹਾਸਲ ਕਰਕੇ

''ਬ੍ਰਹਮਗਿਆਨੀ ਆਪ ਪਰਮੇਸਰੁ''

(ਅੰਗ ੨੭੩)

ਦੀ ਕਥਨੀ ਉੱਪਰ ਪੂਰਾ ਉਤਰਨ ਜਾ ਰਿਹਾ ਸੀ। ਕਿੰਨੇ ਭਾਗਾਂ ਵਾਲੇ ਪਲ ਸਨ ਉਹ। ਗੁਰਬਾਣੀ ਦੀ ਕਥਾ ਕਰਦਿਆਂ ਆਪਣੀ ਰਸਨਾ ਰਾਹੀਂ ਵਕਤ ਨੂੰ ਰੋਕ ਦੇਣ ਵਾਲੀ ਸਖ਼ਸ਼ੀਅਤ ਦੀਆਂ ਲੋਰੀਆਂ ਸੁਣ-ਸੁਣ ਕੇ ਆਉਣ ਵਾਲੇ ਵਕਤ ਦੇ ਇਤਿਹਾਸ ਵਿੱਚ ਇੱਕ ਨਵੀਆਂ ਪੈੜਾਂ ਪਾਉਣ ਵਾਲਾ ਸੂਰਮਾ ਪਲ ਰਿਹਾ ਸੀ। ਹੁਣ ਤੱਕ (ਸੰਤ)

ਭਾਈ ਕਰਤਾਰ ਸਿੰਘ ਜੀ ਪੱਕੇ ਤੌਰ ਤੇ ਦਮਦਮੀ ਟਕਸਾਲ ਵਿੱਚ ਰਹਿ ਕੇ ਆਪਣਾ ਤਨ-ਮਨ-ਧਨ ਬ੍ਰਹਮਗਿਆਨੀ (ਸੰਤ) ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੂੰ ਅਰਪਿਤ ਚੁੱਕੇ ਸਨ। (ਸੰਤ) ਭਾਈ ਕਰਤਾਰ ਸਿੰਘ ਜੀ ਨੇ ਭੁਝੰਗੀ ਅਮਰੀਕ ਸਿੰਘ ਨੂੰ ਜਦ ਪਹਿਲੀ ਵਾਰ ਵੇਖਿਆ ਤਾਂ ਬੜੇ ਖੁਸ਼ ਹੋਏ ਤੇ ਅਕਾਲ ਪੁਰਖ ਦਾ ਸ਼ੁਕਰਾਨਾਂ ਕੀਤਾ। (ਸੰਤ) ਭਾਈ ਕਰਤਾਰ ਸਿੰਘ ਜੀ ਜਦ ਵੀ ਘਰ ਆਉਂਦੇ ਤਾਂ ਮੰਜੇ ਦੀਆਂ ਬਾਹੀਆਂ ਨਾਲ ਬੰਨ੍ਹੀ ਹੋਈ ਕੱਪੜੇ ਦੀ ਝੱਲੀ ਵਿੱਚ ਪਏ ਭੁਝੰਗੀ ਅਮਰੀਕ ਸਿੰਘ ਦੇ ਕੋਲ ਬੈਠ ਕੇ ਬਾਣੀ ਪੜ੍ਹਦੇ ਤੇ ਵਾਹਿਗੁਰੂ ਮੰਤਰ ਦਾ ਅਭਿਆਸ ਕਰਦੇ ਰਹਿੰਦੇ। ਇੰਝ ਇੱਕ ਪੁੰਗਰਦੇ ਹੋਏ ਪੌਦੇ ਦੀਆਂ ਜੜ੍ਹਾਂ ਵਿੱਚ ਬਾਣੀ ਰੂਪੀ ਅੰਮ੍ਰਿਤ ਦੀਆਂ ਬੂੰਦਾਂ ਪੈ ਰਹੀਆਂ ਸਨ।

ਮਾਤਾ ਨਿਰੰਜਣ ਕੌਰ ਜੀ ਦੇ ਮੁਤਾਬਿਕ ਬਚਪਨ ਤੋਂ ਹੀ ਭਾਈ ਸਾਹਿਬ ਦੇ ਚਿਹਰੇ ਉੱਪਰ ਇੱਕ ਕੁਦਰਤੀ ਖਿੱਚ ਤੇ ਭੋਲੀ ਮਾਸੂਮੀਅਤ ਸੀ ਜਿਸਦਾ ਸਦਕਾ ਉਹ ਹਰੇਕ ਵੇਖਣ ਵਾਲੇ ਦੇ ਮਨ ਨੂੰ ਮੋਹ ਲੈਂਦੇ ਸਨ। ਭੁਝੰਗੀ ਅਮਰੀਕ ਸਿੰਘ ਦਾ ਚਿਹਰਾ ਤੇ ਨੈਣ-ਨਕਸ਼ ਆਪਣੇ ਪਿਤਾ (ਸੰਤ) ਭਾਈ ਕਰਤਾਰ ਸਿੰਘ ਜੀ ਖ਼ਾਲਸਾ ਨਾਲ ਬਹੁਤ ਮਿਲਦੇ ਸਨ। ਸਾਰੇ ਪਰਿਵਾਰ ਦੇ ਜੀਅ ਹੀ ਭੁਝੰਗੀ ਨਾਲ ਬਹੁਤ ਮੋਹ ਕਰਦੇ ਸਨ। ਬਾਪੂ ਝੰਡਾ ਸਿੰਘ ਦੀ ਹਰ ਰੋਜ਼ ਸੰਧਿਆ ਦੇ ਵੇਲੇ ਭੁਝੰਗੀ ਨੂੰ ਬਾਹਾਂ ਉੱਪਰ ਚੁੱਕ ਕੇ ਗੁਰਦੁਆਰਾ ਸਾਹਿਬ ਮੱਥਾ ਟਿਕਾਉਣ ਲੈ ਜਾਂਦੇ ਤੇ ਫਿਰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਗੁਰੂ ਸਾਹਿਬ ਜੀ ਦੇ ਸੁਖ-ਆਸਨ ਤੋਂ ਬਾਅਦ ਹੀ ਘਰ ਪਰਤਦੇ। ਮਾਤਾ ਨਿਰੰਜਣ ਕੌਰ ਜੀ ਜਦ ਘਰ ਦੇ ਕੰਮਾਂ ਵਿੱਚ ਵਿਅਸਤ ਹੁੰਦੇ ਤਾਂ ਬਾਲਕ ਦੀ ਦਾਦੀ ਮਾਤਾ ਲਾਭ ਕੌਰ ਜੀ ਉਸਨੂੰ ਚੁੱਕ ਕੇ ਨਿੱਕੀਆਂ-ਨਿੱਕੀਆਂ ਗੱਲਾਂ ਕਰਕੇ ਖਿਡਾਉਂਦੇ ਤੇ ਹਸਾਉਂਦੇ ਰਹਿੰਦੇ। ਭੁਝੰਗੀ ਅਮਰੀਕ ਸਿੰਘ ਹੁਣ ਨਿੱਕੀਆਂ-ਨਿੱਕੀਆਂ ਗੱਲਾਂ ਦੇ ਹੁੰਗਾਰੇ ਭਰਨ ਲੱਗਾ। ਪਿਛਲੇ ਸਾਲ ਵਾਂਗ ਇਸ ਵਾਰ ਵੀ (ਸੰਤ) ਭਾਈ ਕਰਤਾਰ ਸਿੰਘ ਜੀ ਅਤੇ ਭਗਤ ਉਜਾਗਰ ਸਿੰਘ ਜੀ ਦੇ ਯਤਨਾਂ ਸਦਕਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦਾ ਜਥੇ ਸਮੇਤ ਪ੍ਰੋਗਰਾਮ ਪਿੰਡ ਭੂਰਾ ਕੋਹਨਾਂ ਵਿਖੇ ਬਣਿਆ। ਵੱਡੇ ਸੰਤਾਂ (ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ) ਨੇ ਜਦ ਬਾਲਕ ਨੂੰ ਵੇਖਿਆ ਤਾਂ ਬਹੁਤ ਪ੍ਰਸੰਨ ਹੋਏ ਤੇ ਗੋਦੀ ਵਿੱਚ ਚੁੱਕ ਕੇ ਕਿੰਨ੍ਹਾ ਚਿਰ ਹੀ ਪਿਆਰ ਕਰਦੇ ਰਹੇ ਜਿਵੇਂ ਕੋਈ ਵਿਛੜੀਆਂ ਰੂਹਾਂ ਦਾ ਅਗੰਮੀ ਗੁਪਤ ਮਿਲਾਪ ਹੋ ਰਿਹਾ ਹੋਵੇ। ਸੰਤਾਂ ਨੇ ਭੁਝੰਗੀ ਨੂੰ ਪਿਆਰ ਦੇ ਕੇ ਮਾਤਾ ਨੂੰ ਪ੍ਰਸ਼ਾਦ ਦਿੱਤਾ ਤੇ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਕਿਹਾ ਕਿ, ''ਕਰਤਾਰ ਸਿੰਘਾ, ਤੇਰਾ ਇਹ ਭੁਝੰਗੀ ਬੜੀ ਚੜ੍ਹਦੀ ਕਲਾ ਵਾਲਾ ਸਿੰਘ ਬਣੇਗਾ। ਇਸ ਨੂੰ ਜਲਦੀ ਹੀ ਅੰਮ੍ਰਿਤ ਦੀ ਦਾਤ ਦਿਵਾ ਕੇ ਗੁਰੂ ਦੇ ਲੜ ਲਾ ਦੇਵੀਂ, ਫਿਰ ਤੇਰੀ ਪਰਿਵਾਰ ਪ੍ਰਤੀ ਚਿੰਤਾ ਘਟ ਜਾਵੇਗੀ,

ਕਲਗੀਆਂ ਵਾਲੇ ਆਪ ਹਾਈ ਹੋਣਗੇ।''

(ਸੰਤ) ਭਾਈ ਕਰਤਾਰ ਸਿੰਘ ਜੀ ਨੇ ਸੱਤ-ਬਚਨ ਕਹਿ ਕੇ ਸਿਰ ਝੁਕਾਇਆ। ਕਈ-ਕਈ ਦਿਨ ਕਥਾ-ਕੀਰਤਨ ਦਾ ਪ੍ਰਵਾਹ ਪਿੰਡ ਵਿੱਚ ਚਲਦਾ ਰਹਿੰਦਾ। ਸਵੇਰੇ-ਸ਼ਾਮ ਸੰਗਤਾਂ ਜੁੜਦੀਆਂ ਤੇ ਮਹਾਂਪੁਰਖਾਂ ਦੀ ਕਥਾ ਸੁਣ ਕੇ ਨਿਹਾਲ ਹੋ ਕੇ ਘਰਾਂ ਨੂੰ ਵਾਪਸ ਪਰਤਦੀਆਂ। ਨੇੜਲੇ ਪਿੰਡਾਂ ਵਿੱਚੋਂ ਵੀ ਟਰੈਕਟਰ-ਟਰਾਲੀਆਂ ਭਰ-ਭਰ ਕੇ ਸੰਗਤ ਆਉਂਦੀ ਤੇ ਝੋਲੀਆਂ ਭਰ ਕੇ ਹੀ ਘਰਾਂ ਨੂੰ ਵਾਪਿਸ ਪਰਤਦੀ। ਜਥੇ ਦੇ ਸਿੰਘਾਂ ਤੇ ਆਉਣ ਵਾਲੀ ਸੰਗਤ ਦੇ ਲੰਗਰ ਦੀ ਜਿੰਮੇਵਾਰੀ ਬਾਪੂ ਝੰਡਾ ਸਿੰਘ ਜੀ ਤੇ ਉਹਨਾਂ ਦੇ ਭਤੀਜੇ ਸ: ਹਰਨਾਮ ਸਿੰਘ ਜੀ ਤੇ ਸ: ਸ਼ਿੰਗਾਰਾ ਸਿੰਘ ਜੀ ਉੱਪਰ ਹੀ ਸੀ। ਭਾਵੇਂ ਉਸ ਵਕਤ ਪਰਿਵਾਰ ਵਿੱਚ ਅਤਿ ਦੀ ਗਰੀਬੀ ਹੋਣ ਕਾਰਨ ਪਰਿਵਾਰ ਦੀ ਆਰਥਿਕ ਹਾਲਤ ਠੀਕ ਨਹੀਂ ਸੀ ਪਰੰਤੂ ਫਿਰ ਵੀ ਮਹਾਂਪੁਰਖਾਂ ਦੀ ਬਖ਼ਸ਼ਿਸ਼ ਸਦਕਾ ਤਿੰਨੇ ਪਰਿਵਾਰ ਤਨ-ਮਨ-ਧਨ ਨਾਲ ਸੇਵਾ ਵਿੱਚ ਜੁਟੇ ਰਹਿੰਦੇ ਤੇ ਇਸ ਤਰ੍ਹਾਂ ਅਤੁੱਟ ਭੰਡਾਰੇ ਚਲਦੇ ਰਹਿੰਦੇ। ਪਿੰਡ ਦੇ ਲੋਕ ਇਹ ਵੇਖ ਕੇ ਬੜੇ ਹੈਰਾਨ ਹੁੰਦੇ ਸਨ ਕਿ ਖੇਤੀ ਕਰਕੇ ਮਸਾਂ ਗੁਜਾਰਾ ਕਰਨ ਵਾਲੇ ਇਹ ਪਰਿਵਾਰ ਏਨੀ ਸੰਗਤ ਦੇ ਲੰਗਰ ਲਈ ਖ਼ਰਚੇ ਦਾ ਪ੍ਰਬੰਧ ਕਿਵੇਂ ਤੇ ਕਿੱਥੋਂ ਕਰਦੇ ਹਨ। ਪਰ ਜਿਸ ਪਰਿਵਾਰ ਉੱਪਰ ਬ੍ਰਹਮਗਿਆਨੀ ਦੀ ਇੱਕ ਮਿਹਰ ਭਰੀ ਦ੍ਰਿਸ਼ਟੀ ਪੈ ਜਾਵੇ ਉੱਥੇ ਬਖ਼ਸ਼ਿਸ਼ਾਂ ਦੇ ਭੰਡਾਰ ਲਗ ਜਾਂਦੇ ਹਨ।

''ਤੂੰ ਸਾਂਝਾ ਸਾਹਿਬ ਬਾਪ ਹਮਾਰਾ ਨਵ ਨਿਧਿ ਤੇਰਾ ਅਖੁੱਟ ਭੰਡਾਰਾ ।।''

(ਅੰਗ ੯੭)

ਗਰੀਬ, ਨਿਮਾਣੇਂ ਪਰਿਵਾਰ ਨੂੰ ਵਾਹਿਗੁਰੂ ਨੇ ਮਹਾਂਪੁਰਖਾਂ ਰਾਹੀਂ ਆਪ ਕ੍ਰਿਪਾ ਕਰਕੇ ਵੱਡੇ ਭਾਗਾਂ ਸਦਕਾ ਵਡਿਆਈ ਬਖਸ਼ੀ ਔਰ ਪਰਿਵਾਰ ਪਾਸੋਂ ਇਹ ਸੇਵਾ ਕਰਵਾਈ।

''ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ ।।''

(ਅੰਗ ੯੩੫)

ਇਸ ਤਰ੍ਹਾਂ ਹਰ ਸਾਲ ਮਹਾਂਪੁਰਖਾਂ ਦਾ ਜਥੇ ਸਮੇਤ ਪ੍ਰੋਗਰਾਮ ਪਿੰਡ ਭੂਰਾ ਕੋਹਨਾਂ ਵਿਖੇ ਬਣਨ ਲੱਗਾ ਤੇ ਪਰਿਵਾਰ ਨੂੰ ਸੇਵਾ ਕਰਨ ਦਾ ਮੌਕਾ ਆਪ ਮਹਾਂਪੁਰਖ ਦਿੰਦੇ ਰਹੇ। ਲਗਾਤਾਰ ਤੇਰਾਂ (13) ਸਾਲ ਜਥੇ ਦਾ ਪ੍ਰੋਗਰਾਮ ਪਿੰਡ ਭੂਰਾ ਕੋਹਨਾਂ ਵਿਖੇ ਬਣਿਆ। ਇੱਥੇ ਇਹ ਵਰਣਨਯੋਗ ਹੈ ਕਿ (ਸੰਤ) ਭਾਈ ਕਰਤਾਰ ਸਿੰਘ ਜੀ ਹੁਰਾਂ ਨੇ ਸਾਰੇ ਪਰਿਵਾਰ ਨੂੰ ਇਹ ਸੁਚੇਤ ਕਰਕੇ ਕਿਹਾ ਸੀ ਕਿ 'ਸੇਵਾ ਤਾਂ ਤੁਸੀਂ ਸਾਰਿਆਂ ਨੇ ਕਰਨੀ ਹੀ ਹੈ ਪਰ ਨਾਲ ਹੀ ਸਵੇਰੇ ਅਤੇ ਸ਼ਾਮ ਦੀ ਕਥਾ ਵੇਲੇ ਦੀਵਾਨ ਵਿੱਚ ਹਾਜ਼ਰੀ ਵੀ ਜਰੂਰ ਭਰਨੀ ਹੈ।' ਸੋ ਮਾਤਾ ਨਿਰੰਜਣ ਕੌਰ ਕਥਾ ਦੇ ਦੀਵਾਨ ਵਿੱਚ ਹਰ

ਰੋਜ਼ ਭੁਝੰਗੀ ਅਮਰੀਕ ਸਿੰਘ ਨੂੰ ਵੀ ਜਰੂਰ ਨਾਲ ਲੈ ਕੇ ਜਾਂਦੇ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਤੇ ਜਥੇ ਦੇ ਸਾਰੇ ਸਿੰਘ ਭੁਝੰਗੀ ਅਮਰੀਕ ਸਿੰਘ ਨੂੰ 'ਹਰਭਜਨ ਸਿੰਘ' ਕਹਿ ਕੇ ਹੀ ਪੁਕਾਰਦੇ ਸਨ।

ਸਮਾਂ ਪਾ ਕੇ (ਸੰਤ) ਭਾਈ ਕਰਤਾਰ ਸਿੰਘ ਜੀ ਦੇ ਘਰ ਦੂਜੇ ਭੁਝੰਗੀ ਨੇ ਜਨਮ ਲਿਆ। ਹੁਕਮਨਾਮੇ ਉਪਰੰਤ ਬਾਲਕ ਦਾ ਨਾਮ 'ਮ' ਅੱਖਰ ਤੋਂ ਮਨਜੀਤ ਸਿੰਘ ਰੱਖਿਆ ਗਿਆ। ਇਸ ਤਰ੍ਹਾਂ ਸਿੱਖੀ ਦੀਆਂ ਗੂੰਜਾਂ ਦੇਣ ਵਾਲੇ ਧਾਰਮਿਕ ਮਾਹੌਲ ਵਿੱਚ ਦੋਹਾਂ ਬੱਚਿਆਂ ਦੀ ਪਰਵਰਿਸ਼ ਹੋਣ ਲੱਗੀ। ਇੱਕ ਸਾਦੀ ਜੀਵਨ-ਜਾਚ ਤੇ ਧਾਰਮਿਕ ਸੋਚ ਬੱਚਿਆਂ ਦੇ ਮਨਾਂ ਉੱਪਰ ਹਾਵੀ ਹੋਣੀ ਸੁਭਾਵਿਕ ਹੀ ਸੀ। ਇਸ ਵਕਤ (ਸੰਤ) ਭਾਈ ਕਰਤਾਰ ਸਿੰਘ ਜੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਗੜਵਈ ਬਣ ਚੁੱਕੇ ਸਨ। ਵੱਡੇ ਮਹਾਂਪੁਰਖਾਂ ਦੀਆਂ ਪਰਿਵਾਰ ਉੱਪਰ ਬਹੁਤ ਖੁਸ਼ੀਆਂ ਸਨ। (ਸੰਤ) ਭਾਈ ਕਰਤਾਰ ਸਿੰਘ ਜੀ ਹੁਣ ਵੱਡੇ ਸੰਤਾਂ ਪਾਸੋਂ ਛੁੱਟੀ ਲੈ ਕੇ ਕਦੇ-ਕਦੇ ਪਿੰਡ ਭੂਰਾ ਕੋਹਨਾਂ ਵਿਖੇ ਸਾਰੇ ਪਰਿਵਾਰ ਨੂੰ ਮਿਲ ਜਾਂਦੇ। ਇੱਥੇ ਇਹ ਵੀ ਵਰਣਨਯੋਗ ਹੈ ਕਿ ਜਿੱਥੇ ਬਾਪੂ ਝੰਡਾ ਸਿੰਘ ਜੀ ਨੂੰ ਪਰਿਵਾਰ ਵਿੱਚ ਸਿੱਖੀ ਦੇ ਆਉਣ ਸਦਕਾ ਅਤਿਅੰਤ ਖੁਸ਼ੀ ਸੀ ਉੱਥੇ ਨਾਲ ਹੀ ਉਹਨਾਂ ਨੂੰ (ਸੰਤ) ਭਾਈ ਕਰਤਾਰ ਸਿੰਘ ਜੀ ਦਾ ਪੱਕੇ ਤੌਰ ਤੇ ਜਥੇ ਵਿੱਚ ਰਹਿਣਾ ਕੁਝ ਠੀਕ ਨਹੀਂ ਸੀ ਲੱਗਦਾ ਕਿਉਂਕਿ ਉਹਨਾਂ ਨੂੰ ਇਹ ਚਿੰਤਾ ਸੀ ਕਿ ਹੁਣ ਤੱਕ ਤਾਂ ਸਾਂਝੇ ਪਰਿਵਾਰ ਵਿੱਚ ਘਰ ਕਿਵੇਂ ਨਾ ਕਿਵੇਂ ਚਲ ਰਿਹਾ ਸੀ ਪਰੰਤੂ ਬਾਅਦ ਵਿੱਚ ਦੋਹਾਂ ਭੁਝੰਗੀਆਂ ਦੀ ਪਰਵਰਿਸ਼ ਕੌਣ ਕਰੇਗਾ। ਇਸ ਕਰਕੇ (ਸੰਤ) ਭਾਈ ਕਰਤਾਰ ਸਿੰਘ ਜੀ ਜਦ ਵੀ ਪਿੰਡ ਮਿਲਣ ਵਾਸਤੇ ਇੱਕ ਜਾਂ ਜਿਆਦਾ ਤੋਂ ਜਿਆਦਾ ਦੋ ਦਿਨ ਲਈ ਆਉਂਦੇ ਤਾਂ ਬਾਪੂ ਜੀ ਇਹ ਹਦਾਇਤ ਜਰੂਰ ਦਿੰਦੇ, 'ਭਾਈ ਕਰਤਾਰ ਸਿੰਘਾ, ਤੂੰ ਬਾਲ ਬੱਚਿਆਂ ਵਾਲਾ ਗ੍ਰਹਿਸਤੀ ਆਦਮੀ ਹੈਂ, ਇੰਝ ਪੱਕੇ ਤੌਰ ਤੇ ਟਕਸਾਲ ਵਿੱਚ ਰਹਿਣ ਨਾਲ ਤੇਰਾ ਘਰ ਕਿਵੇਂ ਚੱਲੇਗਾ ? ਮਹਾਂਪੁਰਖ ਇੱਥੇ ਹਰ ਸਾਲ ਆਉਂਦੇ ਹੀ ਹਨ, ਉਦੋਂ ਹੀ ਸੇਵਾ ਕਰ ਲਿਆ ਕਰ ਜਾਂ ਇੱਕ ਦੋ ਵਾਰ ਜਾ ਕੇ ਭਿੰਡਰ ਕਲਾਂ ਵਿਖੇ ਮਿਲ ਆਇਆ ਕਰ। ਸਾਧ ਬਣ ਕੇ ਜ਼ਿੰਦਗੀ ਗੁਜਾਰਨੀ ਬੜੀ ਔਖੀ ਹੈ।'

(ਸੰਤ) ਭਾਈ ਕਰਤਾਰ ਸਿੰਘ ਜੀ ਅੱਗੋਂ ਮੁਸਕੁਰਾ ਕੇ ਜਵਾਬ ਦਿੰਦੇ, 'ਬਾਪੂ ਜੀ ਇਹ ਬੱਚੇ ਹੁਣ ਕਲਗੀਧਰ ਦੇ ਸਪੁੱਤਰ ਹਨ। ਹੁਣ ਇਹਨਾਂ ਦੀ ਪਾਲਣਾ-ਪੋਸ਼ਣਾ ਦਾ ਫਿਕਰ ਉਹ ਆਪ ਕਰਨਗੇ। ਆਪਾਂ ਤਾਂ ਦੁਨਿਆਵੀ ਬਾਪ ਹਾਂ ਤੇ ਵਕਤ ਆਉਣ ਤੇ ਸਾਥ ਛੱਡ ਦੇਣਾ ਹੈ। ਅਸਲ ਸਹਾਇਤਾ ਤਾਂ ਮਾਲਕ ਨੇ ਆਪ ਹੀ ਕਰਨੀ ਹੈ। ਸਭ ਉਸਦੇ ਭਾਣੇ ਅੰਦਰ ਹੀ ਚਲ ਰਿਹਾ ਹੈ। ਇਸ ਲਈ ਬਾਪੂ ਜੀ, ਚਿੰਤਾ ਕਰਨੀ ਵਿਅਰਥ ਹੈ। ਤੁਸੀਂ ਵੀ ਆਪਣਾ ਧਿਆਨ ਇਹਨਾਂ ਵਾਧੂ ਦਿਆਂ ਫਿਕਰਾਂ ਵਿੱਚੋਂ ਕੱਢ

ਕੇ ਉਸ ਅਕਾਲ ਪੁਰਖ ਦੇ ਚਰਣਾਂ ਵਿੱਚ ਲਗਾਓ। ਜੇਕਰ ਘਰ ਰਹਿ ਕੇ ਬਾਣੀ ਵਿੱਚ ਧਿਆਨ ਨਹੀਂ ਜੁੜਦਾ ਤਾਂ ਤੁਸੀਂ ਵੀ ਮੇਰੇ ਨਾਲ ਹੀ ਚੱਲੋ। ਗੁਰਸਿੱਖਾਂ ਤੇ ਤੱਤ-ਬੇਤੇ ਬ੍ਰਹਮਗਿਆਨੀਆਂ ਦੀ ਸੰਗਤ ਕਰਕੇ ਅਥਾਹ ਆਨੰਦ ਦੀ ਪ੍ਰਾਪਤੀ ਹੋਵੇਗੀ।'

ਬਾਪੂ ਜੀ ਚੁਪ-ਚਾਪ ਕਿੰਨਾ ਚਿਰ ਨੀਝ ਲਗਾ ਕੇ ਆਪਣੇ ਸਪੁੱਤਰ ਦੇ ਚਿਹਰੇ ਵੱਲ ਵੇਖਦੇ ਰਹਿੰਦੇ ਜਿਵੇਂ ਕਿਸੇ ਬਹੁਤ ਵੱਡੀ ਅਸਚਰਜ ਪਹੇਲੀ ਨੂੰ ਸੁਲਝਾਉਣ ਦਾ ਯਤਨ ਕਰ ਰਹੇ ਹੋਣ। ਇੱਕ ਐਸੀ ਪਹੇਲੀ ਜਿਸ ਨੂੰ ਕੇਵਲ ਕੋਈ ਪਾਰਖੂ ਰੂਹ ਹੀ ਸੁਲਝਾ ਸਕਣ ਦੇ ਸਮਰੱਥ ਸੀ। ਨਿਰਸੰਦੇਹ ਬਾਪੂ ਜੀ ਉਹਨਾਂ ਖੋਜਕਾਰਾਂ ਦੀ ਕਤਾਰ ਵਿੱਚ ਆਉਂਦੇ ਹਨ ਜਿਹੜੇ ਅਚਨਚੇਤ ਹੀ ਕਿਸੇ ਬਹੁਤ ਵੱਡਮੁੱਲੇ ਤੇ ਚਮਤਕਾਰੀ ਅਵਿਸ਼ਕਾਰ ਦੀ ਸਿਰਜਣਾ ਕਰਕੇ ਫਿਰ ਉਸ ਅਵਿਸ਼ਕਾਰ ਦੇ ਗੁਣਾਂ ਤੋਂ ਹੀ ਅਣਜਾਣ ਰਹਿ ਜਾਣ।

ਵਕਤ ਬੇ-ਰੋਕ ਆਪਣੀਆਂ ਪੈੜਾਂ ਛੱਡਦਾ ਅਗਾਂਹ ਵੱਧਦਾ ਗਿਆ। ਨਿੱਕੇ ਜਿਹੇ ਲੱਗਣ ਵਾਲੇ ਸੈਕਿੰਡਾਂ ਦੀ ਸੂਈ ਪਲਾਂ ਨੂੰ ਘੰਟਿਆਂ, ਘੰਟਿਆਂ ਨੂੰ ਪਹਿਰਾਂ ਤੇ ਪਹਿਰਾਂ ਨੂੰ ਦਿਨਾਂ ਵਿੱਚ ਢਾਲਦੀ ਅੱਗੇ ਚਲਦੀ ਗਈ। ਭੂਰਾ ਕੋਹਨਾਂ ਪਿੰਡ ਵਿੱਚ ਢਲਦੇ ਪਾਸੇ ਵੱਲ, ਗੁਰਦੁਆਰਾ ਸਾਹਿਬ ਦੇ ਸਾਹਮਣੇ ਵਾਲੇ ਪਾਸੇ ਤੇ ਕੱਚੇ ਕੋਠਿਆਂ ਦੀ ਲੰਬੀ ਕਤਾਰ ਦੇ ਅਗਲੇ ਪਾਸੇ ਮਿੱਟੀ ਨਾਲ ਲਿੱਪੇ-ਪੋਚੇ ਵਿਹੜੇ ਵਿੱਚ ਭੁਝੰਗੀ ਅਮਰੀਕ ਸਿੰਘ ਖੇਡ-ਖੇਡ ਕੇ ਹੁਣ ਢਾਈ ਸਾਲ ਦਾ ਹੋ ਚੁੱਕਾ ਸੀ। ਸਾਰੇ ਪਰਿਵਾਰ ਦੇ ਜੀਆਂ ਦੀ ਤਰ੍ਹਾਂ ਭੁਝੰਗੀ ਅਮਰੀਕ ਸਿੰਘ ਦੀ ਦਾਦੀ ਮਾਤਾ ਲਾਭ ਕੌਰ ਜੀ ਵੀ ਉਹਨਾਂ ਨਾਲ ਬੜਾ ਹੀ ਸਨੇਹ ਕਰਦੇ ਸਨ। ਮਾਤਾ ਨਿਰੰਜਣ ਕੌਰ ਜੀ ਕੁਝ ਸਖ਼ਤ ਸੁਭਾਅ ਦੇ ਹੋਣ ਕਰਕੇ ਜਦ ਕਦੇ ਵੀ ਖਿਝ ਕੇ ਭੁਝੰਗੀ ਨੂੰ ਗੁੱਸੇ ਹੁੰਦੇ ਤਾਂ ਝੱਟ ਹੀ ਮਾਤਾ ਲਾਭ ਕੌਰ ਜੀ ਉਹਨਾਂ ਨੂੰ ਝਿੜਕ ਕੇ ਚੁੱਪ ਕਰਵਾ ਦਿੰਦੇ ਤੇ ਕੁਝ ਵੀ ਬੁਰਾ-ਭਲਾ ਕਹਿਣ ਤੋਂ ਸਖ਼ਤ ਮਨ੍ਹਾਂ ਕਰਦੇ। ਭੁਝੰਗੀ ਦਾ ਕਰਕੇ ਕਈ ਵਾਰ ਨੂੰਹ ਨੂੰ ਸੱਸ ਦੀਆਂ ਝਿੜਕਾਂ ਵੀ ਬਰਦਾਸ਼ਤ ਕਰਨੀਆਂ ਪੈਂਦੀਆਂ। ਵਿਹੜੇ ਵਿੱਚ ਹੀ ਇੱਕ ਪਾਸੇ ਛੋਟੀ ਜਿਹੀ ਖੂਹੀ ਸੀ, ਜਿਸ ਤੋਂ ਸਾਰਾ ਪਰਿਵਾਰ ਪਾਣੀ ਕੱਢ ਕੇ ਵਰਤਦਾ ਸੀ। ਬਾਪੂ ਜੀ ਵਿਹੜੇ ਵਿੱਚ ਖੇਡਦੇ ਬੱਚਿਆਂ ਦੇ ਲਾਗੇ-ਲਾਗੇ ਹੀ ਰਹਿੰਦੇ ਤਾਂ ਕਿ ਕਿਤੇ ਕੋਈ ਬੱਚਾ ਖੂਹੀ ਵਿੱਚ ਹੀ ਨਾ ਡਿੱਗ ਪਵੇ। ਬਚਪਨ ਵਿੱਚ ਭੁਝੰਗੀ ਅਮਰੀਕ ਸਿੰਘ ਕਦੇ ਵੀ ਸਾਥੀਆਂ ਨਾਲ ਖੇਡਦੇ ਸਮੇਂ ਲੜੇ ਨਹੀਂ ਸਨ। ਜੇਕਰ ਉਹਨਾਂ ਦਾ ਕੋਈ ਹਾਣੀ ਜਿਆਦਤੀ ਕਰਨ ਦੀ ਕੋਸ਼ਿਸ਼ ਵੀ ਕਰਦਾ ਤਾਂ ਉਹ ਭੱਜ ਕੇ ਜਾ ਕੇ ਲਾਗੇ ਹੀ ਹੱਥ ਵਿੱਚ ਵੱਡਾ ਸਾਰਾ ਖੂੰਡਾ ਫੜ੍ਹੀ ਬਾਪੂ ਝੰਡਾ ਸਿੰਘ ਜੀ ਦੀਆਂ ਲੱਤਾਂ ਨੂੰ ਚਿੰਬੜ ਜਾਂਦੇ। ਫਿਰ ਬਾਪੂ ਜੀ ਸਾਰੀ ਸਥਿਤੀ ਨੂੰ ਸਮਝਦੇ ਹੋਏ ਇੱਕ ਝੂਠੀ ਜਿਹੀ ਝਿੜਕ ਬੱਚਿਆਂ ਨੂੰ ਦਿੰਦੇ ਤੇ ਫਿਰ ਸਭ ਕੁਝ ਠੀਕ-ਠਾਕ ਹੋ ਜਾਂਦਾ। ਸ਼ਾਇਦ ਇਸ ਤਰ੍ਹਾਂ ਬਾਪੂ ਜੀ ਦੇ ਕੋਲ ਜਾ ਕੇ ਉਹ (ਭਾਈ ਅਮਰੀਕ

ਸਿੰਘ) ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਸਨ। ਜਦ ਬਾਪੂ ਜੀ ਬੱਚਿਆਂ ਨੂੰ ਲੈ ਕੇ ਗੁਰਦੁਆਰਾ ਸਾਹਿਬ ਜਾਂਦੇ ਤਾਂ ਉੱਥੇ ਦੇ ਗ੍ਰੰਥੀ ਭਾਈ ਗੁਰਦੀਪ ਸਿੰਘ ਭਾਈ ਸਾਹਿਬ ਨਾਲ ਲਾਡ ਪਿਆਰ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਕੇ ਬੜੇ ਪ੍ਰਸੰਨ ਹੁੰਦੇ। (ਸੰਤ) ਭਾਈ ਕਰਤਾਰ ਸਿੰਘ ਜੀ ਹੁਣ ਜਦ ਵੀ ਘਰ ਦੀ ਖ਼ਬਰ ਸਾਰ ਲੈਣ ਪਿੰਡ ਭੂਰਾ ਕੋਹਨਾ ਵਿਖੇ ਆਉਂਦੇ ਤਾਂ ਆਪਣੇ ਦੋਹਾਂ ਭੁਝੰਗੀਆਂ ਨੂੰ ਲਾਗੇ ਬਿਠਾ ਕੇ ਰਹਿਤ-ਮਰਿਆਦਾ ਬਾਰੇ ਨਿੱਕੀਆਂ-ਨਿੱਕੀਆਂ ਗੱਲਾਂ ਸਮਝਾਉਂਦੇ ਰਹਿੰਦੇ। ਉਹਨਾਂ ਨੂੰ ਕੇਸਾਂ ਵਿੱਚ ਕੰਘਾ ਰੱਖਣਾ, ਸਵੇਰੇ ਇਸ਼ਨਾਨ ਕਰਨਾ, ਗਲ ਵਿੱਚ ਗਾਤਰੇ ਵਾਲੀ ਕਿਰਪਾਣ ਪਾਉਣੀ ਅਤੇ ਹੱਥ ਵਿੱਚ ਕੜਾ ਰੱਖਣ ਬਾਰੇ ਜਰੂਰੀ ਹਦਾਇਤਾਂ ਜਰੂਰ ਦਿੰਦੇ। ਉਹ ਬੱਚਿਆਂ ਨੂੰ ਜਲਦੀ ਤੋਂ ਜਲਦੀ ਅੰਮ੍ਰਿਤ ਛਕਣ ਲਈ ਤਿਆਰ ਕਰਕੇ ਗੁਰੂ ਦੇ ਲੜ ਲਗਾਉਣਾ ਚਾਹੁੰਦੇ ਸਨ। ਇਸ ਤਰ੍ਹਾਂ ਉਹ ਆਪਣੇ ਭੁਝੰਗੀਆਂ ਦੀ ਜਿੰਮੇਵਾਰੀ ਦਸ਼ਮੇਸ਼ ਪਿਤਾ ਨੂੰ ਸਥਾਈ ਰੂਪ ਵਿੱਚ ਦੇ ਕੇ ਆਪ ਨਿਸ਼ਚਿੰਤ ਹੋ ਕੇ ਸੰਤਾਂ ਦੀ ਸੰਗਤ ਵਿੱਚ ਅਭੇਦ ਹੋਣ ਲਈ ਬਹੁਤ ਉਤਾਵਲੇ ਸਨ। ਇੱਥੇ ਇਹ ਵਰਣਨਯੋਗ ਹੈ ਕਿ ਭਾਵੇਂ ਦੋਹਾਂ ਭੁਝੰਗੀਆਂ ਨੇ ਪੰਜ ਪਿਆਰਿਆਂ ਪਾਸੋਂ ਚੁਲਾ ਹੀ ਛਕਿਆ ਸੀ ਪਰੰਤੂ ਪਿਤਾ ਜੀ ਦੀ ਸਖ਼ਤ ਹਦਾਇਤ ਦਾ ਸਦਕਾ ਸਾਰੇ ਕਕਾਰ ਵੀ ਧਾਰਨ ਕੀਤੇ ਹੋਏ ਸਨ। ਤਿੰਨ (3) ਸਾਲ ਤੱਕ ਗਲੇ ਵਿੱਚ ਹੀ ਛੋਟੀ ਜਿਹੀ ਕਿਰਪਾਨ ਪਾਈ ਸੀ ਪਰ ਬਾਅਦ ਵਿੱਚ ਇੱਕ ਵਾਰ ਜਦ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੇ ਹਰ ਸਾਲ ਦੀ ਤਰ੍ਹਾਂ ਨਗਰ ਭੂਰਾ ਕੋਹਨਾਂ ਵਿੱਚ ਜਥੇ ਸਮੇਤ ਪ੍ਰੋਗਰਾਮ ਕਰਨ ਵਾਸਤੇ ਆਏ ਤਾਂ ਬੱਚਿਆਂ ਨੂੰ ਨਿੱਕੀਆਂ-ਨਿੱਕੀਆਂ ਗਾਤਰੇ ਵਾਲੀਆਂ ਕਿਰਪਾਨਾਂ ਪੁਆ ਦਿੱਤੀਆਂ। ਇਸ ਤਰ੍ਹਾਂ ਭੁਝੰਗੀ ਅੰਮ੍ਰਿਤ ਛਕਣ ਤੋਂ ਪਹਿਲਾਂ ਹੀ ਪੰਜ ਕਕਾਰਾਂ ਦੇ ਧਾਰਨੀ ਹੋ ਗਏ ਸਨ। ਬਾਪੂ ਝੰਡਾ ਸਿੰਘ ਜੀ ਰਾਤ ਨੂੰ ਭੁਝੰਗੀ ਅਮਰੀਕ ਸਿੰਘ ਤੇ ਪਰਿਵਾਰ ਦੇ ਬਾਕੀ ਬੱਚਿਆਂ ਨੂੰ ਵੀ ਲਾਗੇ ਬਿਠਾ ਕੇ ਗੁਰੂ ਸਾਹਿਬਾਨਾਂ ਦੇ ਜੀਵਨ ਸਬੰਧੀ ਸਾਖੀਆਂ ਸੁਣਾਉਂਦੇ ਰਹਿੰਦੇ ਸਨ। ਬਾਲਕ ਮਨ ਉੱਪਰ ਬਾਬਾਣੀਆਂ-ਕਹਾਣੀਆਂ, ਸ਼ਹਾਦਤਾਂ ਤੇ ਕੁਰਬਾਨੀਆਂ ਦਾ ਅਸਰ ਪੈਣਾ ਸੁਭਾਵਿਕ ਹੀ ਸੀ। ਉਸ ਵਕਤ ਬਾਪੂ ਝੰਡਾ ਸਿੰਘ ਜੀ ਨੇ ਕਦੇ ਇਹ ਸੋਚਿਆ ਵੀ ਨਹੀਂ ਹੋਣਾਂ ਕਿ ਉਹਨਾਂ ਦੇ ਲਾਗੇ ਬੈਠਾ ਉਹਨਾਂ ਦਾ ਇਹ ਸਾਢੇ ਕੁ ਤਿੰਨ ਸਾਲ ਦਾ ਪੋਤਰਾ ਸਿੱਖੀ ਸ਼ਹਾਦਤਾਂ ਨਾਲ ਰੱਤਿਆ ਹੋਇਆ ਇਤਿਹਾਸ ਸੁਣਦਾ-ਸੁਣਦਾ ਖੁਦ ਇੱਕ ਦਿਨ ਇਤਿਹਾਸ ਦਾ ਚਮਕਦਾ ਸਿਤਾਰਾ ਬਣ ਕੇ ਚਮਕੇਗਾ। ਕੀ ਪਤਾ ਸੀ ਉਹਨਾਂ ਨੂੰ ਕਿ ਜ਼ਾਲਮ ਦੇ ਜ਼ੁਲਮ ਦੀਆਂ ਲੰਬੀਆਂ ਦੁਖਦਾਇਕ ਗਥਾਵਾਂ ਸੁਣਦਿਆਂ-ਸੁਣਦਿਆਂ ਇਹ ਬਾਲਕ ਖੁਦ ਜ਼ੁਲਮ ਨਾਲ ਲੋਹਾ ਲੈਣ ਦੇ ਕਾਬਲ ਬਣ ਜਾਏਗਾ। ਬਾਪੂ ਝੰਡਾ ਸਿੰਘ ਜੀ ਇੱਕ ਕੱਟੜ ਅਕਾਲੀ ਹੋਣ ਕਾਰਨ ਅਕਸਰ ਹੀ ਅਕਾਲੀ ਮੋਰਚਿਆਂ ਵਿੱਚ ਹਿੱਸਾ ਲੈਂਦੇ ਰਹਿੰਦੇ ਸਨ। ਉਹ (ਭਾਈ) ਅਮਰੀਕ ਸਿੰਘ

ਨੂੰ ਧਾਰਮਿਕ ਸਾਖੀਆਂ ਤੋਂ ਇਲਾਵਾ ਅਕਾਲੀ ਮੋਰਚਿਆਂ, ਸਿੱਖਾਂ ਦੇ ਰਾਜਨੀਤਿਕ, ਧਾਰਮਿਕ, ਸੱਭਿਆਚਾਰਕ, ਖੇਤਰੀ ਅਤੇ ਭਾਸ਼ਾਈ ਹੱਕਾਂ ਬਾਰੇ ਹੁੰਦੀ ਸਿੱਖਾਂ ਦੀ ਜੱਦੋ-ਜਹਿਦ ਦੀ ਨਿੱਕੀ-ਨਿੱਕੀ ਜਾਣਕਾਰੀ ਅਤੇ ਅਕਾਲੀ ਮੋਰਚਿਆਂ ਦੌਰਾਨ ਆਪਣੇ ਨਿੱਜੀ ਅਨੁਭਵਾਂ ਬਾਰੇ ਵੀ ਦੱਸਦੇ ਰਹਿੰਦੇ ਸਨ। ਬਾਪੂ ਜੀ ਦੀਆਂ ਸਿੱਖਾਂ ਦੇ ਹੱਕਾਂ ਪ੍ਰਤੀ ਹੋਏ ਸੰਘਰਸ਼ਾਂ ਅਤੇ ਅਕਾਲੀ ਮੋਰਚਿਆਂ ਦੀਆਂ ਗਾਥਾਵਾਂ ਭਾਵੇਂ ਜਿਆਦਾਤਰ (ਭਾਈ) ਅਮਰੀਕ ਸਿੰਘ ਦੀ ਸਮਝ ਤੋਂ ਪਰ੍ਹੇ ਹੀ ਹੁੰਦੀਆਂ ਲੇਕਿਨ ਸਿੱਖਾਂ ਉੱਤੇ ਹੋਏ ਜ਼ੁਲਮ ਅਤੇ ਫਿਰ ਜ਼ੁਲਮ ਨਾਲ ਸਿੱਖਾਂ ਵੱਲੋਂ ਲੋਹਾ ਲੈਣ ਦੇ ਦ੍ਰਿਸ਼ ਅਤੇ ਵਾਰਤਾ ਸੁਣ ਕੇ ਮੁਗਲ ਰਾਜਿਆਂ ਤੇ ਗੁੱਸਾ ਜਰੂਰ ਆਉਂਦਾ ਸੀ। ਸਿੰਘਾਂ ਦੀਆਂ ਲਾਸਾਨੀ ਕੁਰਬਾਨੀਆਂ ਬਾਰੇ ਸੁਣਦਿਆਂ ਕਈ ਵਾਰ ਬੱਚੇ ਸਾਹ ਸੂਤ ਕੇ ਬੈਠ ਜਾਂਦੇ ਤੇ ਫਿਰ ਕਿੰਨ੍ਹਾ ਚਿਰ ਹੀ ਮੁਗਲ ਰਾਜਿਆਂ ਨੂੰ ਬੁਰਾ-ਭਲਾ ਕਹਿੰਦੇ ਰਹਿੰਦੇ। ਇੰਝ ਇਹ ਬੱਚੇ ਆਪਣੇ ਗੁੱਸੇ ਦਾ ਇਜਹਾਰ ਕਰ ਲੈਂਦੇ।

ਅਜਿਹੇ ਵਾਤਾਵਰਣ ਵਿੱਚ ਪਲ ਰਹੇ (ਭਾਈ) ਅਮਰੀਕ ਸਿੰਘ ਦੇ ਬਾਲਕ ਮਨ ਵਿੱਚ ਚੇਤੰਨਤਾ ਆਉਣੀ ਸੁਭਾਵਿਕ ਹੀ ਸੀ। ਇਸ ਤਰ੍ਹਾਂ ਇੱਕ ਬਾਬਾ ਆਪਣੇ ਪੋਤਰੇ ਨੂੰ ਅਚੇਤ ਹੀ ਆਉਣ ਵਾਲੇ ਸਮੇਂ ਦਾ ਸਿਰਲੱਥ ਯੋਧਾ ਬਣਾਉਣ ਦੀ ਤਿਆਰੀ ਕਰ ਰਿਹਾ ਸੀ।

"ਵਕਤ ਆਨੇਂ ਪੇ, ਬਤਾ ਦੇਂ ਗੇ ਤੁਝੇ ਐ ਆਸਮਾਂ,
ਹਮ ਅਬੀ ਸੇ ਕਿਆ ਬਤਾਏਂ, ਕਿਆ ਹਮਾਰੇ ਦਿਲ ਮੇਂ ਹੈ।"

(ਸੰਤ) ਭਾਈ ਕਰਤਾਰ ਸਿੰਘ ਜੀ ਜਿੱਥੇ ਆਪਣੇ ਭੁਝੰਗੀਆਂ ਨੂੰ ਸੇਵਾ-ਸਿਮਰਨ ਅਤੇ ਗੁਰਮਤਿ ਵਿੱਦਿਆ ਲਈ ਪ੍ਰੇਰਦੇ ਰਹੇ ਉੱਥੇ ਨਾਲ ਹੀ ਉਹਨਾਂ ਨੂੰ ਸੰਸਾਰਿਕ ਵਿੱਦਿਆ ਲਈ ਵੀ ਉਤਸ਼ਾਹਿਤ ਕਰਦੇ ਰਹੇ। ਇਸ ਲਈ ਉਹਨਾਂ ਨੇ (ਭਾਈ) ਅਮਰੀਕ ਸਿੰਘ ਦੀ ਮੁੱਢਲੀ ਵਿੱਦਿਆ ਲਈ ਪਿੰਡ ਭੂਰਾ ਕੋਹਨਾਂ ਦੇ ਹੀ ਸਰਕਾਰੀ ਮਿਡਲ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ।

ਜ਼ਿੰਦਗੀ ਦਾ ਸਿੱਖਿਆਤਮਕ ਤੇ ਉਸਾਰੂ ਪੜਾਅ ਹੁਣ ਸ਼ੁਰੂ ਹੋ ਚੁੱਕਾ ਸੀ। ਨਵਾਂ-ਨਵਾਂ ਚਾਅ ਸੀ ਬੱਚਿਆਂ ਸੰਗ ਜਾ ਕੇ ਸਕੂਲ ਵਿੱਚ ਬੈਠਣ ਦਾ। ਪਹਿਲੇ ਦਿਨ ਮਾਤਾ ਨਿਰੰਜਣ ਕੌਰ ਜੀ ਨੇ ਗਲ ਵਿੱਚ ਸਾਦਾ ਜਿਹਾ ਕੁੜਤਾ ਤੇ ਖੱਦਰ ਦਾ ਪਜਾਮਾ ਪਾ ਕੇ ਸਿਰ 'ਉੱਪਰ ਜੂੜੇ ਤੇ ਰੁਮਾਲ ਪਾ ਦਿੱਤਾ। ਪੈਰਾਂ ਵਿੱਚ ਕੈਂਚੀ ਚੱਪਲਾਂ ਤੇ ਕੁੜਤੇ ਉੱਤੋਂ ਦੀ ਗਾਤਰੇ ਵਾਲੀ ਛੋਟੀ ਕਿਰਪਾਨ ਪਾਈ ਹੋਈ ਸੀ। ਬਾਪੂ ਜੀ ਬਿਨਾਂ ਕਿਤਾਬਾਂ ਅਤੇ ਫੱਟੀ ਤੋਂ ਹੀ ਉਂਗਲ ਫੜ੍ਹ ਕੇ ਤੁਰ ਪਏ। ਬਾਪੂ ਜੀ ਜਦ (ਭਾਈ) ਅਮਰੀਕ ਸਿੰਘ ਨੂੰ

ਨਾਲ ਲੈ ਕੇ ਸਕੂਲੇ ਪਹੁੰਚੇ ਤਾਂ ਮਾਸਟਰ ਜੀ ਨੇ ਦੂਰੋਂ ਹੀ ਬਾਪੂ ਜੀ ਨੂੰ ਅਵਾਜ ਦੇ ਕੇ ਲਾਗਲੀ ਕੁਰਸੀ ਤੇ ਬਿਠਾ ਲਿਆ ਤੇ ਨਵੇਂ ਆਏ ਵਿਦਿਆਰਥੀ ਦਾ ਖਿੱਚ ਭਰਪੂਰ ਮਾਸੂਮ ਚਿਹਰਾ ਵੇਖ ਕੇ ਗੋਦੀ ਵਿੱਚ ਬਿਠਾ ਲਿਆ। ਬਾਪੂ ਜੀ ਨੂੰ ਅਧਿਆਪਕ ਨੇ ਅਗਲੇ ਦਿਨ (ਭਾਈ) ਅਮਰੀਕ ਸਿੰਘ ਲਈ ਇੱਕ ਪਹਿਲੀ ਜਮਾਤ ਦਾ ਕਾਇਦਾ ਅਤੇ ਫੱਟੀ ਲਿਆਉਣ ਲਈ ਕਿਹਾ। ਪੋਤਰੇ (ਭਾਈ) ਅਮਰੀਕ ਸਿੰਘ ਨੂੰ ਮਾਸਟਰ ਦੇ ਹਵਾਲੇ ਕਰਕੇ ਤੇ ਉਸਨੂੰ ਚੰਗੀ ਤਰ੍ਹਾਂ ਪੜ੍ਹਾ ਕੇ ਇੱਕ ਵੱਡਾ ਅਫ਼ਸਰ ਬਣਾਉਣ ਦੀ ਹਦਾਇਤ ਕਰਕੇ ਬਾਪੂ ਜੀ ਘਰ ਵਾਪਿਸ ਆ ਗਏ। ਉਸ ਦਿਨ (ਭਾਈ) ਅਮਰੀਕ ਸਿੰਘ ਵਿਹਲੇ ਹੀ ਬੈਠੇ ਤੇ ਸਾਰੇ ਵਿਦਿਆਰਥੀਆਂ ਵੱਲ ਵੇਖਦੇ ਰਹੇ। ਅੱਧੀ ਛੁੱਟੀ ਵੇਲੇ ਮਾਸਟਰ ਜੀ ਨੇ ਉਹਨਾਂ ਨੂੰ ਕਿਸੇ ਵੱਡੀ ਜਮਾਤ ਦੇ ਵਿਦਿਆਰਥੀ ਨਾਲ ਘਰ ਪਹੁੰਚਾ ਦਿੱਤਾ। ਇਹ ਉਹਨਾਂ ਦਾ ਸਕੂਲ ਵਿੱਚ ਪਹਿਲਾ ਦਿਨ ਸੀ। (ਭਾਈ) ਅਮਰੀਕ ਸਿੰਘ ਘਰ ਆ ਕੇ ਸ਼ਾਮ ਤੱਕ ਪਰਿਵਾਰ ਦੇ ਹਰੇਕ ਜੀਅ ਨੂੰ ਸਕੂਲ ਵਿੱਚ ਬਹੁਤ ਸਾਰੇ ਬੱਚਿਆਂ ਅਤੇ ਡੰਡੇ ਵਾਲੇ ਮਾਸਟਰ ਬਾਰੇ ਦੱਸਦੇ ਰਹੇ।

ਅਗਲੇ ਦਿਨ ਸਵੇਰੇ ਫਿਰ ਹੱਥ ਵਿੱਚ ਫੱਟੀ ਤੇ ਅੱਧੀ ਛੁੱਟੀ ਹੋਣ ਵੇਲੇ ਖਾਣ ਲਈ ਸਟੀਲ ਦੀ ਛੋਟੀ ਜਿਹੀ ਡੱਬੀ ਵਿੱਚ ਪਰੌਂਠਾ ਆਦਿਕ ਲੈ ਕੇ ਸਕੂਲ ਨੂੰ ਤੁਰ ਪਏ। ਸ਼ਹਿਰੋਂ ਕਾਇਦਾ ਤੇ ਬਸਤਾ ਆਉਂਦਿਆਂ ਨੂੰ ਦਸ-ਬਾਰਾਂ ਦਿਨ ਲਗ ਗਏ। ਜੇ ਕਦੇ ਘਰ ਦਾ ਕੋਈ ਜੀਅ ਕੰਮ-ਕਾਰ ਤੋਂ ਵਿਹਲਾ ਹੁੰਦਾ ਤਾਂ ਉਂਗਲੀ ਫੜ ਕੇ (ਭਾਈ) ਅਮਰੀਕ ਸਿੰਘ ਨੂੰ ਸਕੂਲ ਛੱਡ ਆਉਂਦਾ ਨਹੀਂ ਤਾਂ ਲਾਗਲੇ ਘਰਾਂ ਦੇ ਹੋਰਨਾਂ ਬੱਚਿਆਂ ਨਾਲ ਰਲ ਕੇ ਹੀ ਸਕੂਲ ਚਲੇ ਜਾਂਦੇ। ਹੁਣ ਮਾਤਾ ਜੀ ਦੀ ਸਖ਼ਤ ਹਦਾਇਤ ਸੀ ਕਿ ਅੱਧੀ ਛੁੱਟੀ ਵੇਲੇ ਘਰ ਨਹੀਂ ਆਉਣਾ। ਬਚਪਨ ਤੋਂ ਹੀ ਉਹਨਾਂ ਦੇ ਦੋਸਤਾਂ ਦਾ ਘੇਰਾ ਕਾਫ਼ੀ ਵਿਸ਼ਾਲ ਹੁੰਦਾ ਸੀ। ਕਦੀਂ ਵੀ ਕਿਸੇ ਸਾਥੀ ਵਿਦਿਆਰਥੀ ਨਾਲ ਲੜਾਈ-ਝਗੜਾ ਨਹੀਂ ਸੀ ਕੀਤਾ ਜਿਸ ਸਦਕਾ ਉਹਨਾਂ ਨੇ ਆਪਣੇ ਪੂਰੇ ਵਿੱਦਿਅਕ ਜੀਵਨ ਵਿੱਚ ਕਦੇ ਮਾਤਾ-ਪਿਤਾ ਨੂੰ ਕੋਈ ਸ਼ਿਕਾਇਤ ਸੁਣਨ ਦਾ ਮੌਕਾ ਨਹੀਂ ਦਿੱਤਾ। ਸ਼ੁਰੂ-ਸ਼ੁਰੂ ਵਿੱਚ (ਭਾਈ) ਅਮਰੀਕ ਸਿੰਘ ਪੜ੍ਹਾਈ ਵਿੱਚ ਕੋਈ ਬਹੁਤੇ ਹੁਸ਼ਿਆਰ ਨਹੀਂ ਸਨ। ਮਾਤਾ ਨਿਰੰਜਣ ਕੌਰ ਨਿਰੋਲ ਅਨਪੜ੍ਹ ਹੋਣ ਕਾਰਨ ਉਹਨਾਂ ਦੀ ਕਿਸੇ ਵੀ ਪ੍ਰਕਾਰ ਦੀ ਕੋਈ ਮੱਦਦ ਕਰਨ ਤੋਂ ਅਸਮਰੱਥ ਸਨ। ਭਾਈ ਸਾਹਿਬ ਅੱਠਵੀਂ ਤੱਕ ਕੇਵਲ ਪਾਸ ਹੋਣ ਜੋਗੇ ਹੀ ਅੰਕ ਪ੍ਰਾਪਤ ਕਰਦੇ ਰਹੇ। ਪਰ ਹਰ ਵਾਰ ਅਗਲੀ ਜਮਾਤ ਵਿੱਚ ਜਰੂਰ ਪਹੁੰਚ ਜਾਂਦੇ ਭਾਵ ਕਦੇ ਫੇਲ੍ਹ ਨਹੀ ਸਨ ਹੋਏ। ਇਸਦੇ ਬਾਵਜੂਦ ਉਹਨਾਂ ਦੇ ਸਾਰੇ ਅਧਿਆਪਕ ਉਹਨਾਂ ਵਿਚਲੇ ਗੁਣਾਂ ਕਰਕੇ ਉਹਨਾਂ ਨੂੰ ਬਹੁਤ ਪਿਆਰ ਕਰਦੇ ਸਨ। (ਭਾਈ) ਅਮਰੀਕ ਸਿੰਘ ਜੋ ਕੁਝ ਵੀ ਘਰੋਂ ਅੱਧੀ ਛੁੱਟੀ ਵਿੱਚ ਖਾਣ ਨੂੰ ਮਿਲਦਾ ਹਮੇਸ਼ਾ ਨਾਲ ਦੇ ਸਾਥੀਆਂ ਵਿੱਚ ਵੰਡ ਕੇ ਖਾਂਦੇ ਸਨ। ਇਸ ਤੋਂ ਇਹ ਤਾਂ ਜਰੂਰ

ਸਪੱਸ਼ਟ ਹੁੰਦਾ ਹੈ ਕਿ ਬਚਪਨ ਤੋਂ ਹੀ (ਭਾਈ) ਅਮਰੀਕ ਸਿੰਘ ਵਿੱਚ ਹਮਦਰਦੀ ਆਪਸੀ ਮੇਲ-ਮਿਲਾਪ ਤੇ ਵੰਡ ਕੇ ਛਕਣ ਵਰਗੇ ਇਨਸਾਨੀਂ ਗੁਣ ਸਨ। ਸਵਾਰਥ ਅਤੇ ਲਾਲਚ ਵਰਗੀਆਂ ਬੁਰੀਆਂ ਬਲਾਵਾਂ ਤਾਂ ਉਹਨਾਂ ਤੋਂ ਕੋਹਾਂ ਦੂਰ ਸਨ। ਜਿਸ ਦੀ ਬਦੌਲਤ ਉਹ ਆਪਣੀ ਜ਼ਿੰਦਗੀ ਦੇ ਹਰੇਕ ਖੇਤਰ ਵਿੱਚ ਭਾਵੇਂ ਉਹ ਵਿੱਦਿਅਕ ਖੇਤਰ ਹੋਵੇ, ਧਾਰਮਿਕ ਖੇਤਰ ਹੋਵੇ, ਰਾਜਨੀਤਿਕ ਖੇਤਰ ਹੋਵੇ ਜਾਂ ਜੱਦੋ-ਜਹਿਦ ਨਾਲ ਭਰਪੂਰ ਸੰਘਰਸ਼ਮਈ ਖੇਤਰ ਹੋਵੇ, ਹਰ ਜਗ੍ਹਾ ਆਪਣੇ ਸਾਥੀਆਂ ਵਿੱਚ ਸਤਿਕਾਰੇ ਜਾਂਦੇ ਤੇ ਉਹਨਾਂ ਵਿੱਚ ਹਮੇਸ਼ਾ ਆਪਣਾ ਇੱਕ ਨਿਵੇਕਲਾ ਹੀ ਸਥਾਨ ਬਣਾ ਲੈਂਦੇ। ਇਹ ਸਾਰੀਆਂ ਬਖਸ਼ਿਸ਼ਾਂ ਅਤੇ 'ਗੁਣ ਉਹਨਾਂ ਵਿੱਚ ਜਨਮ ਤੋਂ ਹੀ ਵਾਹਿਗੁਰੂ ਦੀ ਬਖਸ਼ਿਸ਼ ਸਦਕਾ ਕਾਇਮ ਸਨ।

''ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ।।''

(ਅੰਗ ੧੫)

ਘਰ ਦੇ ਆਰਥਿਕ ਹਾਲਾਤ ਕੁਝ ਠੀਕ ਨਾ ਹੋਣ ਕਾਰਨ ਸਕੂਲ ਪਾਉਣ ਲਈ (ਭਾਈ) ਅਮਰੀਕ ਸਿੰਘ ਕੋਲ ਕੇਵਲ ਦੋ ਹੀ ਕੁੜਤੇ ਪਜਾਮੇ ਸਨ ਜਿਹੜੇ ਕਿ ਉਹ ਵਾਰੀ-ਵਾਰੀ ਪਾ ਕੇ ਸਕੂਲ ਜਾਂਦੇ ਸਨ। ਸਕੂਲ ਦੀ ਫ਼ੀਸ ਵੀ ਬਾਪੂ ਝੰਡਾ ਸਿੰਘ ਜੀ ਹੀ ਦਿੰਦੇ ਸਨ। (ਸੰਤ) ਭਾਈ ਕਰਤਾਰ ਸਿੰਘ ਜੀ ਨੇ ਕਦੇ ਵੀ ਮਾਤਾ ਨਿਰੰਜਣ ਕੌਰ ਜੀ ਨੂੰ ਖ਼ਰਚੇ ਆਦਿਕ ਜਾਂ ਬੱਚਿਆਂ ਦੀਆਂ ਫ਼ੀਸਾਂ ਤੇ ਹੋਰ ਘਰੇਲੂ ਜਰੂਰਤਾਂ ਬਾਰੇ ਨਹੀਂ ਸੀ ਪੁੱਛਿਆ। ਕਦੇ ਵੀ ਬੱਚਿਆਂ ਵਾਸਤੇ ਆਪਣੀ ਜੇਬ ਵਿੱਚੋਂ ਕੋਈ ਚੀਜ਼ ਨਹੀਂ ਖ਼ਰੀਦੀ ਬਲਕਿ ਜੋ ਕੁਝ ਵੀ ਘਰ ਵਿੱਚ ਹੁੰਦਾ, ਉਸ ਵਿੱਚੋਂ ਵੀ ਦਸਵੰਧ ਕੱਢ ਕੇ ਜਥੇ ਸੰਗਤ ਦੀ ਸੇਵਾ ਵਿੱਚ ਲਗਾਉਣਾ ਕਦੇ ਨਾ ਭੁੱਲਦੇ। ਘਰ ਵਿੱਚ ਪਏ ਹੋਏ ਗੁੜ ਨੂੰ ਵੀ ਜਥੇ ਦੇ ਪਿੰਡ ਵਿੱਚ ਆਉਣ ਵੇਲੇ ਲੰਗਰ ਵਿੱਚ ਸਿੰਘਾਂ ਵਿੱਚ ਵਰਤਾ ਦਿੰਦੇ ਸਨ। ਮਾਤਾ ਜੀ ਦੀਆਂ ਸੰਭਾਲ ਕੇ ਰੱਖੀਆਂ ਹੋਈਆਂ ਨਵੀਆਂ ਚਾਦਰਾਂ, ਦੋਹਰਾਂ ਤੇ ਖੇਸ ਆਦਿਕ ਸੰਦੂਕ ਵਿੱਚੋਂ ਕੱਢ ਕੇ ਸੰਗਤਾਂ ਦੇ ਬੈਠਣ ਲਈ ਵਿਛਾ ਦਿੰਦੇ ਸਨ। ਮਾਤਾ ਨਿਰੰਜਣ ਕੌਰ ਜੀ ਜਦ ਇਸ ਤੇ ਕੁਝ ਨਾਰਾਜ਼ਗੀ ਜ਼ਾਹਿਰ ਕਰਦੇ ਤਾਂ ਅੱਗੋਂ (ਸੰਤ) ਭਾਈ ਕਰਤਾਰ ਸਿੰਘ ਜੀ ਕਹਿ ਦਿੰਦੇ, 'ਨਿਰੰਜਣ ਕੁਰੇ, ਸੰਭਾਲ-ਸੰਭਾਲ ਕੇ ਰੱਖਣ ਦਾ ਕੀ ਫਾਇਦਾ ਹੈ, ਸੰਦੂਕ ਵਿੱਚ ਪਏ ਵੀ ਤਾਂ ਗਲ ਹੀ ਜਾਣੇ ਹੀ ਹਨ। ਸਗੋਂ ਸੰਗਤ ਦੇ ਚਰਨਾਂ ਦੀ ਧੂੜ ਨਾਲ ਤੇਰੇ ਬਿਸਤਰੇ ਵੀ ਪਵਿੱਤਰ ਹੋ ਗਏ। ਹੁਣ ਜਿਹੜਾ ਇਹਨਾਂ ਨੂੰ ਉੱਤੇ ਲੈ ਕੇ ਸੌਂਵੇਗਾ ਉਹ ਕਲਗੀਧਰ ਪਿਤਾ ਦੀ ਬਖ਼ਸ਼ਿਸ਼ ਦਾ ਪਾਤਰ ਬਣੇਗਾ।'

(ਸੰਤ) ਭਾਈ ਕਰਤਾਰ ਸਿੰਘ ਆਪਣੇ ਦੂਸਰੇ ਸਾਰੇ ਭਰਾਵਾਂ ਨੂੰ ਵੀ ਜਥਾ ਸੰਗਤ ਆਉਣ ਤੇ ਵੱਧ ਤੋਂ ਵੱਧ ਲੰਗਰ ਦੀ ਸੇਵਾ ਕਰਨ ਲਈ ਪ੍ਰੇਰਦੇ ਰਹਿੰਦੇ ਸਨ। ਉਹ ਚਾਹੁੰਦੇ ਸਨ ਕਿ ਜਥੇ ਦੇ ਸਿੰਘਾਂ ਦੇ ਪ੍ਰਸ਼ਾਦੇ ਤਿਆਰ ਕਰਨ ਵਿੱਚ ਕੋਈ ਕਸਰ ਬਾਕੀ

ਨਹੀਂ ਰਹਿਣੀ ਚਾਹੀਦੀ ਭਾਵੇਂ ਇਸ ਲਈ ਕਿਸੇ ਤੋਂ ਉਧਾਰ ਪੈਸੇ ਫੜ ਕੇ ਹੀ ਕਿਉਂ ਨਾ ਵੇਲਾ ਸਾਰਿਆ ਜਾਵੇ, ਕਿਉਂਕਿ ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਦਾ ਸਦਕਾ ਹੀ ਪਰਿਵਾਰ ਨੂੰ ਇਹ ਸੇਵਾ ਨਿਭਾਉਣ ਦਾ ਸੁਭਾਗਾ ਸਮਾਂ ਮਹਾਂਪੁਰਖਾਂ ਨੇ ਬਖਸ਼ਿਸ਼ ਕੀਤਾ ਸੀ। ਇਸ ਦੌਰਾਨ (ਭਾਈ) ਅਮਰੀਕ ਸਿੰਘ ਵੀ ਪਰਿਵਾਰ ਦੇ ਦੂਸਰੇ ਭੁਝੰਗੀਆਂ ਨਾਲ ਮਿਲ ਕੇ ਸੰਗਤ ਦੇ ਜੂਠੇ ਬਾਟੇ ਚੁੱਕਣ ਦੀ ਸੇਵਾ ਕਰਦੇ।

ਇੱਕ ਵਾਰ (ਸੰਤ) ਭਾਈ ਕਰਤਾਰ ਸਿੰਘ ਜੀ ਵੱਡੇ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਪਾਸੋਂ ਛੁੱਟੀ ਲੈ ਕੇ ਕਾਫ਼ੀ ਚਿਰ ਪਿੱਛੋਂ ਜਦ ਘਰ ਆਏ ਤਾਂ ਉਸ ਵਕਤ (ਭਾਈ) ਅਮਰੀਕ ਸਿੰਘ ਤੀਸਰੀ ਕਲਾਸ ਦੇ ਵਿਦਿਆਰਥੀ ਸਨ। ਜਦ (ਭਾਈ) ਅਮਰੀਕ ਸਿੰਘ ਸ਼ਾਮ ਨੂੰ ਸਕੂਲ ਤੋਂ ਛੁੱਟੀ ਹੋਣ ਤੋਂ ਬਾਅਦ ਘਰ ਪਰਤੇ ਤਾਂ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਉਹਨਾਂ ਦਾ ਇੱਕ ਛੋਟਾ ਜਿਹਾ ਇਮਤਿਹਾਨ ਲੈਣ ਲਈ ਫੱਟੀ ਲਿਖ ਕੇ ਦਿਖਾਉਣ ਲਈ ਕਿਹਾ। ਅਚਨਚੇਤ ਹੀ ਉਸ ਵੇਲੇ (ਭਾਈ) ਅਮਰੀਕ ਸਿੰਘ ਕੋਲ ਫੱਟੀ ਲਿਖਣ ਵਾਸਤੇ ਸਿਆਹੀ ਨਹੀਂ ਸੀ। ਭਾਵੇਂ ਪਹਿਲਾਂ ਵੀ ਕਈ-ਕਈ ਦਿਨ ਸਿਆਹੀ ਤੋਂ ਬਿਨਾਂ ਹੀ ਲੰਘ ਜਾਂਦੇ ਸਨ ਪਰ ਅੱਜ ਪਿਤਾ ਜੀ ਦਾ ਹੁਕਮ ਕਿਵੇਂ ਟਾਲਿਆ ਜਾ ਸਕਦਾ ਸੀ। ਉਹਨਾਂ ਨੂੰ ਫੱਟੀ ਲਿਖ ਕੇ ਦਿਖਾਉਣੀ ਅਤਿ ਜਰੂਰੀ ਸੀ। (ਭਾਈ) ਅਮਰੀਕ ਸਿੰਘ ਸੋਚਾਂ ਵਿੱਚ ਡੁੱਬ ਗਏ ਕਿ ਸਿਆਹੀ ਦਾ ਬੰਦੋ-ਬਸਤ ਕਿਸ ਤਰੀਕੇ ਨਾਲ ਕਰਕੇ ਫੱਟੀ ਲਿਖੀ ਜਾਵੇ। ਉਹਨਾਂ ਦੇ ਦਿਲ ਵਿੱਚ ਸਿਆਹੀ ਖ਼ਤਮ ਹੋਣ ਦੀ ਨਿਰਾਸ਼ਤਾ ਦੇ ਨਾਲ-ਨਾਲ ਇਹ ਚਾਅ ਵੀ ਸੀ ਕਿ ਪਿਤਾ ਜੀ ਇੰਨੇ ਦਿਨਾਂ ਬਾਅਦ ਘਰ ਆਏ ਹਨ ਅਤੇ ਉਹਨਾਂ ਦੀ ਤਮੰਨਾ ਜਰੂਰ ਪੂਰੀ ਕੀਤੀ ਜਾਣੀ ਚਾਹੀਦੀ ਹੈ। ਦੋ-ਤਿੰਨ (2-3) ਮਿੰਟ ਸੋਚਣ ਤੋਂ ਬਾਅਦ ਉਹ ਉੱਠੇ ਤੇ ਫਟਾਫਟ ਤੰਦੂਰ ਕੋਲ ਜਾ ਕੇ ਉਸ ਵਿੱਚ ਝਾਤੀਆਂ ਮਾਰਨ ਲੱਗੇ। (ਸੰਤ) ਭਾਈ ਕਰਤਾਰ ਸਿੰਘ ਜੀ ਨੇੜੇ ਹੀ ਮੰਜੇ ਤੇ ਬੈਠੇ ਉਹਨਾਂ ਨੂੰ ਵੇਖ ਰਹੇ ਸਨ ਤੇ ਸੋਚ ਰਹੇ ਸਨ ਕਿ ਫੱਟੀ ਲਿਖਣ ਲਈ ਆਖ਼ਿਰ ਤੰਦੂਰ ਵਿੱਚ ਵੇਖਣ ਦੀ ਕੀ ਜਰੂਰਤ ਹੈ। ਏਨੇ ਨੂੰ (ਭਾਈ) ਅਮਰੀਕ ਸਿੰਘ ਨੇ ਇੱਕ ਲੰਬੇ ਸਾਰੇ ਤੀਲੇ ਨਾਲ ਤੰਦੂਰ ਵਿੱਚੋਂ ਸਵੇਰ ਦੀ ਅੱਗ ਦੇ ਕੁਝ ਬੁਝ ਚੁੱਕੇ ਕੋਲੇ ਇਕੱਠੇ ਕਰਕੇ ਉਹਨਾਂ ਨੂੰ ਤੀਲੇ ਦੀ ਸਹਾਇਤਾ ਨਾਲ ਤੰਦੂਰ ਦੇ ਹੇਠਲੇ ਪਾਸੇ ਬਣੇ ਹੋਏ ਗੋਲ ਮੋਰੇ ਵਿੱਚੋਂ ਦੀ ਬਾਹਰ ਕੱਢ ਲਏ। ਹੁਣ (ਭਾਈ) ਅਮਰੀਕ ਸਿੰਘ ਦਾ ਚਿਹਰਾ ਨਿਰਾਸ਼ ਨਹੀਂ ਸੀ। ਉਹ ਫਟਾ-ਫਟਾ ਲਾਗਿਓਂ ਹੀ ਦੋ ਇੱਟਾਂ ਚੁੱਕ ਲਿਆਏ ਤੇ ਉਹਨਾਂ ਇੱਟਾਂ ਨਾਲ ਕੋਲਿਆਂ ਨੂੰ ਬਰੀਕ ਪੀਸ ਕੇ ਸਿਆਹੀ ਦੀ ਦਵਾਤ ਵਿੱਚ ਪਾ ਲਿਆ। ਫਿਰ ਉਸ ਕੋਲਿਆਂ ਦੇ ਬਰੀਕ ਪਾਊਡਰ ਵਿੱਚ ਥੋੜਾ ਜਿਹਾ ਪਾਣੀ ਪਾ ਕੇ ਤੇ ਉਸਨੂੰ ਘੋਲ ਕੇ ਦਵਾਤ ਆਪ ਬਣਾਈ ਸਿਆਹੀ ਨਾਲ ਭਰ ਲਈ। ਫਿਰ ਛੇਤੀ-ਛੇਤੀ ਉਹਨਾਂ ਕੋਲਿਆਂ ਦੀ ਸਿਆਹੀ

ਨਾਲ ਹੀ ਫੱਟੀ ਲਿਖ ਕੇ ਪਿਤਾ ਜੀ ਨੂੰ ਵਿਖਾ ਦਿੱਤੀ। ਪਹਿਲਾਂ ਤੋਂ (ਭਾਈ) ਅਮਰੀਕ ਸਿੰਘ ਵੱਲ ਟਿਕ-ਟਿਕੀ ਲਗਾ ਕੇ ਬੈਠੇ ਸਭ ਕੁਝ ਵੇਖ ਰਹੇ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਜਦ ਫੱਟੀ ਵੇਖੀ ਤਾਂ ਬਹੁਤ ਹੀ ਪ੍ਰਸੰਨ ਹੋਏ। ਉਹਨਾਂ ਨੇ (ਭਾਈ) ਅਮਰੀਕ ਸਿੰਘ ਨੂੰ ਗੋਦੀ ਵਿੱਚ ਚੁੱਕ ਕੇ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਿਆ ਤੇ ਕਿੰਨ੍ਹਾ ਚਿਰ ਹੀ ਅਸੀਸਾਂ ਦਿੰਦੇ ਰਹੇ। (ਜਿੰਨ੍ਹਾਂ ਦੀ ਬਦੌਲਤ ਭਾਈ ਸਾਹਿਬ ਨੇ ਅੱਗੇ ਜਾ ਕੇ ਕਈ ਡਿਗਰੀਆਂ ਪ੍ਰਾਪਤ ਕੀਤੀਆਂ)

ਇਸ ਤਰ੍ਹਾਂ ਭਾਈ ਸਾਹਿਬ ਨੇ ਆਪਣੇ ਪਿੰਡ ਦੇ ਸਕੂਲ (ਜਿਹੜਾ ਕਿ ਉਸ ਵਕਤ ਕੇਵਲ ਅੱਠਵੀਂ ਤੱਕ ਹੀ ਸੀ) ਵਿੱਚ ਹੀ ਅੱਠ ਜਮਾਤਾਂ ਪਾਸ ਕਰ ਲਈਆਂ।

ਅੱਠਵੀਂ ਦੇ ਇਮਤਿਹਾਨਾਂ ਉਪਰੰਤ (ਸੰਤ) ਭਾਈ ਕਰਤਾਰ ਸਿੰਘ ਜੀ ਉਹਨਾਂ ਨੂੰ ਜਥੇ ਸੰਗਤ ਵਿੱਚ ਲੈ ਕੇ ਜਾਣ ਲਈ ਪਿੰਡ ਆ ਗਏ। ਮਾਤਾ ਜੀ ਨੇ ਇਸ ਬਾਰੇ ਇਤਰਾਜ਼ ਕੀਤਾ ਕਿਉਂਕਿ ਉਹ ਇਹ ਨਹੀਂ ਸਨ ਚਾਹੁੰਦੇ ਕਿ ਪੜ੍ਹਾਈ ਵਿੱਚੋਂ ਹਟਾ ਕੇ (ਭਾਈ) ਅਮਰੀਕ ਸਿੰਘ ਨੂੰ ਜਥੇ ਵਿੱਚ ਭੇਜ ਦਿੱਤਾ ਜਾਵੇ। ਉਹਨਾਂ ਨੂੰ ਇਸ ਗਲ ਦਾ ਡਰ ਸੀ ਕਿ ਕਿਤੇ (ਸੰਤ) ਭਾਈ ਕਰਤਾਰ ਸਿੰਘ ਆਪਣੇ ਵਾਂਗ ਪੱਕੇ ਤੌਰ ਤੇ ਹੀ ਭੁਝੰਗੀ ਨੂੰ ਜਥੇ ਵਿੱਚ ਹੀ ਨਾ ਰੱਖ ਲੈਣ। ਅਜਿਹਾ ਹੋਣ ਦੀ ਸੂਰਤ ਵਿੱਚ (ਭਾਈ) ਅਮਰੀਕ ਸਿੰਘ ਦੀ ਪੜ੍ਹਾਈ ਅੱਧ-ਵਿਚਕਾਰ ਰਹਿ ਜਾਣ ਕਾਰਨ ਉਹਨਾਂ ਵੱਡਾ ਅਫ਼ਸਰ ਨਹੀਂ ਸੀ ਬਣ ਪਾਉਣਾ ਤੇ ਘਰ ਦੇ ਆਰਥਿਕ ਹਾਲਾਤਾਂ ਵਿੱਚ ਸੁਧਾਰ ਆਉਣ ਦੀ ਇਹ ਉਮੀਦ ਵੀ ਖ਼ਤਮ ਹੋ ਜਾਣੀ ਸੀ ਕਿਉਂਕਿ ਮਾਤਾ ਜੀ ਨੂੰ ਆਪਣੇ ਪੁੱਤਰਾਂ ਤੋਂ ਇਹ ਆਸ ਜਰੂਰ ਸੀ ਕਿ ਉਹ ਪੜ੍ਹ ਲਿਖ ਕੇ ਵੱਡੇ ਅਫ਼ਸਰ ਬਣ ਕੇ ਨੇਕ ਕਮਾਈ ਨਾਲ ਖੂਬ ਪੈਸਾ ਕਮਾਉਣਗੇ। ਸੋ ਜਦੋਂ (ਸੰਤ) ਭਾਈ ਕਰਤਾਰ ਸਿੰਘ ਜੀ ਨੇ (ਭਾਈ) ਅਮਰੀਕ ਸਿੰਘ ਨੂੰ ਜਥੇ ਵਿੱਚ ਆਪਣੇ ਨਾਲ ਲੈ ਕੇ ਜਾਣ ਦੀ ਇੱਛਾ ਘਰ ਵਿੱਚ ਜਾਹਿਰ ਕੀਤੀ ਤਾਂ ਨਿਰਸੰਦੇਹ ਮਾਤਾ ਨਿਰੰਜਣ ਕੌਰ ਜੀ ਨੂੰ ਉਸ ਵਕਤ ਆਪਣੀਆਂ ਆਸਾਂ-ਉਮੀਦਾਂ ਤੇ ਪਾਣੀ ਫਿਰਦਾ ਨਜਰ ਜਰੂਰ ਆਇਆ ਹੋਵੇਗਾ। ਪਰ (ਸੰਤ) ਭਾਈ ਕਰਤਾਰ ਸਿੰਘ ਜੀ ਆਖੀ ਗੱਲ ਕੌਣ ਮੋੜ ਸਕਦਾ ਸੀ। (ਭਾਈ) ਅਮਰੀਕ ਸਿੰਘ ਵੀ ਪਿਤਾ ਜੀ ਨਾਲ ਜਾਣ ਲਈ ਝੱਟ ਤਿਆਰ ਹੋ ਗਏ। ਇਹ ਵੇਖ ਕੇ ਬਾਪੂ ਝੰਡਾ ਸਿੰਘ ਜੀ ਨੇ ਆ ਕੇ ਆਪਣੇ ਸਪੁੱਤਰ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਕਿਹਾ, 'ਕਰਤਾਰ ਸਿੰਘਾ, ਤੇਰਾ ਤਾਂ ਸਰ ਗਿਆ, ਹੁਣ ਅਗਾਂਹ ਆਹ ਮੁੰਡਿਆਂ ਨੂੰ ਤਾਂ ਘਰ ਬਣਾ ਲੈਣ ਦੇ। ਜੇ ਸਾਰਾ ਟੱਬਰ ਹੀ ਜਥੇ ਵਿੱਚ ਸਾਧ ਹੋ ਗਿਆ ਤਾਂ ਇਹਨਾਂ ਮਕਾਨਾਂ ਦੀ ਰਾਖੀ ਕਰਨ ਵਾਲਾ ਵੀ ਕੋਈ ਘਰੇ ਨਹੀਂ ਰਹਿਣਾ।'

ਬਾਪੂ ਜੀ ਦੀਆਂ ਇਹ ਭਵਿੱਖਬਾਣੀਆਂ ਸੁਣ ਕੇ (ਸੰਤ) ਭਾਈ ਕਰਤਾਰ ਸਿੰਘ ਜੀ ਬਹੁਤ ਉੱਚੀ-ਉੱਚੀ ਹੱਸ ਪਏ ਤੇ ਕਿਹਾ, 'ਬਾਪੂ ਜੀ, ਤੁਸੀਂ ਫਿਕਰ ਨਾ ਕਰੋ।

ਤੁਹਾਡੇ ਇਹਨਾਂ ਕੋਠਿਆਂ ਹੀ ਨਹੀਂ ਬਲਕਿ ਪੂਰੇ ਪਿੰਡ ਦੀ ਰੱਖਿਆ ਅਕਾਲ-ਪੁਰਖ ਆਪ ਕਰਨਗੇ।'

ਇੱਥੇ ਇਹ ਵਰਣਨਯੋਗ ਹੈ ਕਿ ਭਾਈ ਸਾਹਿਬ ਦੇ ਪਿੰਡ ਭੂਰਾ ਕੋਹਨਾ ਵਿਖੇ ਜੱਦੀ ਘਰ ਵਿੱਚ ਵਿਹੜੇ ਵਾਲੀ ਥਾਂ ਤੇ ਹੁਣ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਯਾਦ ਵਿੱਚ ਸੁੰਦਰ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਤੇ ਨਗਰ ਦੀਆਂ ਸੰਗਤਾਂ ਦਾ ਦਰਸ਼ਨਾਂ ਹਿੱਤ ਆਉਣਾ ਜਾਣਾ ਲੱਗਿਆ ਹੀ ਰਹਿੰਦਾ ਹੈ।

(ਸੰਤ) ਭਾਈ ਕਰਤਾਰ ਸਿੰਘ ਭੁਝੰਗੀ ਅਮਰੀਕ ਸਿੰਘ ਨੂੰ ਲੈ ਕੇ ਮਹਾਂਪੁਰਖਾਂ ਪਾਸ ਭਿੰਡਰਕਲਾਂ ਪਹੁੰਚ ਗਏ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਭੁਝੰਗੀ ਨਾਲ ਬਹੁਤ ਪਿਆਰ ਕੀਤਾ ਅਤੇ ਸਾਰੇ ਪਰਿਵਾਰ ਦੀ ਸੁੱਖ-ਸਾਂਦ ਪੁੱਛੀ ਤੇ ਫਿਰ ਆਪਣੇ ਗੜਵਈ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਕਹਿਣ ਲੱਗੇ, 'ਭਾਈ ਕਰਤਾਰ ਸਿੰਘਾ, ਪਰਸੋਂ ਜੋੜ ਮੇਲੇ ਉਪਰੰਤ ਅੰਮ੍ਰਿਤ ਸੰਚਾਰ ਹੋਵੇਗਾ, ਤੁਸੀਂ ਭੁਝੰਗੀ ਨੂੰ ਅੰਮ੍ਰਿਤ ਜਰੂਰ ਛਕਾਉਣਾ। ਹੁਣ ਇਹ ਕਕਾਰ ਸੰਭਾਲਣ ਦੇ ਯੋਗ ਹੋ ਗਿਆ ਹੈ।

ਉਸ ਦਿਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਆਪ ਪੰਜ ਪਿਆਰਿਆਂ ਵਿੱਚ ਸ਼ਾਮਿਲ ਹੋਏ ਸਨ। (ਭਾਈ) ਅਮਰੀਕ ਸਿੰਘ ਕੇਸੀਂ ਇਸ਼ਨਾਨ ਕਰਕੇ, ਕਕਾਰਾਂ ਸਹਿਤ ਹਾਜ਼ਰ ਹੋ ਗਏ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਆਪ ਭਾਈ ਸਾਹਿਬ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਗੁਰੂ ਕੇ ਜਹਾਜ ਦਾ ਮੁਸਾਫ਼ਿਰ ਬਣਾ ਦਿੱਤਾ। ਇਸ ਤਰ੍ਹਾਂ ਭਾਈ ਸਾਹਿਬ ਪੂਰੇ ਗੁਰੂ ਦੇ ਲੜ ਲੱਗ ਗਏ (ਕਿਉਂਕਿ ਅਧੂਰੇ ਗੁਰੂ ਦਾ ਚੇਲਾ ਕਦੇ ਵੀ ਪੂਰਾ ਨਹੀਂ ਹੋ ਸਕਦਾ)। ਜ਼ਿੰਦਗੀ ਦਾ ਇੱਕ ਰੋਸ਼ਨਮਈ ਦੌਰ ਅੱਜ ਤੋਂ ਸ਼ੁਰੂ ਹੋ ਚੁੱਕਾ ਸੀ। ਪੂਰਬਲੇ ਕਰਮਾਂ ਸਦਕਾ ਅੱਜ ਇਹ ਸੁਭਾਗਾ ਸਮਾਂ ਭਾਈ ਸਾਹਿਬ ਨੂੰ ਪ੍ਰਾਪਤ ਹੋਇਆ ਸੀ।

'ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖ ਰਸਿਕ ਬੈਰਾਗੀ।।'

(ਅੰਗ ੨੦੪)

ਵੱਡੇ ਸੰਤਾਂ (ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ) ਨੇ (ਭਾਈ) ਅਮਰੀਕ ਸਿੰਘ ਨੂੰ ਜਥੇ ਵਿੱਚ ਰਹਿ ਕੇ ਹੀ ਗੁਰਮਤਿ ਵਿਦਿਆ ਪੜ੍ਹਨ ਦੀ ਤਾਕੀਦ ਕੀਤੀ ਜਿਸਨੂੰ ਭਾਈ ਸਾਹਿਬ ਅਤੇ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਸਤਿ ਬਚਨ ਕਹਿ ਕੇ ਪ੍ਰਵਾਨ ਕਰ ਲਿਆ।

ਹਠੀਆਂ, ਤਪੀਆਂ ਅਤੇ ਜਪੀਆਂ ਦੀ ਜਥੇਬੰਦੀ ਦਮਦਮੀ ਟਕਸਾਲ ਦੇ ਬਾਣੀ ਦੇ ਰਸੀਏ ਤੇ ਬ੍ਰਹਮਗਿਆਨੀ, ਤੱਤ-ਬੇਤੇ ਮਹਾਂਪੁਰਖਾਂ ਦੀ ਸੰਗਤ ਤੇ ਸੱਚੀ-ਸੁੱਚੀ ਸੇਧ ਵਿੱਚ (ਭਾਈ) ਅਮਰੀਕ ਸਿੰਘ ਨੇ ਨਿੱਤਨੇਮ, ਵਾਹਿਗੁਰੂ ਮੰਤਰ ਦਾ ਅਭਿਆਸ ਅਤੇ ਹੋਰ ਗੁਰਮਤਿ ਸਬੰਧੀ ਵਿਦਿਆ ਪ੍ਰਾਪਤ ਕਰਨੀ ਆਰੰਭ ਕਰ ਦਿੱਤੀ। ਗੁਰਬਾਣੀ ਦੇ

ਸ਼ੁੱਧ ਤੇ ਸਪੱਸ਼ਟ ਉਚਾਰਣ ਅਤੇ ਹਰੇਕ ਪੰਕਤੀ ਦੇ ਅਰਥਾਂ ਨੂੰ ਉਦਾਹਰਣਾਂ ਨਾਲ (ਭਾਈ) ਅਮਰੀਕ ਸਿੰਘ ਨੂੰ ਸਮਝਾਇਆ ਜਾਣ ਲੱਗਾ। ਜਥੇ ਵਿੱਚ ਰਹਿ ਕੇ ਉੱਚਾ-ਸੁੱਚਾ ਜੀਵਨ ਬਤੀਤ ਕਰਨ ਵਾਲੇ ਗੁਰਸਿੱਖਾਂ ਦੇ ਜੀਵਨ ਤੇ ਉਹਨਾਂ ਦੇ ਵਿਚਾਰਾਂ ਦਾ ਭਾਈ ਸਾਹਿਬ ਦੇ ਮਨ ਉੱਪਰ ਬਹੁਤ ਪ੍ਰਭਾਵ ਪਿਆ। ਹਰੇਕ ਸਿੰਘ ਨੂੰ ਉਹ ਵੱਧ ਤੋਂ ਵੱਧ ਬਾਣੀ ਪੜ੍ਹਦਿਆਂ ਵੇਖ ਕੇ ਬਹੁਤ ਹੀ ਉਤਸ਼ਾਹਿਤ ਹੁੰਦੇ ਤੇ ਫਿਰ ਉਹਨਾਂ ਦੀ ਵੀ ਇਹ ਕੋਸ਼ਿਸ਼ ਹੁੰਦੀ ਕਿ ਜਲਦੀ ਤੋਂ ਜਲਦੀ ਬਾਣੀ ਅਤੇ ਕਥਾ-ਵਿਚਾਰ ਸਿੱਖ ਕੇ ਉਹ ਵੀ ਇੱਕ ਵਿਦਵਾਨ ਬਣ ਕੇ ਸਟੇਜ ਉੱਪਰ ਮਾਇਕ ਵਿੱਚ ਬੋਲਣ ਤੇ ਸੰਗਤਾਂ ਦਾ ਇਕੱਠ ਚੁੱਪ-ਚਾਪ ਉਹਨਾਂ ਦੇ ਵਿਚਾਰ ਸੁਣੇ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜਦ ਵੀ (ਭਾਈ) ਅਮਰੀਕ ਸਿੰਘ ਨੂੰ ਮਿਲਦੇ ਤਾਂ ਉਹਨਾਂ ਨੂੰ ਵਿੱਦਿਆ (ਗੁਰਮਤਿ) ਬਾਰੇ ਜਰੂਰ ਪ੍ਰੱਛਦੇ। ਯਾਦ ਵਜੋਂ ਇਹ ਵੀ ਜਿਕਰਯੋਗ ਹੈ ਕਿ ਜਥੇ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਉਹਨਾਂ ਨੂੰ ਹਰਭਜਨ ਸਿੰਘ ਕਹਿ ਕੇ ਹੀ ਪੁਕਾਰਦੇ ਸਨ। ਜਥੇ ਦੇ ਸਿੰਘ ਵੀ ਇਸੇ ਨਾਮ ਨਾਲ ਹੀ ਭਾਈ ਸਾਹਿਬ ਨੂੰ ਬੁਲਾਉਂਦੇ ਰਹੇ। ਇਸ ਸਮੇਂ ਦੌਰਾਨ (ਸੰਤ) ਭਾਈ ਜਰਨੈਲ ਸਿੰਘ ਜੀ ਵੀ ਜਥੇ ਵਿੱਚ ਆ ਚੁੱਕੇ ਸਨ। ਉਹਨਾਂ ਦਾ ਸ਼ੁਰੂ ਤੋਂ ਹੀ ਭਾਈ ਸਾਹਿਬ ਨਾਲ ਅੰਦਰੂਨੀ ਮੋਹ ਸੀ ਅਤੇ ਉਹ ਜਥੇ ਵਿੱਚ ਭਾਈ ਸਾਹਿਬ ਤੋਂ ਪਹਿਲਾਂ ਆਏ (Senior) ਹੋਣ ਕਰਕੇ ਉਹਨਾਂ ਨੂੰ ਮਰਿਆਦਾ ਸਬੰਧੀ ਹਦਾਇਤਾਂ ਵੀ ਦਿੰਦੇ ਰਹਿੰਦੇ ਅਤੇ ਨਾਲ ਜਥੇ ਨਿਯਮਾਂ ਬਾਰੇ ਵੀ ਸਮਝਾਉਂਦੇ ਰਹਿੰਦੇ। ਆਉਣ ਵਾਲੇ ਸਮੇਂ ਦੇ ਦੋ ਸਿਰਲੱਥ ਸੂਰਮਿਆਂ ਦੀ ਇਹ ਇਲਾਹੀ ਦੋਸਤੀ ਸੀ ਜਿਹੜੀ ਉਹਨਾਂ ਨੇ ਆਪਣੇ ਆਖ਼ਰੀ ਸਵਾਸਾਂ ਤੱਕ ਨਿਭਾਈ।

ਕਦੇ-ਕਦੇ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੇ (ਭਾਈ) ਅਮਰੀਕ ਸਿੰਘ ਨੂੰ ਆਵਾਜ ਮਾਰ ਕੇ, ਕੋਲ ਬਿਠਾ ਕੇ ਪ੍ਰਸ਼ਾਦਾ ਛਕਾਉਂਦੇ ਤੇ ਫਿਰ ਪੁੱਛਦੇ, 'ਤੇਰਾ ਆਪਣੀ ਮਾਤਾ ਨੂੰ ਮਿਲਣ ਤੇ ਦਿਲੋ ਤੇ ਨਹੀਂ ਕਰਦਾ ? ਹੁਣ ਇੱਥੇ ਰਹਿੰਦਿਆਂ ਹੋਇਆਂ ਕੇਵਲ ਬਾਣੀ ਪੜ੍ਹਨ ਵਿੱਚ ਹੀ ਪੂਰਾ-ਪੂਰਾ ਧਿਆਨ ਲਗਾਉਣਾ ਹੈ ਤੇ ਮਾਤਾ ਦਾ ਕੋਈ ਫ਼ਿਕਰ ਨਹੀਂ ਕਰਨਾ, ਵਾਹਿਗੁਰੂ ਉਹਨਾਂ ਨੂੰ ਠੀਕ ਕਰਨਗੇ।' (ਕਿਉਂਕਿ ਮਾਤਾ ਨਿਰੰਜਣ ਕੌਰ ਜੀ ਦਾ ਸਰੀਰ ਕੁਝ ਢਿੱਲਾ ਹੋਣ ਕਰਕੇ ਉਹ ਅਕਸਰ ਹੀ ਬੀਮਾਰ ਹੋ ਜਾਂਦੇ ਸਨ ਤੇ ਵੱਡੇ ਮਹਾਂਪੁਰਖ ਜਥੇ ਦੇ ਸਿੰਘਾਂ ਪਾਸੋਂ ਮਾਤਾ ਜੀ ਦੇ ਲਈ ਚੌਪਈ ਸਾਹਿਬ ਦੇ ਪਾਠ ਕਰਵਾ ਕੇ ਅਰਦਾਸ ਕਰਵਾਉਂਦੇ ਸਨ।)

ਜਥੇ ਵਿੱਚ ਜਾ ਕੇ ਪਹਿਲਾਂ-ਪਹਿਲ ਦਮਦਮੀ ਟਕਸਾਲ ਦੇ ਕੁਝ ਨਿਯਮਾਂ ਕਰਕੇ ਘਰ ਦੀ ਯਾਦ ਜਰੂਰ ਆਈ ਜਿਵੇਂ ਸਵੇਰੇ ਅੰਮ੍ਰਿਤ ਵੇਲੇ ਉੱਠਣ ਲੱਗਿਆ ਕੁਝ ਔਖਾ-ਔਖਾ ਜਿਹਾ ਲੱਗਦਾ ਪਰ ਕੁਝ ਕੁ ਦਿਨਾਂ ਬਾਅਦ ਮਹਾਂਪੁਰਖਾਂ ਦੀ ਬਖ਼ਸ਼ਿਸ਼

ਸਦਕਾ 'ਛੇਤੀ ਹੀ ਉਹਨਾਂ ਨੇ ਸਾਰੇ ਨਿਯਮਾਂ ਦੀ ਪਾਲਣਾ ਬਿਨਾਂ ਕਿਸੇ ਸੰਕੋਚ ਤੋਂ ਕਰਨੀ ਆਰੰਭ ਕਰ ਦਿੱਤੀ। ਹੌਲੀ-ਹੌਲੀ ਉਹਨਾਂ ਨੇ ਆਪਣੇ ਆਪ ਨੂੰ ਜਥੇ ਦੇ ਵਕਤ ਮੁਤਾਬਿਕ ਹਰੇਕ ਕੰਮ ਠੀਕ ਸਮੇਂ ਉੱਪਰ ਕਰਨ ਲਈ ਪਾਬੰਦ ਕਰ ਲਿਆ ਤੇ ਇਸ ਤਰ੍ਹਾਂ ਜੀਵਨ ਵਿੱਚ ਅਨੁਸ਼ਾਸ਼ਨ ਦੀ ਮਹੱਤਤਾ ਦਾ ਪਹਿਲੀ ਵਾਰ ਗਿਆਨ ਹੋਇਆ। ਹਰ ਸਮੇਂ ਕੁਝ ਨਾ ਕੁਝ ਕਰਦੇ ਰਹਿਣਾ ਤੇ ਵਾਹਿਗੁਰੂ ਦਾ ਨਾਮ ਹਰ ਵੇਲੇ ਚੇਤੇ ਰੱਖਣਾ ਵੀ ਪਹਿਲੀ ਵਾਰ ਉਹਨਾਂ ਨੇ ਜਥੇ ਵਿੱਚ ਰਹਿ ਕੇ ਹੀ ਸਿੱਖਿਆ। ਜੀਵਨ ਦੇ ਵੱਡਮੁੱਲੇ ਗੁਣਾਂ ਨੂੰ ਉਹ ਸਾਧਾਂ ਦੀ ਸੰਗਤ ਵਿੱਚ ਰਹਿ ਕੇ ਘੁੱਟ-ਘੁੱਟ ਕੇ ਪੱਲੇ ਨਾਲ ਬੰਨ੍ਹ ਰਹੇ ਸਨ। ਮਨੁੱਖ ਦੇ ਧਰਤੀ ਉੱਪਰ ਆ ਕੇ ਅਸਲ ਕਾਰਜ ਦਾ ਵੀ ਅਹਿਸਾਸ ਉਹਨਾਂ ਨੂੰ ਪਹਿਲੀ ਵਾਰ ਹੀ ਹੋਇਆ। ਜੀਵਨ ਦਾ ਰਹੱਸ ਹੁਣ ਉਹਨਾਂ ਨੂੰ ਕੁਝ ਸਮਝ ਆ ਰਿਹਾ ਸੀ।

(ਭਾਈ) ਅਮਰੀਕ ਸਿੰਘ ਦੇ ਜਥੇ ਵਿੱਚ ਰਹਿੰਦਿਆਂ ਹੀ ਅਚਾਨਕ ਇੱਕ ਦਿਨ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਆਪਣੇ ਪਾਸ ਬੁਲਾਇਆ ਤੇ ਕਹਿਣ ਲੱਗੇ, ' ਭਾਈ ਕਰਤਾਰ ਸਿੰਹਾਂ ਤੇਰੇ ਭੁਝੰਗੀ ਦੀ ਸ਼ਾਦੀ ਨਾ ਕਰ ਦਈਏ ? ਤੇਰੀ ਵੀ ਜਿੰਮੇਵਾਰੀ ਖ਼ਤਮ ਹੋ ਜਾਵੇਗੀ ਤੇ ਨਾਲ ਹੀ (ਮਾਤਾ) ਨਿਰੰਜਣ ਕੌਰ ਨੂੰ ਵੀ ਕੁਝ ਸੁੱਖ ਮਿਲੇਗਾ।'

'ਜੀ ਸਤਿ ਬਚਨ, ਆਪ ਜੀ ਦਾ ਹੀ ਭੁਝੰਗੀ ਹੈ, ਮੈਂ ਤਾਂ ਪਹਿਲਾਂ ਹੀ ਗੁਰੂ ਦੇ ਜਹਾਜ ਤੇ ਚੜ੍ਹਾ ਕੇ ਕਲਗੀਧਰ ਪਿਤਾ ਨੂੰ ਸੌਂਪ ਦਿੱਤਾ ਹੈ ਬਾਕੀ ਜਿੰਮੇਵਾਰੀ ਵੀ ਤਾਂ ਤੁਸੀਂ ਹੀ ਨਿਭਾਉਣੀ ਹੈ, ਦਾਸ ਤਾਂ ਤੁਹਾਡੇ ਹੁਕਮਾਂ ਸਦਕਾ ਹੀ ਸੇਵਾ ਨਿਭਾ ਰਿਹਾ ਹੈ।' (ਸੰਤ) ਭਾਈ ਕਰਤਾਰ ਸਿੰਘ ਨੇ ਹੱਥ ਜੋੜ ਕੇ ਕੁਝ ਹੈਰਾਨੀ ਜਿਹੀ ਨਾਲ ਵੱਡੇ ਮਹਾਂਪੁਰਖਾਂ ਨੂੰ ਜਵਾਬ ਦਿੱਤਾ ਤੇ ਨਾਲ ਹੀ ਮਨ ਵਿੱਚ ਵਿਚਾਰ ਆਈ ਕਿ ਮਹਾਂਪੁਰਖਾਂ ਦੇ ਮਨ ਵਿੱਚ ਇਹ ਬਚਨ ਅੱਜ ਅਚਾਨਕ ਕਿਵੇਂ ਆ ਗਿਆ ਹੈ ?

'ਭਾਈ ਕਰਤਾਰ ਸਿੰਘਾ, ਅਗਲੇ ਮਹੀਨੇ ਜਥੇ ਦਾ ਅਗਲਾ ਪ੍ਰੋਗਰਾਮ ਪਿੰਡ ਧੀਰਾ ਪੱਤਰਾ (ਜ਼ਿਲ੍ਹਾ ਫਿਰੋਜਪੁਰ) ਵਿੱਚ ਹੈ ਤੇ ਉੱਥੋਂ ਦੇ ਭਾਈ ਗੁਰਦੀਪ ਸਿੰਘ ਦਾ ਸਾਰੇ ਸਿੰਘਾਂ ਨਾਲ ਤੇ ਖ਼ਾਸ ਕਰ ਤੁਹਾਡੇ ਨਾਲ ਬਹੁਤ ਪ੍ਰੇਮ ਹੈ ਤੇ ਉਹਨਾਂ ਦੀ ਸਪੁੱਤਰੀ ਦੀ ਮੰਗਣੀ ਤੁਹਾਡੇ ਭੁਝੰਗੀ ਨਾਲ ਕਰਨ ਦਾ ਮਨ ਵਿੱਚ ਵਿਚਾਰ ਆਇਆ ਹੈ। ਇਸ ਬਾਰੇ ਤੁਹਾਡੀ ਕੀ ਰਾਇ ਹੈ ? ਭਾਈ ਗੁਰਦੀਪ ਸਿੰਘ ਦਾ ਸਾਰਾ ਹੀ ਪਰਿਵਾਰ ਗੁਰਸਿੱਖੀ ਨਾਲ ਜੁੜਿਆ ਹੋਇਆ ਤੇ ਬਾਣੀ ਪੜ੍ਹਨ ਵਾਲਾ ਹੈ।' ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਫਿਰ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਆਪਣੇ ਲਾਗੇ ਬੈਠਣ ਦਾ ਇਸ਼ਾਰਾ ਕਰਦਿਆਂ ਕਿਹਾ।

''ਮਹਾਂਪੁਰਖੋ ਦਾਸ ਨੂੰ ਹੋਰ ਕੀ ਚਾਹੀਦਾ ਹੈ, ਤੁਹਾਨੂੰ ਸਭ ਪਤਾ ਹੀ ਹੈ, ਜਿਵੇਂ

ਆਪ ਜੀ ਦੀ ਇੱਛਾ ਹੈ ਉਵੇਂ ਹੀ ਕਰ ਲਵੋ। ਮੈਨੂੰ ਕੋਈ ਹੋਰ ਹੁਕਮ ਹੈ ਤਾਂ ਆਗਿਆ ਕਰੋ।'' (ਸੰਤ) ਭਾਈ ਕਰਤਾਰ ਸਿੰਘ ਜੀ ਨੇ ਗਲ ਵਿੱਚ ਪਾਏ ਹੋਏ ਹਜ਼ੂਰੀਏ ਨੂੰ ਦੋਹਾਂ ਹੱਥਾਂ ਵਿੱਚ ਲੈ ਕੇ, ਹੱਥ ਜੋੜ ਕੇ ਮਹਾਂਪੁਰਖਾਂ ਦੇ ਸਾਹਮਣੇ ਵਾਲੇ ਪਾਸੇ ਚਰਣਾਂ ਵੱਲ ਬੈਠਦਿਆਂ ਹੋਇਆਂ ਕਿਹਾ। ਲਾਗੇ ਬੈਠੇ ਸਿੰਘਾਂ ਤੋਂ ਵੀ ਜਦ ਵੱਡੇ ਮਹਾਂਪੁਰਖਾਂ ਨੇ ਰਾਇ ਪੁੱਛੀ ਤਾਂ ਸਾਰਿਆਂ ਨੇ ਝੱਟ ਇਸ ਰਿਸ਼ਤੇ ਦੀ ਹਾਮੀ ਭਰ ਦਿੱਤੀ।

ਅਗਲੇ ਮਹੀਨੇ ਜਦ ਜਥੇ ਦਾ ਪ੍ਰੋਗਰਾਮ ਪਿੰਡ ਧੀਰਾ ਪੱਤਰਾ ਬਣਿਆ ਤਾਂ ਜਾਂਦਿਆਂ ਹੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਭਾਈ ਗੁਰਦੀਪ ਸਿੰਘ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, 'ਜਥੇਦਾਰ ਜੀ, ਅਸੀਂ ਭਾਈ ਕਰਤਾਰ ਸਿੰਘ ਦੇ ਭੁਝੰਗੀ ਹਰਭਜਨ ਸਿੰਘ ਦਾ ਰਿਸ਼ਤਾ ਤੁਹਾਡੀ ਸਪੁੱਤਰੀ ਨਾਲ ਕਰਨ ਦੀ ਵਿਚਾਰ ਕੀਤੀ ਹੈ। ਭਾਈ ਤੁਸਾਂ ਨੂੰ ਪਰਵਾਨ ਹੋਵੇ ਤਾਂ ਅਰਦਾਸ ਕਰ ਦੇਈਏ ?'

ਜਥੇਦਾਰ ਗੁਰਦੀਪ ਸਿੰਘ ਜੀ ਨੇ ਦੋਵੇਂ ਹੱਥ ਜੋੜ ਕੇ ਜਵਾਬ ਦਿੱਤਾ, 'ਜੀ ਇਸ ਗਰੀਬ ਦੇ ਪਰਿਵਾਰ ਦੀਆਂ ਧੀਆਂ ਤੁਹਾਡੀਆਂ ਹੀ ਹਨ, ਆਪ ਨੂੰ ਜਿਵੇਂ ਚੰਗਾ ਲੱਗੇ ਦਾਸ ਨੂੰ ਤੇ ਦੂਜੇ ਪਰਿਵਾਰ ਨੂੰ ਵੀ ਕੋਈ ਇਤਰਾਜ ਨਹੀਂ ਹੋਵੇਗਾ।'

ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਝੱਟ ਪ੍ਰਸੰਨ ਹੋ ਕੇ ਆਪਣੀ ਜੇਬ ਵਿੱਚੋਂ ਇੱਕ-ਇੱਕ ਰੁਪਏ ਦੇ ਦੋ ਨੋਟ ਕੱਢ ਕੇ ਇੱਕ ਭਾਈ ਗੁਰਦੀਪ ਸਿੰਘ ਜੀ ਨੂੰ ਦੇ ਦਿੱਤਾ ਤੇ ਇੱਕ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਦੇ ਦਿੱਤਾ ਤੇ ਕਿਹਾ, 'ਭਾਈ ਇਹ ਮੇਰੇ ਵੱਲੋਂ ਸ਼ਗਨ ਭੁਝੰਗੀ ਤੇ ਬੀਬੀ ਨੂੰ ਦੇ ਦੇਣਾ।' ਫਿਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਅਰਦਾਸ ਕੀਤੀ ਤੇ ਰਿਸ਼ਤਾ ਪੱਕਾ ਹੋ ਗਿਆ।

ਚੇਤੇ ਰਹੇ ਕਿ ਜਥੇਦਾਰ ਗੁਰਦੀਪ ਸਿੰਘ ਦਾ ਪੂਰਾ ਪਰਿਵਾਰ ਸਿੱਖੀ ਤਾਂਘ ਰੱਖਣ ਵਾਲਾ ਤੇ ਟਕਸਾਲ ਨਾਲ ਜੁੜਿਆ ਹੋਇਆ ਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦਾ ਦਿਲੋਂ ਸਤਿਕਾਰ ਕਰਨ ਵਾਲਾ ਤੇ ਦਿਲੋਂ ਪ੍ਰੇਮ ਰੱਖਣ ਵਾਲਾ ਸੀ। ਭਾਵੇਂ ਭਾਈ ਗੁਰਦੀਪ ਸਿੰਘ ਜੀ ਦੇ ਪਰਿਵਾਰ ਵਿੱਚ ਵੀ ਗਰੀਬੀ ਸੀ ਪਰ ਸਿਮਰਨ ਤੇ ਸੇਵਾ ਵਿੱਚ ਇਹ ਨਿਮਾਣਾ ਜਿਹਾ ਪਰਿਵਾਰ ਜਰੂਰ ਸ਼ਾਹੂਕਾਰ ਸੀ। ਜਥੇਦਾਰ ਗੁਰਦੀਪ ਸਿੰਘ ਜੀ, ਉਹਨਾਂ ਦੇ ਭਰਾ ਭਾਈ ਦਾਰਾ ਸਿੰਘ ਤੇ ਪਿੰਡ ਦੇ ਹੋਰ ਸਿੱਖ ਸ਼ਰਧਾਲੂ ਮਹਾਂਪੁਰਖਾਂ ਦਾ ਪ੍ਰੋਗਰਾਮ ਇਸ ਨਗਰ ਵਿੱਚ ਬਣਾਉਂਦੇ ਸਨ। ਸਾਰਾ ਪਰਿਵਾਰ ਤਨ-ਮਨ-ਧਨ ਨਾਲ ਜਥੇ ਦੇ ਸਿੰਘਾਂ ਦੀ ਸੇਵਾ ਕਰਦਾ ਅਤੇ ਕਥਾ-ਕੀਰਤਨ ਦਾ ਆਨੰਦ ਵੀ ਮਾਣਦਾ। ਜਥੇਦਾਰ ਗੁਰਦੀਪ ਸਿੰਘ ਜੀ ਦੀਆਂ ਪੰਜ ਪੁੱਤਰੀਆਂ ਅਤੇ ਪਿੱਛੋਂ ਗੁਰੂ ਸਾਹਿਬ ਦੀ ਬਖ਼ਸ਼ਿਸ਼ ਅਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਬਚਨਾਂ ਸਦਕਾ ਦੋ ਭੁਝੰਗੀ ਹੋਏ। ਸਾਰੇ ਬੱਚੇ ਅੰਮ੍ਰਿਤਧਾਰੀ ਸਨ ਤੇ ਨਿੱਤਨੇਮ ਦੀ ਸੰਥਿਆ ਲੈਂਦੇ ਸਨ। ਜਥੇਦਾਰ ਗੁਰਦੀਪ ਸਿੰਘ ਜੀ ਦੀ ਬਾਹਰਲੀ ਕੱਚੀ ਹਵੇਲੀ ਵਿੱਚ ਹੀ ਸਿੰਘਾਂ

ਵਾਸਤੇ ਲੰਗਰ ਤਿਆਰ ਕੀਤਾ ਜਾਂਦਾ ਸੀ। ਰੋਜਾਨਾਂ ਸਵੇਰੇ ਦੋ ਵਜੇ ਅੰਮ੍ਰਿਤ ਵੇਲੇ ਵੱਡੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਇਸ਼ਨਾਨ ਕਰਨ ਦਾ ਸਮਾਂ ਹੁੰਦਾ ਸੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਇਸ਼ਨਾਨ ਵਾਸਤੇ ਤੜ੍ਹਕੇ (ਸੰਤ) ਭਾਈ ਕਰਤਾਰ ਸਿੰਘ ਗੜਵਈ ਅਤੇ ਇਹਨਾਂ ਦੇ ਨਾਲ ਜਥੇਦਾਰ ਗੁਰਦੀਪ ਸਿੰਘ ਜੀ ਚੁੱਲ੍ਹੇ ਉੱਪਰ ਵੱਡੀ ਦੇਗ਼ ਵਿੱਚ ਪਾਣੀ ਗਰਮ ਕਰਦੇ ਸਨ। ਇਸ ਤਰ੍ਹਾਂ ਪਹਿਲਾਂ ਤੋਂ ਹੀ ਦੋਹਾਂ ਦਾ ਆਪਸ ਵਿੱਚ ਕਾਫ਼ੀ ਪ੍ਰੇਮ ਤੇ ਨੇੜਤਾ ਸਦਕਾ ਗੂੜ੍ਹੀ ਮਿੱਤਰਤਾ ਸੀ। ਕਦੇ-ਕਦੇ ਸਿਆਲ ਹੋਣ ਕਾਰਨ ਜਦ ਬਾਲਣ ਵਾਲੀਆਂ ਲੱਕੜਾਂ ਉੱਪਰ ਤ੍ਰੇਲ ਪੈ ਜਾਂਦੀ ਤਾਂ ਅੱਗ ਬਾਲਣ ਵਿੱਚ ਮੁਸ਼ਕਿਲ ਆਉਂਦੀ ਸੀ। ਉਸ ਵਕਤ ਜਥੇਦਾਰ ਗੁਰਦੀਪ ਸਿੰਘ ਜੀ ਦੀ ਸਿੰਘਣੀ ਬੀਬੀ ਹਰਬੰਸ ਕੌਰ ਜੀ ਤੜਕੇ ਅੱਗ ਬਾਲਣ ਦੀ ਸੇਵਾ ਕਰਦੀ। ਲੰਗਰ ਦੀ ਸੇਵਾ ਵੀ ਬੀਬੀ ਹਰਬੰਸ ਕੌਰ ਆਪਣੀਆਂ ਪੁੱਤਰੀਆਂ ਨੂੰ ਨਾਲ ਲੈ ਕੇ ਖੁਦ ਕਰਿਆ ਕਰਦੀ ਸੀ। ਕਿਰਤ ਕਰਨ ਵਾਲੇ ਅਤੇ ਸਿੱਖੀ ਤੜ੍ਹਪ ਰੱਖਣ ਵਾਲੇ ਦੋਹਾਂ ਹੀ ਪਰਿਵਾਰਾਂ ਵਿੱਚ ਕਾਫ਼ੀ ਸਮਾਨਤਾ ਸੀ। ਭੁਝੰਗੀ ਦਾ ਰਿਸ਼ਤਾ ਹੋਣ ਕਾਰਨ (ਸੰਤ) ਭਾਈ ਕਰਤਾਰ ਸਿੰਘ ਜੀ ਤੇ ਜਥੇਦਾਰ ਗੁਰਦੀਪ ਸਿੰਘ ਜੀ ਹੁਣ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੀ ਬਖ਼ਸ਼ਿਸ਼ ਸਦਕਾ ਗੁਰ-ਭਾਈ ਬਣ ਚੁੱਕੇ ਸਨ। ਇਸ ਤਰ੍ਹਾਂ (ਭਾਈ) ਅਮਰੀਕ ਸਿੰਘ ਦੀ ਮੰਗਣੀ ਬੀਬੀ ਮਹਿੰਦਰ ਕੌਰ (ਬੀਬੀ ਹਰਮੀਤ ਕੌਰ ਜੀ) ਨਾਲ ਹੋ ਗਈ ਜਿਹੜੀ ਕਿ ਉਸ ਸਮੇਂ ਚੌਥੀ ਜਮਾਤ ਦੀ ਵਿਦਿਆਰਥਣ ਸੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਜਥੇਦਾਰ ਗੁਰਦੀਪ ਸਿੰਘ ਨੂੰ ਆਪਣੇ ਸਾਰੇ ਬੱਚਿਆਂ ਨੂੰ ਵੱਧ ਤੋਂ ਵੱਧ ਬਾਣੀ ਦੀ ਸੰਥਿਆ ਦਿਵਾਉਣ ਦੀ ਹਦਾਇਤ ਕੀਤੀ। ਜਥੇਦਾਰ ਗੁਰਦੀਪ ਸਿੰਘ ਜੀ ਦਾ ਪਰਿਵਾਰ 1947 ਦੀ ਹੋਈ ਵੰਡ ਵੇਲੇ ਪਾਕਿਸਤਾਨ ਤੋਂ ਬੇਘਰ ਹੋ ਕੇ ਏਧਰ ਆਏ ਸਨ। ਬਾਅਦ ਵਿੱਚ ਫਿਰੋਜਪੁਰ ਜ਼ਿਲ੍ਹੇ ਵਿੱਚ ਸਰਕਾਰ ਵੱਲੋਂ ਜਮੀਨ ਅਲਾਟ ਹੋਈ ਤਾਂ ਪਿੰਡ ਧੀਰਾ ਪੱਤਰਾ ਵਿਖੇ ਪੱਕੇ ਤੌਰ ਤੇ ਰਹਿਣ ਲੱਗ ਪਏ। ਪਾਕਿਸਤਾਨ ਤੋਂ ਆਏ ਹੋਣ ਕਾਰਨ ਇਸ ਪਰਿਵਾਰ ਉੱਪਰ ਵੀ ਗਰੀਬੀ ਆ ਗਈ। ਭਾਵੇਂ ਕਿ ਵੰਡ ਤੋਂ ਪਹਿਲਾਂ ਜਥੇਦਾਰ ਗੁਰਦੀਪ ਸਿੰਘ ਜੀ ਹੁਰਾਂ ਦਾ ਪਰਿਵਾਰ ਆਪਣੇ ਇਲਾਕੇ ਦੇ ਚੋਣਵੇਂ ਸ਼ਾਹੂਕਾਰਾਂ ਵਿੱਚ ਗਿਣਿਆ ਜਾਂਦਾ ਸੀ ਪਰ ਵਕਤ ਦੀ ਜ਼ਾਲਮ ਮਾਰ ਨੇ ਸਭ ਕੁਝ ਖੋਹ ਲਿਆ ਸੀ। ਸਾਰੇ ਪਰਿਵਾਰ ਨੇ ਏਧਰ ਆ ਕੇ ਹੀ ਅੰਮ੍ਰਿਤ ਛਕਿਆ ਤੇ ਗੁਰਸਿੱਖੀ ਧਾਰਨ ਕੀਤੀ। ਹੌਲੀ-ਹੌਲੀ ਇਹ ਪਰਿਵਾਰ ਦਮਦਮੀ ਟਕਸਾਲ ਨਾਲ ਐਸਾ ਜੁੜਿਆ ਕਿ ਜਥੇਦਾਰ ਗੁਰਦੀਪ ਸਿੰਘ ਜੀ ਨੇ ਆਪਣਾ ਤਨ-ਮਨ-ਧਨ ਮਹਾਂਪੁਰਖਾਂ ਨੂੰ ਅਰਪਿਤ ਕਰ ਦਿੱਤਾ। ਅਲਾਟ ਹੋਈ ਜਮੀਨ ਵਿੱਚ ਦਿਨ-ਰਾਤ ਸਾਰਾ ਪਰਿਵਾਰ ਮਿਹਨਤ ਕਰਕੇ ਅਤੇ ਉਸੇ ਆਮਦਨੀ ਵਿੱਚੋਂ ਹੀ ਮਹਾਂਪੁਰਖਾਂ ਦੀ ਸੇਵਾ ਕਰਕੇ ਵਾਹਿਗੁਰੂ ਦਾ ਧੰਨ-ਸ਼ੁਕਰ ਕਰਦਾ ਸੀ। ਪਿੰਡ

ਵਿੱਚ ਕਿਸੇ ਨਾਲ ਵੀ ਈਰਖਾ, ਵੈਰ-ਵਿਰੋਧ ਜਾਂ ਮੰਦਾ ਬੋਲਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਇਹਨਾਂ ਦੋਹਾਂ ਧਾਰਮਿਕ ਪਰਿਵਾਰਾਂ ਦਾ ਮੇਲ ਕਰਵਾ ਕੇ ਮਹਾਂਪੁਰਖਾਂ ਨੇ 'ਸੋਨੇ ਤੇ ਸੁਹਾਗੇ' ਵਾਲੀ ਗੱਲ ਕੀਤੀ ਸੀ।

ਓਧਰ ਜਦ ਪਿੰਡ ਭੂਰਾ ਕੋਹਨਾਂ ਵਿਖੇ (ਭਾਈ) ਅਮਰੀਕ ਸਿੰਘ ਦੀ ਮੰਗਣੀ ਦੀ ਖੁਸ਼ਖ਼ਬਰੀ ਪਹੁੰਚੀ ਤਾਂ ਸਾਰੇ ਪਰਿਵਾਰ ਨੂੰ ਹੀ ਜਿਵੇਂ ਮਣਾਂ-ਮੂੰਹੀ ਚਾਅ ਚੜ੍ਹ ਗਿਆ। ਖ਼ਾਸ ਤੌਰ ਤੇ ਮਾਤਾ ਲਾਭ ਕੌਰ ਜੀ ਅਤੇ ਬਾਪੂ ਝੰਡਾ ਸਿੰਘ ਜੀ ਬਹੁਤ ਖੁਸ਼ ਹੋਏ। ਸਾਰਿਆਂ ਨੇ ਮਾਤਾ ਨਿਰੰਜਣ ਕੌਰ ਜੀ ਨੂੰ ਮੁਬਾਰਕਬਾਦ ਦਿੱਤੀ। ਮਾਤਾ ਨਿਰੰਜਣ ਕੌਰ ਜੀ ਦੇ ਮਨ ਵਿੱਚ ਭਾਵੇਂ ਇਹ ਵਿਚਾਰ ਉੱਠ ਰਿਹਾ ਸੀ ਕਿ ਰਿਸ਼ਤੇ ਤੋਂ ਪਹਿਲਾਂ ਘੱਟੋ-ਘੱਟ ਲੜਕੀ ਬਾਰੇ ਕੁਝ ਨਾ ਕੁਝ ਜਾਣਕਾਰੀ ਜਰੂਰ ਹੋਣੀ ਚਾਹੀਦੀ ਸੀ ਪਰ ਨਾਲ ਹੀ ਮਨ ਵਿੱਚ ਇਹ ਤਸੱਲੀ ਜਰੂਰ ਸੀ ਕਿ ਇਹ ਮੇਲ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਆਪ ਕਰਵਾਏ ਹਨ, ਇਸ ਲਈ ਸਭ ਠੀਕ ਹੀ ਹੋਵੇਗਾ। ਜਥੇਦਾਰ ਗੁਰਦੀਪ ਸਿੰਘ ਜੀ ਬਾਰੇ ਭਾਵੇਂ ਪਹਿਲਾਂ ਵੀ ਮਹਾਂਪੁਰਖਾਂ ਤੋਂ ਸੁਣਿਆ ਸੀ ਪਰੰਤੂ ਪਰਿਵਾਰ ਬਾਰੇ ਕੋਈ ਜਿਆਦਾ ਜਾਣਕਾਰੀ ਨਹੀਂ ਸੀ।

ਜਥੇ ਵਿੱਚ ਰਹਿੰਦਿਆਂ ਹੋਇਆਂ (ਭਾਈ) ਅਮਰੀਕ ਸਿੰਘ ਨੂੰ ਇੱਕ ਸਾਲ ਹੋ ਚੱਲਿਆ ਸੀ । ਇਸ ਦੌਰਾਨ ਉਹਨਾਂ ਨੇ ਨਿੱਤਨੇਮ, ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਸੰਥਿਆ ਪੂਰੀ ਕਰ ਲਈ ਸੀ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਰ ਰਹੇ ਸਨ। ਹੁਣ ਤੱਕ ਉਹਨਾਂ ਨੇ ਪੂਰੀ ਤਰ੍ਹਾਂ ਆਪਣੇ ਆਪ ਨੂੰ ਜਥੇ ਦੇ ਨਿਯਮਾਂ ਮੁਤਾਬਿਕ ਢਾਲ ਲਿਆ ਸੀ। ਘਰ ਦੀ ਯਾਦ ਹੁਣ ਬਹੁਤਾ ਨਹੀਂ ਸੀ ਸਤਾਉਂਦੀ। ਸਾਲ ਵਿੱਚ ਇੱਕ-ਦੋ ਵਾਰ ਸੁਖ-ਸਾਂਦ ਦੀ ਚਿੱਠੀ ਲਿਖ ਕੇ ਮਾਤਾ ਜੀ ਨੂੰ ਪਾ ਦਿੱਤੀ ਸੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚੋਂ ਕਥਾ-ਕੀਰਤਨ ਦੇ ਪ੍ਰੋਗਰਾਮਾਂ ਦੀ ਲੜੀ ਸਮਾਪਤ ਕਰਕੇ ਕਈ ਦਿਨਾਂ ਬਾਅਦ ਜਥੇ ਸਮੇਤ ਭਿੰਡਰ ਕਲਾਂ ਪਹੁੰਚੇ ਤਾਂ ਇੱਕ-ਦੋ ਦਿਨਾਂ ਬਾਅਦ ਹੀ ਸ਼ਾਮ ਦੇ ਨਿੱਤਨੇਮ ਤੋਂ ਪਹਿਲਾਂ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਭੁਝੰਗੀ ਨੂੰ ਬੁਲਾਉਣ ਵਾਸਤੇ ਕਿਹਾ। ਭਾਈ ਸਾਹਿਬ ਨੇ ਆ ਕੇ ਹੱਥ ਜੋੜ ਕੇ ਮਹਾਂਪੁਰਖਾਂ ਨੂੰ ਫਤਹਿ ਬੁਲਾਈ ਤਾਂ ਮਹਾਂਪੁਰਖਾਂ ਨੇ ਅੱਗੋਂ ਉਹਨਾਂ ਦੇ ਦੋਵੇਂ ਹੱਥ ਫੜ੍ਹ ਕੇ ਕੋਲ ਬਿਠਾ ਲਿਆ ਤੇ ਕਹਿਣ ਲੱਗੇ, 'ਹਰਭਜਨ ਸਿੰਹਾਂ, ਭਾਈ ਤੈਨੂੰ ਜਥੇ ਵਿੱਚ ਆਇਆਂ ਹੋਇਆਂ ਇੱਕ ਸਾਲ ਹੋ ਚੱਲਿਆ ਹੈ। ਇਸ ਸਮੇਂ ਦੌਰਾਨ ਤੇਰੀ ਕੋਈ ਵੀ ਸ਼ਿਕਾਇਤ ਨਹੀਂ ਆਈ। ਹੁਣ ਤੁਸੀਂ ਆਪਣੀ ਮਾਤਾ ਕੋਲ ਪਿੰਡ ਚਲੇ ਜਾਓ ਕਿਉਂਕਿ ਨਿਰੰਜਣ ਕੌਰ ਵੀ ਠੀਕ ਨਹੀਂ ਰਹਿੰਦੀ। ਨਿੱਤਨੇਮ ਤੇ ਹੋਰਨਾਂ ਬਾਣੀਆਂ ਦਾ ਅਭਿਆਸ ਇਸ ਤਰ੍ਹਾਂ ਹੀ ਨਿਰ-ਵਿਘਨਤਾ ਸਹਿਤ ਜਾਰੀ ਰੱਖਣਾ ਹੈ। ਭਾਈ ਆਪਣੀ ਮਾਤਾ ਨੂੰ

ਵੀ ਬਾਣੀ ਸੁਣਾਇਆ ਕਰੀਂ। ਉਹਨਾਂ ਦੀ ਆਗਿਆ ਵਿੱਚ ਰਹਿਣਾ ਹੈ ਤੇ ਰਹਿਤ-ਮਰਿਆਦਾ ਵਿੱਚ ਕਦੇ ਵੀ ਕੋਈ ਫਰਕ ਨਹੀਂ ਪਾਉਣਾ। ਫਿਰ ਕਲਗੀਆਂ ਵਾਲੇ ਆਪ ਸਹਾਈ ਹੋਣਗੇ। ਹੁਣ ਤੁਸੀਂ ਜਾਓ ਤੇ ਆਪਣੀ ਪਹਿਲਾਂ ਪੜ੍ਹਾਈ (ਦੁਨਿਆਵੀ) ਪੂਰੀ ਕਰ ਲਓ, ਫਿਰ ਤੁਹਾਡੇ ਕੋਲੋਂ ਸੇਵਾ ਲਵਾਂਗੇ। ਅਕਾਲ-ਪੁਰਖ ਤੁਹਾਡੀ ਝੋਲੀ ਵਿੱਚ ਗੁਰਸਿੱਖੀ ਪਾਵੇ ਤੇ ਹਮੇਸ਼ਾ ਪਰਿਵਾਰ ਦੀ ਚੜ੍ਹਦੀ ਕਲਾ ਕਰੇ।'

ਸੰਤਾਂ ਨੇ ਦੋ-ਤਿੰਨ ਮਿੰਟ ਰੁਕ ਕੇ ਫਿਰ ਕਿਹਾ, 'ਕਰਤਾਰ ਸਿੰਘ ਜੀ, ਤੁਸੀਂ ਆਪ ਜਾ ਕੇ ਭੁਝੰਗੀ ਨੂੰ ਪਿੰਡ ਛੱਡ ਆਓ ਨਾਲੇ ਪਰਿਵਾਰ ਦੀ ਸੁੱਖ-ਸਾਂਦ ਦਾ ਪਤਾ ਲੱਗ ਜਾਵੇਗਾ।'

'ਜੀ ਸਤਿ-ਬਚਨ, ਜਿਵੇਂ ਤੁਹਾਡੀ ਇੱਛਾ ਹੈ।', ਅੱਗੋਂ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਉੱਤਰ ਦਿੱਤਾ।

ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਬਚਨ ਜਿਵੇਂ ਕੁੱਜੇ ਵਿੱਚ ਸਮੁੰਦਰ ਬੰਦ ਸੀ। ਬਹੁਤੀਆਂ ਖੁਸ਼ੀਆਂ ਤੇ ਅਸੀਸਾਂ ਦੇ ਕੇ ਉਹਨਾਂ ਨੇ (ਭਾਈ) ਅਮਰੀਕ ਸਿੰਘ ਨੂੰ ਵਿਦਾ ਕੀਤਾ ਤੇ ਉਹਨਾਂ ਦੀ ਝੋਲੀ ਵੱਡਮੁੱਲੇ ਭੰਡਾਰਿਆਂ ਨਾਲ ਭਰ ਦਿੱਤੀ ਅਤੇ ਸਭ ਤੋਂ ਵੱਡੀ ਅਸੀਸ ਉਹਨਾਂ ਨੇ ਭਵਿੱਖ ਵਿੱਚ ਭਾਈ ਸਾਹਿਬ ਪਾਸੋਂ ਸੇਵਾ ਲੈਣ ਦੀ ਦਿੱਤੀ, ਜਿਸ ਦਾ ਭੇਦ ਸਾਨੂੰ ਉਹਨਾਂ ਦੀ ਸ਼ਹੀਦੀ ਤੋਂ ਬਾਅਦ ਹੀ ਸਮਝ ਆਇਆ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਤਾਂ ਬਹੁਤ ਸਮਾਂ ਪਹਿਲਾਂ ਹੀ ਇਹ ਜਿੰਮੇਵਾਰੀ ਉਹਨਾਂ ਨੂੰ ਸੌਂਪ ਦਿੱਤੀ ਸੀ ਤੇ ਭਾਈ ਸਾਹਿਬ ਨੇ ਮਹਾਂਪੁਰਖਾਂ ਦੇ ਅਟੱਲ ਬਚਨਾਂ ਤੇ ਸੁਗੰਧੀਆਂ ਦੇ ਫੁੱਲ ਆਪਣੇ ਖ਼ੂਨ ਵਿੱਚ ਧੋ ਕੇ ਚੜ੍ਹਾਏ। ਇਸ ਤਰ੍ਹਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਬੜੇ ਪ੍ਰੇਮ ਤੇ ਖੁਸ਼ੀ ਨਾਲ ਭੁਝੰਗੀ ਨੂੰ ਵਿਦਾ ਕੀਤਾ।

(ਭਾਈ) ਅਮਰੀਕ ਸਿੰਘ ਨੂੰ ਭਾਵੇਂ ਪੂਰੇ ਇੱਕ ਸਾਲ ਬਾਅਦ ਘਰ ਜਾਣ ਦਾ ਬਹੁਤ ਚਾਅ ਸੀ ਪਰ ਨਾਲ ਹੀ ਮਹਾਂਪੁਰਖਾਂ ਨਾਲੋਂ ਵਿਛੋੜੇ ਕਾਰਨ ਮਨ ਵਿੱਚ ਨਿਰਾਸ਼ਾ ਵੀ ਸੀ। ਜਥੇ ਦੇ ਬਹੁਤ ਸਾਰੇ ਸਿੰਘਾਂ ਨਾਲ ਭਾਈ ਸਾਹਿਬ ਦੀ ਨੇੜਤਾ ਕਾਫ਼ੀ ਵਧ ਚੁੱਕੀ ਸੀ। ਜਾਣ ਲੱਗਿਆ (ਭਾਈ) ਅਮਰੀਕ ਸਿੰਘ ਸਾਰਿਆਂ ਨੂੰ ਗੁਰ-ਫਤਹਿ ਬੁਲਾਉਣ ਗਏ। ਸਾਰੇ ਸਿੰਘ ਉਹਨਾਂ ਨੂੰ ਜੱਫ਼ੀ ਵਿੱਚ ਲੈ ਕੇ ਮਿਲੇ। ਖ਼ਾਸ ਕਰਕੇ (ਸੰਤ) ਭਾਈ ਜਰਨੈਲ ਸਿੰਘ ਜੀ ਅਤੇ (ਬਾਬਾ) ਭਾਈ ਠਾਕੁਰ ਸਿੰਘ ਜੀ ਨੇ ਬਹੁਤ ਪਿਆਰ ਨਾਲ ਵਿਦਾ ਕੀਤਾ।

(ਸੰਤ) ਭਾਈ ਕਰਤਾਰ ਸਿੰਘ ਜੀ ਜਦ ਭੁਝੰਗੀ ਅਮਰੀਕ ਸਿੰਘ ਨੂੰ ਨਾਲ ਲੈ ਕੇ ਭਿੰਡਰ ਕਲਾਂ ਤੋਂ ਬੱਸ ਰਾਹੀਂ ਪਿੰਡ ਭੂਰਾ ਕੋਹਨਾਂ ਵਿਖੇ ਪਹੁੰਚੇ ਤਾਂ ਸਾਰਾ ਪਰਿਵਾਰ ਉਹਨਾਂ ਦੇ ਆਲੇ-ਦੁਆਲੇ ਵਿਹੜੇ ਵਿੱਚ ਇਕੱਠਾ ਹੋ ਗਿਆ। ਬਾਪੂ ਜੀ ਨੇ ਪਿਆਰ

ਨਾਲ ਉਹਨਾਂ ਨੂੰ ਛਾਤੀ ਨਾਲ ਘੁੱਟ ਲਿਆ ਜਿਵੇਂ ਕੋਈ ਚਿਰਾਂ ਤੋਂ ਗੁਆਚੀ ਬੜੀ ਵੱਡਮੁੱਲੀ ਚੀਜ਼ ਲੱਭ ਪਈ ਹੋਵੇ। ਮਾਤਾ ਨਿਰੰਜਣ ਕੌਰ ਜੀ ਵਿੱਚ ਵੀ ਜਿਵੇਂ ਜਾਨ ਪੈ ਗਈ ਸੀ। ਬਾਕੀ ਸਾਰੇ ਪਰਿਵਾਰ ਨੂੰ ਵੀ ਬਹੁਤ ਚਾਅ ਚੜ੍ਹਿਆ। ਇੰਨੇ ਚਿਰ ਬਾਅਦ ਘਰ ਆਉਣ ਕਰਕੇ ਆਂਢੀ-ਗੁਆਂਢੀ ਵੀ (ਸੰਤ) ਭਾਈ ਕਰਤਾਰ ਸਿੰਘ ਜੀ ਤੇ (ਭਾਈ) ਅਮਰੀਕ ਸਿੰਘ ਨੂੰ ਮਿਲਣ ਆਏ।

ਰਾਤ ਨੂੰ ਪ੍ਰਸ਼ਾਦਾ ਛੱਕ ਕੇ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਸਾਰੇ ਪਰਿਵਾਰ ਨੂੰ ਮਹਾਂਪੁਰਖਾਂ ਅਤੇ ਜਥੇ ਦੀ ਸਾਰੀ ਸੁਖ-ਸਾਂਦ ਅਤੇ (ਭਾਈ) ਅਮਰੀਕ ਸਿੰਘ ਦੀ ਮੰਗਣੀ ਬਾਰੇ ਵਿਸਥਾਰ ਨਾਲ ਦੱਸਿਆ। (ਸੰਤ) ਭਾਈ ਕਰਤਾਰ ਸਿੰਘ ਜੀ ਨੇ ਮਾਤਾ ਨਿਰੰਜਣ ਕੌਰ ਜੀ ਦੇ ਬਹੁਤ ਸਾਰੇ ਸਵਾਲਾਂ ਦੇ ਵੀ ਉੱਤਰ ਦਿੱਤੇ ਤੇ ਫਿਰ (ਭਾਈ) ਅਮਰੀਕ ਸਿੰਘ ਨੂੰ ਅਗਲੀ ਜਮਾਤ ਵਿੱਚ ਦਾਖ਼ਲ ਕਰਵਾ ਕੇ ਪੜ੍ਹਾਈ ਸ਼ੁਰੂ ਕਰਵਾਉਣ ਲਈ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦਾ ਹੁਕਮ ਵੀ ਸੁਣਾਇਆ। (ਭਾਈ) ਅਮਰੀਕ ਸਿੰਘ ਵੀ ਜਥੇ ਵਿੱਚ ਰਹਿਣ ਵਾਲੇ ਸਿੰਘਾਂ ਬਾਰੇ, ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਵੱਲੋਂ ਮਿਲੇ ਨਿੱਘੇ ਪਿਆਰ ਤੇ ਭਿੰਡਰ ਕਲਾਂ ਰਹਿੰਦਿਆਂ ਹੋਏ ਆਪਣੇ ਨਿੱਜੀ ਅਨੁਭਵਾਂ ਬਾਰੇ ਆਪਣੇ ਛੋਟੇ ਭਰਾ (ਭਾਈ) ਮਨਜੀਤ ਸਿੰਘ, ਚਾਚੇ-ਤਾਇਆਂ ਦੇ ਪੁੱਤਰ-ਭਰਾਵਾਂ ਤੇ ਬਾਪੂ ਜੀ ਨਾਲ ਗੱਲਾਂ ਕਰਦੇ ਰਹੇ।

ਘਰ ਵਿੱਚ ਇੱਕ ਦਿਨ ਰਹਿਣ ਤੋਂ ਬਾਅਦ (ਸੰਤ) ਭਾਈ ਕਰਤਾਰ ਸਿੰਘ ਜੀ ਵਾਪਸ ਮਹਾਂਪੁਰਖਾਂ ਕੋਲ ਪਹੁੰਚ ਗਏ ਕਿਉਂਕਿ ਪ੍ਰੇਮ ਦੀ ਡੋਰ ਵਿੱਚ ਬੱਝੇ ਹੋਣ ਕਾਰਨ ਪਿਛਾਂਹ ਮੁੜਨ ਲਈ ਅਤਿਅੰਤ ਉਤਾਵਲੇ ਸਨ। ਗਿਆਨੀ ਪ੍ਰੀਤਮ ਸਿੰਘ ਜੀ ਦਮਦਮੀ ਟਕਸਾਲ (ਲਿਖਾਰੀ ਜੀ) ਨੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਪਵਿੱਤਰ ਜੀਵਨ ਵਿੱਚ ਇਹ ਜਿਕਰ ਕੀਤਾ ਹੈ ਕਿ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਕਦੇ-ਕਦੇ ਮਸਤੀ ਵਿੱਚ ਆ ਕੇ ਪ੍ਰੇਮ ਨਾਲ ਗੁਰਬਾਣੀ ਦੀ ਇਹ ਪੰਕਤੀ ਪੜ੍ਹਿਆ ਕਰਦੇ ਸਨ -

'ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ।'

(ਅੰਗ ੧੨੩੦)

ਬਾਪੂ ਜੀ ਦੇ ਜ਼ੋਰ ਲਗਾਉਣ ਦੇ ਬਾਵਜੂਦ ਕਿ ਇੱਕ ਦਿਨ ਘਰ ਹੋਰ ਠਹਿਰ ਜਾਓ ਕਈ ਵਿਚਾਰਾਂ ਕਰਨੀਆਂ ਹੁੰਦੀਆਂ ਹਨ, (ਸੰਤ) ਭਾਈ ਕਰਤਾਰ ਸਿੰਘ ਜੀ ਵਾਪਸ ਭਿੰਡਰ ਕਲਾਂ ਪਹੁੰਚ ਗਏ।

ਪਿੰਡ ਦੇ ਸਕੂਲ ਵਿੱਚ ਅੱਠਵੀਂ ਜਮਾਤ ਪਾਸ ਕਰਨ ਤੋਂ ਬਾਅਦ ਬਹੁਤੇ ਵਿਦਿਆਰਥੀ ਤਾਂ ਘਰ ਦੇ ਹੀ ਕੰਮਾਂ ਵਿੱਚ ਜੁੱਟ ਜਾਂਦੇ ਤੇ ਬਾਕੀ ਵਿਦਿਆਰਥੀਆਂ ਨੂੰ ਅੱਗੇ ਪੜ੍ਹਾਈ ਜਾਰੀ ਰੱਖਣ ਲਈ ਖੇਮਕਰਨ ਦੇ ਸਕੂਲ ਵਿੱਚ ਦਾਖਲਾ ਲੈਣਾ ਪੈਂਦਾ ਸੀ।

ਇੱਕ-ਦੋ ਦਿਨ ਘਰ ਵਿੱਚ ਆਰਾਮ ਕਰਨ ਤੋਂ ਬਾਅਦ ਭਾਈ ਸਾਹਿਬ ਨੇ ਖੇਮਕਰਨ ਜਾ ਕੇ ਸਰਕਾਰੀ ਹਾਈ ਸਕੂਲ ਵਿੱਚ ਨੌਵੀਂ ਜਮਾਤ ਵਿੱਚ ਦਾਖਲਾ ਲੈ ਲਿਆ। (ਭਾਈ) ਅਮਰੀਕ ਸਿੰਘ ਖੇਮਕਰਨ ਜਾਣ ਲਈ ਕਦੇ ਬੱਸ ਤੇ ਚੜ੍ਹ ਕੇ ਜਾਂਦੇ ਤੇ ਕਦੇ-ਕਦਾਈਂ ਬੱਸ ਨਾ ਆਉਣ ਤੇ ਜਾਂ ਘਰੋਂ ਲੇਟ ਹੋ ਜਾਣ ਕਰਕੇ ਪੈਦਲ ਹੀ ਸਕੂਲ ਚਲੇ ਜਾਂਦੇ ਜੋ ਕਿ ਘਰ ਤੋਂ ਕਰੀਬ ਸਾਢੇ ਕੁ ਤਿੰਨ ਕਿਲੋਮੀਟਰ ਦੀ ਦੂਰੀ ਤੇ ਸੀ। ਇਸ ਤਰ੍ਹਾਂ ਹੀ ਉਹਨਾ ਨੇ ਨੌਵੀਂ ਜਮਾਤ ਖੇਮਕਰਨ ਸਕੂਲ ਵਿੱਚ ਪਾਸ ਕਰ ਲਈ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਬਚਨਾਂ ਮੁਤਾਬਿਕ ਸਵੇਰੇ ਅੰਮ੍ਰਿਤ ਵੇਲੇ ਖੂਹੀ ਵਿੱਚੋਂ ਪਾਣੀ ਲੈ ਕੇ ਪਹਿਲਾਂ ਇਸ਼ਨਾਨ ਕਰਦੇ ਤੇ ਫਿਰ ਗੁਰਦੁਆਰਾ ਸਾਹਿਬ ਮੱਥਾ ਟੇਕਣ ਉਪਰੰਤ ਨਿੱਤਨੇਮ ਕਰਦੇ। ਤਿਆਰ ਹੋ ਕੇ ਜਦ ਸਕੂਲ ਜਾਂਦੇ ਤਾਂ ਰਹਿੰਦੇ ਪਾਠ ਜੁਬਾਨੀ ਰਸਤੇ ਵਿੱਚ ਜਾਂਦਿਆਂ ਕਰਦੇ। ਰਹਿਤ-ਮਰਿਆਦਾ ਵਿੱਚ ਵੀ ਕੋਈ ਫਰਕ ਨਾ ਪੈਣ ਦਿੱਤਾ। ਦਸਵੀਂ ਜਮਾਤ ਦੀ ਪੜ੍ਹਾਈ ਪੂਰਾ ਮਨ ਲਗਾ ਕੇ ਕਰਨੀ ਸ਼ੁਰੂ ਕਰ ਦਿੱਤੀ। ਸ਼ਾਮ ਨੂੰ ਘਰ ਆ ਕੇ ਘਰੇਲੂ ਕੰਮਾਂ ਵਿੱਚ ਵੀ ਹਿੱਸਾ ਲੈਂਦੇ। ਕਦੇ-ਕਦੇ ਛੋਟੇ ਭਰਾ (ਭਾਈ) ਮਨਜੀਤ ਸਿੰਘ ਨੂੰ ਵੀ ਨਾਲ ਲੈ ਕੇ ਖੇਤਾਂ ਵਿੱਚ ਜਾਂਦੇ। ਖੂਹੀ ਵਿੱਚੋਂ ਪਾਣੀ ਕੱਢ ਕੇ ਉਹ ਹਰ ਰੋਜ਼ ਮੱਝਾਂ ਨੂੰ ਪਿਆਉਂਦੇ ਸਨ। (ਭਾਈ) ਅਮਰੀਕ ਸਿੰਘ ਜਦ ਪਸ਼ੂਆਂ ਨੂੰ ਪਾਣੀ ਪਿਆਉਣ ਲੱਗਦੇ ਤਾਂ ਇੱਕ ਸਿਰੇ ਤੋਂ ਸ਼ੁਰੂ ਕਰਕੇ ਬਾਕੀ ਘਰਾਂ ਦੀਆਂ ਮੱਝਾਂ ਨੂੰ ਵੀ ਵਾਰੀ-ਵਾਰੀ ਪਾਣੀ ਪਿਆਉਣ ਤੋਂ ਇਲਾਵਾ ਗਰਮੀਆਂ ਵਿੱਚ ਨਵ੍ਹਾ ਵੀ ਦਿੰਦੇ। ਇਹ ਉਹਨਾਂ ਦੇ ਪਸੰਦੀਦਾ ਕੰਮਾਂ ਵਿੱਚੋਂ ਇੱਕ ਸੀ। ਮਾਤਾ ਨਿਰੰਜਣ ਕੌਰ ਜੀ ਕਈ ਵਾਰ ਭਾਈ ਸਾਹਿਬ ਨੂੰ ਕਹਿ ਵੀ ਦਿੰਦੇ ਕਿ 'ਸਾਰੀਆਂ ਮੱਝਾਂ ਨੂੰ ਪਾਣੀ ਪਿਆਉਣਾ ਬਹੁਤ ਔਖਾ ਹੈ। ਖੂਹੀ ਵਿੱਚੋਂ ਇੰਨੀ ਵਾਰ ਪਾਣੀ ਕੱਢ-ਕੱਢ ਕੇ ਤੂੰ ਥੱਕ ਜਾਏਂਗਾ। ਤੂੰ ਕੇਵਲ ਆਪਣੀਆਂ ਮੱਝਾਂ ਨੂੰ ਹੀ ਪਾਣੀ ਪਿਆ ਕੇ ਹਟ ਜਾਇਆ ਕਰ।'

ਪਰ ਭਾਈ ਸਾਹਿਬ ਮਾਤਾ ਜੀ ਦੀ ਇਸ ਗੱਲ ਨਾਲ ਸਹਿਮਤ ਨਹੀਂ ਹੁੰਦੇ ਸਨ। ਉਹ ਅਕਸਰ ਹੀ ਅੱਗੋਂ ਇਹ ਦਲੀਲ ਦਿਆ ਕਰਦੇ ਕਿ 'ਪਸ਼ੂ ਕਦੇ ਵੀ ਮੇਰ-ਤੇਰ ਨਹੀਂ ਕਰਦਾ। ਇਹ ਵੰਡੀਆਂ ਤਾਂ ਅਸੀਂ ਮਨੁੱਖ ਹੀ ਪਾਉਂਦੇ ਹਾਂ। ਬੇ-ਜੁਬਾਨ ਜੀਵਾਂ ਨੂੰ ਜਿਸ ਵੀ ਕਿੱਲੇ ਨਾਲ ਬੰਨ੍ਹ ਦੇਵਾਂਗੇ ਇਹ ਉੱਥੇ ਹੀ ਖੜ੍ਹੇ ਰਹਿਣਗੇ ਤੇ ਨਾਲੇ ਜਦੋਂ ਬਾਕੀ ਮੱਝਾਂ ਦੇ ਸਾਹਮਣੇ ਮੈਂ ਸਿਰਫ਼ ਆਪਣੀਆਂ ਮੱਝਾਂ ਨੂੰ ਹੀ ਪਾਣੀ ਪਿਆਵਾਂਗਾ ਤੇ ਨਵ੍ਹਾਵਾਂਗਾ ਤੇ ਏਨੀ ਗਰਮੀ ਵਿੱਚ ਓਹਨਾਂ ਦੇ ਮਨ ਵਿੱਚ ਕੀ ਆਵੇਗੀ।'

ਕਦੇ-ਕਦੇ ਜਦ ਵਿਹਲ ਹੁੰਦੀ ਤਾਂ ਭਾਈ ਸਾਹਿਬ ਆਪਣੇ ਭਰਾ (ਭਾਈ) ਮਨਜੀਤ ਸਿੰਘ ਅਤੇ ਚਾਚਾ ਜੀ ਹੁਰਾਂ ਦੇ ਲੜਕਿਆਂ (ਭਾਈ) ਬਲਜਿੰਦਰ ਸਿੰਘ, (ਭਾਈ) ਇਕਬਾਲ ਸਿੰਘ, (ਭਾਈ) ਰਾਮ ਸਿੰਘ, (ਭਾਈ) ਕੁਲਦੀਪ ਸਿੰਘ, (ਭਾਈ) ਬਲਦੇਵ ਸਿੰਘ, (ਭਾਈ) ਸੁਖਦੇਵ ਸਿੰਘ, (ਭਾਈ) ਪ੍ਰਤਾਪ ਸਿੰਘ, (ਭਾਈ) ਮਹਿਲ

ਸਿੰਘ, (ਭਾਈ) ਗੁਰਨਾਮ ਸਿੰਘ ਆਦਿ ਪੋਲੀ ਥਾਂ ਤੇ ਪੈਲੀ ਵਿਚ ਕਬੱਡੀ (ਕੌਡੀ) ਵੀ ਖੇਡਦੇ ਸਨ।

ਇਸੇ ਦੌਰਾਨ ਹੀ ਭਿੰਡਰ ਕਲਾਂ ਤੋਂ ਇੱਕ ਸਿੰਘ ਰਾਹੀਂ ਇਹ ਸੁਨੇਹਾ ਮਿਲਿਆ ਕਿ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ (ਸੰਤ) ਭਾਈ ਕਰਤਾਰ ਸਿੰਘ ਜੀ ਦੇ ਛੋਟੇ ਸਪੁੱਤਰ (ਭਾਈ) ਮਨਜੀਤ ਸਿੰਘ ਦੀ ਮੰਗਣੀ ਵੀ ਗਿਆਨੀ ਦਲੀਪ ਸਿੰਘ ਜੀ (ਕਥਾ-ਵਾਚਕ, ਮੰਜੀ ਸਾਹਿਬ, ਅੰਮ੍ਰਿਤਸਰ) ਦੀ ਸਪੁੱਤਰੀ ਬੀਬੀ ਅਮਰਜੀਤ ਕੌਰ ਨਾਲ ਕਰ ਦਿੱਤੀ ਹੈ। ਸਾਰਿਆਂ ਨੇ ਖੁਸ਼ੀ ਨਾਲ ਮਾਤਾ ਜੀ ਨੂੰ ਵਧਾਈਆਂ ਦਿੱਤੀਆਂ ਤੇ ਘਰ ਵਿੱਚ ਹੀ ਪਏ ਹੋਏ ਗੁੜ੍ਹ ਨਾਲ ਸਭ ਦਾ ਮੂੰਹ ਮਿੱਠਾ ਕਰਵਾਇਆ ਗਿਆ।

ਦਸਵੀਂ ਜਮਾਤ ਦੌਰਾਨ ਮਾਤਾ ਨਿਰੰਜਣ ਕੌਰ ਜੀ ਦਾ ਸਰੀਰ ਕੁਝ ਜਿਆਦਾ ਢਿੱਲਾ ਹੋ ਗਿਆ। ਜਦੋਂ ਕਈ ਡਾਕਟਰਾਂ ਕੋਲ ਬਹੁਤ ਸਾਰੇ ਪੈਸੇ ਖ਼ਰਚ ਕੇ ਵੀ ਕੋਈ ਫਰਕ ਨਾ ਪਿਆ ਤਾ (ਭਾਈ) ਅਮਰੀਕ ਸਿੰਘ ਨੇ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਇੱਕ ਚਿੱਠੀ ਲਿਖੀ ਜੋ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਵੀ ਪੜ੍ਹੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਜਥੇ ਦੇ ਸਿੰਘਾਂ ਨੂੰ ਚੌਪਈ ਸਾਹਿਬ ਦੇ ਪਾਠ ਕਰਨ ਲਈ ਤੇ ਅਰਦਾਸ ਕਰਨ ਲਈ ਕਿਹਾ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਆਪਣੇ ਪਵਿੱਤਰ ਹੱਥਾਂ ਨਾਲ ਚਿੱਠੀ ਲਿਖ ਕੇ ਭਾਈ ਸਾਹਿਬ ਦੇ ਨਾਂ ਖੇਮਕਰਨ ਸਰਕਾਰੀ ਹਾਈ ਸਕੂਲ ਦੇ ਪਤੇ ਤੇ ਪਾਈ। ਜਿਸ ਦਾ ਹੂ-ਬ-ਹੂ ਉਤਾਰਾ ਇਸ ਤਰਾਂ ਹੈ :-

ਮਿਲੇ
ਭਾਈ ਅਮਰੀਕ ਸਿੰਘ ਭੂਰੇ
ਗੌਰਮਿੰਟ ਹਾਈ ਸਕੂਲ ਖੇਮਕਰਨ
ਜਮਾਤ 10 B ਰੋਲ ਨੰ : 30
ਜਿਲਾ ਅੰਮ੍ਰਿਤਸਰ

ਭੇਜਣ ਵਾਲੇ ਦਾ ਪਤਾ :-
ਨਾਭਾ ਸਾਹਿਬ

ੴ ਸਤਿਗੁਰੂ ਪ੍ਰਸਾਦਿ।।
ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤੇਹ।
ਭਾਈ ਹਰਭਜਨ ਸਿੰਘ ਜੀ,

ਤੁਹਾਡੀ ਚਿਠੀ ਲੱਖਾ ਸਿੰਘ ਨੇ ਕਰਤਾਰ ਸਿੰਘ ਨੂੰ ਦੇ ਦਿਤੀ ਸੀ। ਉਸਨੇ ਪੜ ਕੇ ਹਾਲ ਮਾਲੂਮ ਕਰ ਲਿਆ ਸੀ। ਹੁਣ ਇਹ ਤੁਹਾਡੀ ਬਰੰਗ ਚਿਠੀ ਅੱਜ ਆਈ ਹੈ। ਇਕ ਹਜਾਰ ਪਾਠ ਚੌਪਈ ਦਾ ਸਿੰਘਾਂ ਨੂੰ ਤੇਰੀ ਮਾਈ ਦੀ ਅਰੋਗਤਾ ਵਾਸਤੇ ਵੰਡ ਦਿਤਾ ਹੈ। ਸਿੰਘ ਸਾਰੇ ਕਰਕੇ ਤੰਦਰੁਸਤੀ ਦਾ ਅਰਦਾਸਾ ਕਰ ਦੇਣਗੇ। ਗਉੜੀ ਰਾਗ ਵਿਚ ਨੌਵੇਂ ਪਾਤਸ਼ਾਹ ਜੀ ਦੇ ਸ਼ਬਦਾਂ ਤੋਂ ਪਹਿਲਾਂ ਸ਼ਬਦ "ਗਉੜੀ ਮਹਲਾ ੫ ।। ਦੁਖ ਭੰਜਨੁ ਤੇਰਾ ਨਾਮ ਜੀ.....।।" ਇਸ ਸ਼ਬਦ ਦਾ ਤੂੰ ਸਵਾ ਸੌ ਪਾਠ ਕਰਕੇ ਅਰਦਾਸ ਕਰ ਦੇਵੀਂ ਤੰਦਰੁਸਤੀ ਵਾਸਤੇ। ਅੰਮ੍ਰਿਤ ਵੇਲੇ ਉਠ ਕੇ ਸਾਰਾ ਪਰਵਾਰ ਇਸ਼ਨਾਨ ਕਰਿਆ ਕਰੋ। ਸਾਰੇ ਭੁਜੰਗੀ, ਦੀਦਾਰ ਸਿੰਘ, ਜਗਤਾਰ ਸਿੰਘ, ਇਕਬਾਲ ਸਿੰਘ ਅਤੇ ਹੋਰ ਸਾਰਾ ਪਰਵਾਰ ਹੀ ਸੌ ਕੰਮ ਕਰਨ ਤੋਂ ਪਹਿਲਾਂ ਨਿਤਨੇਮ ਕਰਿਆ ਕਰੋ। ਤੂੰ ਵੀ ਹਰਭਜਨ ਸਿੰਘ ਤੇ ਮਨਜੀਤ ਸਿੰਘ ਤੁਸੀਂ ਵੀ ਨਿਤਨੇਮ ਜਰੂਰ ਕਰਿਆ ਕਰੋ ਇਸ਼ਨਾਨ ਕਰਿਆ ਕਰੋ। ਫੇਰ ਮਹਾਰਾਜ ਸਭ ਨੂੰ ਹਥ ਦੇ ਕੇ ਰੋਗ-ਸੋਗ ਤੋਂ ਬਚਾਉਣਗੇ। ਤੁਹਾਡਾ ਲੋਕ ਪ੍ਰਲੋਕ ਵਿਚ ਭਲਾ ਹੋਵੇਗਾ। ਗੁਰਸਿਖੀ ਦੀ ਰਹਿਤ ਰਖੋਗੇ ਤਾਂ ਸਤਿਗੁਰੂ ਮਹਾਰਾਜ ਸਾਹਿਬ ਜੀ ਤੁਹਾਡੇ ਸਾਰੇ ਕਾਰੋਬਾਰ ਵਿਚ ਰਾਖੇ ਹੋਣਗੇ।

ਬੀਬੀ ਹਰਬੰਸ ਕੌਰ ਜੋ ਨਾਭੇ ਸਾਹਿਬ ਦੇ ਇੰਤਜਾਮੀਆਂ ਹਨ ਉਨ੍ਹਾ ਦਾ ਜਰੂਰੀ ਸੁਨੇਹਾ ਹੈ। ਜੇ ਸਮਾਗਮ ਵਿਚ ਨਿਰੰਜਨ ਕੌਰ ਆ ਕੇ ਦਰਸ਼ਨ ਮੇਲੇ ਕਰੇ, ਨਾਲੇ ਆਪ ਦੇ ਸੁੱਖੇ ਹੋਏ ਪੰਜ ਰੁਮਾਲੇ ਚੜਾਵੇ ਤਾਂ ਮਹਾਰਾਜ ਇਨ੍ਹਾਂ ਨੂੰ ਕ੍ਰਿਪਾ ਕਰਕੇ ਰਾਜੀ ਕਰ ਦੇਣਗੇ। ਸੰਗਤ ਦੇ ਪ੍ਰਤਾਪ ਨਾਲ ਮਹਾਰਾਜ ਇਸ ਨੂੰ ਤੰਦਰੁਸਤੀ ਦੇਣਗੇ। ਇਲਾਜ ਤਾਂ ਦੇਖ ਲਓ ਡਾਕਟਰੀ ਕਰਾ ਕੇ ਪੈਸੇ ਲਾ ਕੇ ਹੰਭ ਚੁਕੇ ਹੋ ਰਾਜੀ ਨਹੀ ਹੋਈ। ਕਰਤਾਰ ਸਿੰਘ ਨੇ ਆਪਣੀ ਵਲੋਂ ਰੈ ਸਾਡੀ ਮਰਜੀ ਦੀ ਰਖੀ ਹੈ। ਅਸੀਂ ਆਪਣੇ ਵਲੋਂ ਇਕ ਹਜਾਰ ਚੌਪਈ ਦਾ ਪਾਠ ਅਜ ਹੀ ਵੰਡ ਦਿਤਾ ਹੈ। ਕਰਤਾਰ ਅਕਾਲ ਪੁਰਖ ਸਭ ਦਾ ਭਲਾ ਕਰੇ। ਸਾਡੀ ਇਹ ਰੈ ਹੈ ਜੇ ਸਰੀਰ ਵਿਚ ਥੋੜੀ ਬਹੁਤ ਗੱਡੀ ਜਾਂ ਮੋਟਰ ਰਾਹੀਂ ਆਉਣ ਦੀ ਸ਼ਕਤੀ ਹੈ ਤਾਂ ਭਾਵੇਂ ਦਰਸ਼ਨ ਕਰਕੇ ਛੇਤੀ ਮੁੜ ਜਾਵੇ ਜੇ ਬਹੁਤਾ ਚਿਰ ਨਾ ਰਹਿਣਾ ਹੋਵੇ। ਅਗੇ ਜਿਸ ਤਰਾਂ ਸਰੀਰ ਮੰਨੇ ਓਵੇਂ ਕਰੋ।

ਸਾਰੇ ਪਰਵਾਰ ਨੂੰ ਭਾਈ ਦੀਦਾਰ ਸਿੰਘ, ਜਗਤਾਰ ਸਿੰਘ, ਇਕਬਾਲ ਸਿੰਘ, ਭਾਈ ਹਰਨਾਮ ਸਿੰਘ ਆਦਿ ਸਾਰਿਆਂ ਨੂੰ ਸਾਡੇ ਵਲੋਂ ਭਾਈ ਕਰਤਾਰ ਸਿੰਘ ਵਲੋਂ, ਭਾਈ ਗੁਰਮੁਖ ਸਿੰਘ ਵਲੋਂ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤੇਹ।।

ਗੁਰੂ ਖ਼ਾਲਸੇ ਦਾ ਦਾਸ :-

ਗੁਰਬਚਨ ਸਿੰਘ 'ਖਾਲਸਾ'

ਭਾਈ ਕਰਤਾਰ ਸਿੰਘ ਜੀ ਨੇ ਆਗਿਆ ਕੀਤੀ ਹੈ ਕਿ ਇਹ ਚਿਠੀ ਸਾਂਭ ਕੇ ਰਖਣੀ।



ਦਸਵੀਂ ਜਮਾਤ ਦੇ ਬੋਰਡ ਦੇ ਪੇਪਰ ਹੋਣ ਕਾਰਨ ਪ੍ਰੀਖਿਆ ਦਾ ਕੇਂਦਰ ਪਿੰਡ ਭੂਰਾ ਕੋਹਨਾਂ ਤੋਂ ਸੱਤ-ਅੱਠ (7-8) ਕਿਲੋਮੀਟਰ ਦੂਰ ਇੱਕ ਕਸਬੇ 'ਵਲਟੋਹਾ' ਵਿਖੇ ਆ ਗਿਆ। ਬੱਸ ਆਪਣੇ ਵਕਤ ਤੇ ਹੀ ਆਉਂਦੀ ਸੀ ਪਰ ਵਲਟੋਹੇ ਪੇਪਰ ਦੇਣ ਲਈ ਸਮੇਂ ਸਿਰ ਪਹੁੰਚਣਾ ਅਤਿ ਜਰੂਰੀ ਸੀ। ਘਰ ਵਿੱਚ ਇੱਕ ਹੀ ਸਾਂਝਾ ਸਾਈਕਲ ਸੀ (ਭਾਈ) ਅਮਰੀਕ ਸਿੰਘ ਨੇ ਜਦ ਪੇਪਰ ਦੇਣ ਜਾਣ ਲਈ ਸਾਈਕਲ ਦੀ ਮੰਗ ਕੀਤੀ ਤਾਂ ਸਾਈਕਲ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਤੇ ਕਿਹਾ ਗਿਆ, 'ਸਾਈਕਲ ਕਿਸੇ ਜਰੂਰੀ ਕੰਮ ਲਈ ਚਾਹੀਦਾ ਹੈ ਤੇ ਨਾਲੇ ਜੇਕਰ ਅੱਜ ਤੈਨੂੰ ਇਕੱਲੇ ਨੂੰ ਸਾਈਕਲ ਦੇ ਦਿੱਤਾ ਤਾਂ ਫਿਰ ਦੂਜੇ ਵੀ ਇਸ ਦੀ ਮੰਗ ਕਰਿਆ ਕਰਨਗੇ।'

ਇਸ ਘਟਨਾ ਨੇ ਭਾਈ ਸਾਹਿਬ ਦੇ ਮਨ ਤੇ ਬਹੁਤ ਗਹਿਰਾ ਅਸਰ ਕੀਤਾ। ਉਹਨਾਂ ਦੇ ਮਨ ਨੂੰ ਬੜੀ ਠੇਸ ਪਹੁੰਚੀ। ਜ਼ਿੰਦਗੀ ਦਾ ਹਰ ਰੰਗ ਉਹਨਾਂ ਨੇ ਬਹੁਤ ਨੇੜਿਓਂ ਕੇਵਲ ਵੇਖਿਆ ਹੀ ਨਹੀਂ ਬਲਕਿ ਉਸਨੂੰ ਹੰਢਾਇਆ ਵੀ ਹੈ। ਸ਼ਾਇਦ ਜੀਵਨ ਦੇ ਇਹਨਾਂ ਹੀ ਕੌੜੇ ਅਨੁਭਵਾਂ ਤੇ ਅਟੱਲ ਸੱਚਾਈਆਂ ਸਦਕਾ ਭਾਈ ਸਾਹਿਬ ਵਿੱਚ ਹਲੀਮੀ ਤੇ ਨਿਸ਼ਕਾਮਤਾ ਵਰਗੇ ਅਥਾਹ ਗੁਣ ਪੈਦਾ ਹੋ ਗਏ ਸਨ। ਆਪਣੇ ਜੀਵਨ ਦੌਰਾਨ ਉਹਨਾਂ ਕਦੇ ਕਿਸੇ ਮਜਲੂਮ ਦਾ ਦਿਲ ਨਹੀ ਦੁਖਾਇਆ ਤੇ ਨਾ ਹੀ ਕਿਸੇ ਨਾਲ ਧੱਕੇ-ਜ਼ੋਰੀ ਕੀਤੀ। ਹਾਂ, ਇਹ ਵੀ ਬਿਲਕੁਲ ਠੀਕ ਹੈ ਕਿ ਆਪਣੇ ਜਾਇਜ਼ ਹੱਕਾਂ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਲੈਣਾ ਵੀ ਖ਼ਾਲਸੇ ਦਾ ਪਰਮ ਧਰਮ ਹੈ।

(ਭਾਈ) ਅਮਰੀਕ ਸਿੰਘ ਨੂੰ ਨਿਰਾਸ਼ਾ ਵਿੱਚ ਡੁੱਬੇ ਵੇਖ ਕੇ ਬਾਪੂ ਝੰਡਾ ਸਿੰਘ ਜੀ ਨੇ ਆਪਣੀ ਜੇਬ ਵਿੱਚੋਂ ਕੁਝ ਰੁਪਏ ਉਹਨਾਂ ਦੀ ਤਲੀ ਤੇ ਰੱਖੇ ਤੇ ਬੋਲੇ, 'ਆਹ ਲੈ ਕਿਰਾਇਆ, ਤੇ ਜਲਦੀ ਜਾ ਕੇ ਰੇਲ ਤੇ ਬਹਿ ਜਾ, ਤੇ ਵਲਟੋਹੇ ਪਹੁੰਚ ਜਾ, ਕਿਤੇ ਤੇਰਾ ਪਰਚਾ ਰਹਿ ਹੀ ਨਾ ਜਾਵੇ, ਤੇ ਮਨ 'ਚੋਂ ਗੁੱਸਾ ਕੱਢ ਦੇ।'

(ਭਾਈ) ਅਮਰੀਕ ਸਿੰਘ ਨੇ ਜਲਦੀ ਜਲਦੀ ਰੁਪਏ ਜੇਬ ਵਿੱਚ ਪਾਏ ਤੇ ਰੇਲ ਗੱਡੀ ਰਾਹੀਂ ਵਲਟੋਹੇ ਪਹੁੰਚ ਗਏ। ਪੇਪਰ ਚੰਗਾ ਹੋ ਗਿਆ ਤੇ ਫਿਰ ਰੇਲ ਗੱਡੀ ਰਾਹੀਂ ਹੀ ਘਰ ਵਾਪਸ ਪਰਤ ਆਏ। ਇਸ ਤਰ੍ਹਾਂ ਕਿਵੇਂ ਨਾ ਕਿਵੇਂ ਸਾਰੇ ਪੇਪਰ ਦੇ ਦਿੱਤੇ। ਬਾਅਦ ਵਿੱਚ ਜਦ ਨਤੀਜਾ ਆਇਆ ਤਾਂ ਭਾਈ ਸਾਹਿਬ ਦੇ ਅੰਕ ਬਹੁਤ ਹੀ ਵਧੀਆ ਆਏ। ਪੜ੍ਹਾਈ ਵਿੱਚ ਹੁਣ ਉਹ ਸਕੂਲ ਦੇ ਚੋਣਵੇਂ ਤੇ ਹੁਸ਼ਿਆਰ ਵਿਦਿਆਰਥੀਆਂ ਵਿੱਚ ਗਿਣੇ ਜਾਂਦੇ ਸਨ। ਫਿਰ ਅਧਿਆਪਕਾਂ ਦੀਆਂ ਉਮੀਦਾਂ ਅਤੇ ਆਸਾਂ ਮੁਤਾਬਿਕ ਉਹਨਾਂ ਨੇ ਦਸਵੀਂ ਜਮਾਤ ਵੀ ਪਹਿਲੇ ਦਰਜੇ ਵਿੱਚ ਪਾਸ ਕਰਕੇ ਪੂਰੀ ਜਮਾਤ ਵਿੱਚੋਂ ਸਭ ਤੋਂ ਵਧੇਰੇ ਅੰਕ ਪ੍ਰਾਪਤ ਕੀਤੇ। ਉਹਨਾਂ ਨੇ ਦਸਵੀਂ ਜਮਾਤ ਪਹਿਲੇ ਦਰਜੇ ਵਿੱਚ ਪਾਸ ਕੀਤੀ। ਉਮੀਦ ਨਾਲੋਂ ਵਧੀਕ ਨੰਬਰ ਵੇਖ ਕੇ ਸਾਰਾ ਪਰਿਵਾਰ ਹੀ ਖੁਸ਼ ਹੋਇਆ।

ਚੇਤੇ ਰਹੇ ਕਿ ਜਥੇ ਵਿੱਚ ਜਾਣ ਤੋਂ ਪਹਿਲਾਂ ਭਾਈ ਸਾਹਿਬ ਨੇ ਕਦੇ ਵੀ ਪ੍ਰੀਖਿਆ ਵਿੱਚ ਇੰਨੇ ਚੰਗੇ ਨੰਬਰ ਨਹੀਂ ਸਨ ਲਏ ਪਰ ਉੱਥੋਂ ਵਾਪਸ ਆ ਕੇ ਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੀਆਂ ਬਖ਼ਸ਼ਿਸ਼ਾਂ ਸਦਕਾ ਉਹਨਾਂ ਨੇ ਆਪਣੀ ਆਉਣ ਵਾਲੀ ਹਰੇਕ ਪ੍ਰੀਖਿਆ ਪਹਿਲੇ ਦਰਜੇ ਵਿੱਚ ਹੀ ਪਾਸ ਕੀਤੀ। ਭਾਵੇਂ ਉਹ ਸੰਸਾਰਿਕ ਵਿੱਦਿਆ ਦੀ ਪ੍ਰੀਖਿਆ ਹੋਵੇ ਅਤੇ ਭਾਵੇਂ ਜ਼ਿੰਦਗੀ ਤੇ ਮੌਤ ਦਾ ਇਮਤਿਹਾਨ ਹੋਵੇ, ਉਹਨਾਂ ਨੇ ਹਮੇਸ਼ਾ ਪਹਿਲਾ ਸਥਾਨ ਹੀ ਮੱਲਿਆ। ਨਿਸੰਦੇਹ ਮਹਾਂਪੁਰਖਾਂ ਦੇ ਬਚਨਾਂ ਦਾ ਇਹ ਪ੍ਰਤੱਖ ਅਸਰ ਸੀ ਕਿਉਂਕਿ,

"ਬ੍ਰਹਮਗਿਆਨੀ ਕਾ ਕਥਿਆ ਨਾ ਜਾਇ ਅਥਾਹੁਰੁ॥
ਬ੍ਰਹਮਗਿਆਨੀ ਸਰਬ ਕਾ ਠਾਕੁਰੁ॥"

(ਅੰਗ ੨੭੩)

ਦਸਵੀਂ ਜਮਾਤ ਪਾਸ ਕਰਨ ਤੋਂ ਛੇਤੀ ਹੀ ਮਗਰੋਂ ਬਾਪੂ ਜੀ ਨੇ ਕੋਸ਼ਿਸ਼ ਕਰਕੇ ਇੱਕ ਨਵਾਂ ਸਾਇਕਲ (ਭਾਈ) ਅਮਰੀਕ ਸਿੰਘ ਨੂੰ ਲੈ ਦਿੱਤਾ। ਭਾਈ ਸਾਹਿਬ ਦੇ ਮੁਤਾਬਿਕ ਉਹਨਾਂ ਦਾ ਇੱਕ ਸੁਪਨਾ ਪੂਰਾ ਹੋ ਗਿਆ ਸੀ ਜਿਹੜਾ ਕਿ ਉਹ ਹਰ ਰੋਜ਼ ਖੁੱਲ੍ਹੀ ਅੱਖ ਨਾਲ ਵੇਖਦੇ ਰਹਿੰਦੇ ਸਨ।

ਵਕਤ ਦੇ ਨਾਲ (ਭਾਈ) ਅਮਰੀਕ ਸਿੰਘ ਹੁਣ ਕੁਝ ਹੋਰ ਸਿਆਣਾ ਹੋ ਚੁੱਕਾ ਸੀ। ਐਤਕੀਂ ਜਦ ਜਥੇ ਸਮੇਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਪਿੰਡ ਭੂਰਾ ਕੋਹਨਾਂ ਵਿਖੇ ਪਹੁੰਚੇ ਤਾਂ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਲੰਗਰ ਵਿੱਚ (ਭਾਈ) ਅਮਰੀਕ ਸਿੰਘ ਦੀ ਡਿਊਟੀ ਵੀ ਦੂਜੇ ਪਰਿਵਾਰ ਦੇ ਜੀਆਂ ਤੇ ਸਿੰਘਾਂ ਨਾਲ ਲਗਾਈ। ਸਕੂਲ ਵਿੱਚੋਂ ਛੁੱਟੀਆਂ ਲੈ ਕੇ ਉਹ ਪੂਰੀ ਤਰ੍ਹਾਂ ਸੇਵਾ ਵਿੱਚ ਜੁਟ ਗਏ। ਲੰਗਰ ਵਰਤਾਉਂਦੇ ਅਤੇ ਜੇ ਕੋਈ ਜ਼ਰੂਰੀ ਵਸਤੂ ਘਾਟੇ ਪੈ ਜਾਂਦੀ ਤਾਂ ਝੱਟ ਸਾਇਕਲ ਲੈ ਕੇ ਖੇਮਕਰਨ ਪਹੁੰਚ ਜਾਂਦੇ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਬਾਣੀ ਦੇ ਅਭਿਆਸ ਤੇ ਰਹਿਤ-ਮਰਿਆਦਾ ਬਾਰੇ ਦੁਬਾਰਾ ਫਿਰ ਸੁਚੇਤ ਕੀਤਾ। ਇਸ ਤਰ੍ਹਾਂ ਤਕਰੀਬਨ ਪੰਦਰਾਂ ਦਿਨ ਸੇਵਾ ਤੇ ਸਿਮਰਨ ਦਾ ਅਟੁੱਟ ਪ੍ਰਵਾਹ ਚਲਦਾ ਰਿਹਾ। ਬਖਸ਼ਿਸ਼ਾਂ ਭਰੀ ਗੰਗਾ ਵਗ ਰਹੀ ਸੀ ਜਿਸ ਵਿੱਚ ਚੰਗੇ ਭਾਗਾਂ ਵਾਲੇ ਤਰੀਆਂ ਲਾ ਰਹੇ ਸਨ।

ਬਾਪੂ ਝੰਡਾ ਸਿੰਘ ਜੀ ਹੁਣ ਪੋਤਰੇ ਨੂੰ ਨਿੱਕੀਆਂ-ਨਿੱਕੀਆਂ ਸਾਖੀਆਂ ਸੁਣਾਉਣ ਦੀ ਬਜਾਇ ਬਾਬਾ ਬੰਦਾ ਸਿੰਘ ਜੀ ਬਹਾਦੁਰ ਦੀਆਂ ਮੁਹਿੰਮਾਂ, ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਤੇ ਹਰੀ ਸਿੰਘ ਜੀ ਨਲੂਏ ਵਰਗੇ ਸੂਰਬੀਰ ਯੋਧੇ ਦੀਆਂ ਗਾਥਾਵਾਂ ਤੋਂ ਇਲਾਵਾ ਅਕਾਲੀ ਮੋਰਚਿਆਂ ਬਾਰੇ ਜਿਆਦਾ ਜਾਣਕਾਰੀਆਂ ਦਿੰਦੇ ਸਨ; ਜਿਹੜੀਆਂ ਹੁਣ ਉਹਨਾਂ ਦੀ ਸਮਝ ਵਿੱਚ ਜ਼ਰੂਰ ਪੈਂਦੀਆਂ ਸਨ। ਕਈ ਵਾਰ ਸੁਣਦੇ-ਸੁਣਦੇ ਉਹ

ਕਿਸੇ ਮੋੜ ਤੇ ਅੜ ਜਾਂਦੇ ਤੇ ਬਾਪੂ ਜੀ ਨੂੰ ਅੱਗੋਂ ਸਵਾਲ ਵੀ ਕਰਦੇ ਸਨ ਤੇ ਬਾਪੂ ਜੀ ਹਮੇਸ਼ਾ ਉਹਨਾਂ ਨੂੰ ਸੰਤੁਸ਼ਟ ਕਰਨ ਲਈ ਪੂਰਾ ਤਨ ਲਗਾ ਦਿੰਦੇ। ਜਿਵੇਂ ਆਉਣ ਵਾਲੇ ਸਮੇਂ ਦੇ ਮਹਿਲ ਉਸਾਰਨ ਲਈ ਨੀਹਾਂ ਨੂੰ ਹੋਰ ਵਧੇਰੇ ਪੱਕਾ ਕਰ ਰਹੇ ਹੋਣ।

(ਸੰਤ) ਭਾਈ ਕਰਤਾਰ ਸਿੰਘ ਜੀ ਹੁਣ ਜਦ ਕਦੇ ਛੁੱਟੀ ਲੈ ਕੇ ਘਰ ਆਉਂਦੇ ਤਾਂ (ਭਾਈ) ਅਮਰੀਕ ਸਿੰਘ ਪਾਸੋਂ ਕੰਠ ਕੀਤੀ ਹੋਈ ਬਾਣੀ ਨੂੰ ਸੁਣਦੇ ਤੇ ਲਗਾਂ-ਮਾਤਰਾਂ ਨੂੰ ਠੀਕ ਢੰਗ ਨਾਲ ਪੜ੍ਹਨ ਦੀਆਂ ਹਦਾਇਤਾਂ ਕਰਦੇ। ਹਰ ਵਾਰ ਉਹ (ਭਾਈ) ਅਮਰੀਕ ਸਿੰਘ ਨੂੰ ਇੱਕ ਨਵੇਂ ਰੂਪ ਵਿੱਚ ਤਰਾਸ਼ ਕੇ ਜਾਂਦੇ।

ਸਿੱਖਿਆ ਦਾ ਪਹਿਲਾ ਅਧਿਆਇ ਖ਼ਤਮ ਹੋ ਚੁੱਕਾ ਸੀ ਜਿਸ ਨੂੰ ਉਹਨਾਂ ਨੇ ਬੜੀ ਸਰਲਤਾ ਨਾਲ ਪਾਰ ਕਰ ਲਿਆ ਸੀ। ਭਵਿੱਖ ਲਈ ਸਾਂਭ-ਸਾਂਭ ਕੇ ਰੱਖੀਆਂ ਆਸਾਂ ਤੇ ਉਮੀਦਾਂ ਹੁਣ ਹੋਰ ਵੀ ਸਪੱਸ਼ਟ ਹੁੰਦੀਆਂ ਜਾਪਣ ਲੱਗੀਆਂ। ਮੰਜਿਲ ਦਾ ਧੁੰਦਲਾਪਣ ਕੁਝ ਦੂਰ ਹੁੰਦਾ ਦਿਖਾਈ ਦਿੱਤਾ ਤੇ ਸਰਲਤਾ ਦੇ ਇਸ ਰਸਤੇ ਉੱਪਰ ਇੱਕ ਕਦਮ ਹੋਰ ਚੁੱਕਣ ਲਈ (ਭਾਈ) ਅਮਰੀਕ ਸਿੰਘ ਨੇ (PREP) ਕਰਨ ਵਾਸਤੇ ਪੱਟੀ ਸ਼ਹਿਰ ਵਿੱਚ ਦਾਖ਼ਲਾ ਲੈ ਲਿਆ। ਦਸਵੀਂ ਦੇ ਨਤੀਜੇ ਤੋਂ ਬਾਅਦ ਮਾਤਾ ਨਿਰੰਜਣ ਕੌਰ ਨੂੰ ਹੁਣ ਪੂਰੀ ਆਸ ਸੀ ਕਿ ਉਹਨਾਂ ਦਾ ਭੁਝੰਗੀ ਬਹੁਤ ਵੱਡਾ ਅਫ਼ਸਰ ਬਣੇਗਾ ਅਤੇ ਛੇਤੀ ਹੀ ਉਹਨਾਂ ਦੇ ਸੁਪਨੇ ਸਾਕਾਰ ਹੋਣਗੇ। ਸੁਪਨੇ ਵੇਖਣਾ ਤਾਂ ਉਹਨਾਂ ਦਾ ਹੱਕ ਸੀ ਤੇ ਉਹਨਾਂ ਨੂੰ ਪੂਰਾ ਕਰਨ ਵਾਹਿਗੁਰੂ ਅਕਾਲ-ਪੁਰਖ ਦੀ ਮਰਜੀ। ਪੱਟੀ ਸ਼ਹਿਰ ਵਿੱਚ ਰੋਜ਼ ਸਾਇਕਲ ਚਲਾ ਕੇ ਲਿਆਉਣਾ ਕੁਝ ਮੁਸ਼ਕਿਲ ਸੀ। ਇਸ ਲਈ (ਭਾਈ) ਅਮਰੀਕ ਸਿੰਘ ਬਾਪੂ ਜੀ ਦੀ ਸਲਾਹ ਮੁਤਾਬਿਕ ਖੇਮਕਰਨ ਤੱਕ ਸਾਇਕਲ ਤੇ ਜਾਂਦੇ ਤੇ ਫਿਰ ਸਾਇਕਲ ਉੱਥੇ ਖੜਾ ਕਰਕੇ ਅੱਗੋਂ ਰੇਲ ਗੱਡੀ ਰਾਹੀਂ ਪੱਟੀ ਪਹੁੰਚ ਜਾਂਦੇ ਸਨ। ਆਉਂਦੇ ਹੋਏ ਫਿਰ ਖੇਮਕਰਨ ਤੋਂ ਸਾਇਕਲ ਤੇ ਪਿੰਡ ਪਹੁੰਚ ਜਾਂਦੇ ਸਨ। ਪਿਤਾ ਜੀ ਦੀ ਸਖ਼ਤ ਹਦਾਇਤ ਨੂੰ ਧਿਆਨ ਵਿੱਚ ਰੱਖਦਿਆਂ ਉਹਨਾਂ ਰਸਤੇ ਵਿੱਚ ਕਦੇ ਵੀ ਕੋਈ ਚੀਜ਼ ਲੈ ਕੇ ਨਹੀਂ ਖਾਧੀ। ਕੇਵਲ ਨਲਕੇ ਨੂੰ ਮਿੱਟੀ ਨਾਲ ਸੁੱਚਾ ਕਰਕੇ ਪਾਣੀ ਜਰੂਰ ਪੀ ਲੈਂਦੇ ਸਨ ਕਿਉਂਕਿ ਗਰਮੀ ਦੇ ਦਿਨਾਂ ਵਿੱਚ ਸਾਇਕਲ ਚਲਾਉਣ ਨਾਲ ਗਲਾ ਸੁੱਕ ਜਾਂਦਾ ਸੀ ਪਰ ਫਿਰ ਵੀ ਕਦੇ ਘਰ ਆ ਕੇ ਕੋਈ ਵੀ ਗਿਲਾ-ਸ਼ਿਕਵਾ ਘਰਦਿਆਂ ਨਾਲ ਜਾਂ ਜ਼ਿੰਦਗੀ ਨਾਲ ਨਹੀਂ ਸੀ ਕੀਤਾ। ਵਿੱਦਿਆ ਪ੍ਰਾਪਤੀ ਵਿੱਚ ਭਾਵੇਂ ਬਹੁਤ ਸਾਰੀਆਂ ਮੁਸ਼ਕਿਲਾਂ ਤੇ ਰੁਕਾਵਟਾਂ ਨੇ ਉਹਨਾਂ ਦਾ ਰਸਤਾ ਰੋਕਣ ਲਈ ਕਈ ਕੋਸ਼ਿਸ਼ਾਂ ਕੀਤੀਆਂ ਪਰ ਉਹ ਆਪਣੇ ਕਦਮ ਨਿਰੰਤਰ ਪੁੱਟਦੇ ਹੋਏ ਸਫ਼ਲਤਾ ਦੀਆਂ ਵਾਟਾਂ ਨੂੰ ਮੁਕਾਉਂਦੇ ਰਹੇ ਕਿਉਂਕਿ ਸਫ਼ਲ ਹੋਣ ਲਈ ਆਲਸ ਦੀ ਰਾਤ ਦੇ ਹਨੇਰੇ ਨੂੰ ਚੀਰ ਕੇ ਚਾਨਣ ਵਾਂਗ ਲੰਘਣਾ ਪੈਂਦਾ ਹੈ। ਪਹਾੜ ਦੀ ਚੋਟੀ ਤੇ ਪਹੁੰਚਣ ਲਈ ਕੇਵਲ ਸਿਰ ਉੱਚਾ ਕਰਕੇ ਵੇਖਣਾ ਹੀ ਕਾਫ਼ੀ ਨਹੀਂ ਸਗੋਂ ਉਸਤੇ ਸਾਬਤ ਕਦਮੀਂ ਚੜ੍ਹਨਾ ਵੀ ਅਤਿਅੰਤ ਜਰੂਰੀ

ਹੈ। ਇਤਿਹਾਸ ਗਵਾਹ ਹੈ ਕਿ ਸੰਸਾਰ ਵਿੱਚ ਕਦੇ ਕੋਈ ਵਿਅਕਤੀ ਅਜਿਹਾ ਨਹੀਂ ਹੋਇਆ ਜੋ ਮੁਸ਼ਕਿਲਾਂ ਅਤੇ ਰੁਕਾਵਟਾਂ ਦਾ ਕਰੜਾ ਸਫ਼ਰ ਤੈਅ ਕਰਨ ਤੋਂ ਬਗੈਰ ਮਹਾਨ ਬਣਿਆ ਹੋਵੇ। ਜੇਕਰ ਅਜਿਹਾ ਸੰਭਵ ਹੁੰਦਾ ਤਾਂ ਨੈਪੋਲੀਅਨ ਤੇ ਹਿਟਲਰ ਵਰਗੇ ਯੋਧਿਆਂ ਨੂੰ ਘੋੜਿਆਂ ਉੱਪਰ ਕਾਠੀਆਂ ਪਾ ਕੇ ਮੈਦਾਨ-ਏ-ਜੰਗ ਵਿੱਚ ਰਾਤਾਂ ਨਾ ਗੁਜਾਰਨੀਆਂ ਪੈਂਦੀਆਂ ਤੇ ਨਾ ਹੀ ਇਬਰਾਹੀਮ ਲਿੰਕਨ ਵਰਗੇ ਪ੍ਰਸਿੱਧ ਵਿਅਕਤੀਆਂ ਨੂੰ ਇੱਕ ਕਿਤਾਬ ਬਦਲੇ ਕਿਸੇ ਕਿਸਾਨ ਦੇ ਖੇਤ ਵਿੱਚ ਤਿੰਨ ਦਿਨ ਮਜਦੂਰੀ ਕਰਨੀ ਪੈਂਦੀ। ਪਰੰਤੂ ਰੁਕਾਵਟਾਂ ਭਰੇ ਰਸਤੇ ਨੂੰ ਪਾਰ ਕਰਕੇ ਜਦ ਮੰਜਿਲ ਮਿਲ ਜਾਂਦੀ ਹੈ ਤਾਂ ਫਿਰ ਉਸਦਾ ਆਨੰਦ ਕੇਵਲ ਉਹ ਵਿਅਕਤੀ ਹੀ ਬਿਆਨ ਕਰ ਸਕਦਾ ਹੈ ਜਿਸ ਨੇ ਇਹ ਕਰੜੀਆਂ ਘਾਲਣਾਂ ਘਾਲੀਆਂ ਹੋਣ। ਉਹ ਆਨੰਦ ਹੀ ਕੁਝ ਇਲਾਹੀ ਹੁੰਦਾ ਹੈ।

ਪੱਟੀ ਸ਼ਹਿਰ ਵਿੱਚ ਪੜ੍ਹਦਿਆਂ (ਭਾਈ) ਅਮਰੀਕ ਸਿੰਘ ਨੂੰ ਹੌਲੀ-ਹੌਲੀ ਇੱਕ ਸਾਲ ਬੀਤ ਗਿਆ ਤੇ ਫਿਰ ਹਰ ਸਾਲ ਦੀ ਤਰ੍ਹਾਂ ਪ੍ਰੀਖਿਆ ਦੇ ਦਿਨਾਂ ਵਿੱਚ ਉਹਨਾਂ ਰੱਜ ਕੇ ਮਿਹਨਤ ਕੀਤੀ ਜਿਸਦਾ ਨਤੀਜਾ ਇਹ ਨਿਕਲਿਆ ਕਿ ਉਹਨਾਂ ਨੇ ਇਹ ਡਿਗਰੀ ਵੀ ਪਹਿਲੇ ਦਰਜੇ ਵਿੱਚ ਹੀ ਪ੍ਰਾਪਤ ਕੀਤੀ। ਹੁਣ ਬੀ·ਏ·-1 ਵਿੱਚ ਦਾਖਲਾ ਲੈਣ ਲਈ ਕਾਲਜ ਵਿੱਚ ਜਾਣਾ ਸੀ। (ਭਾਈ) ਅਮਰੀਕ ਸਿੰਘ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਜਾਣ ਵਾਸਤੇ ਮਨ ਵਿੱਚ ਵਿਚਾਰ ਬਣਾਉਣ ਲੱਗੇ। ਲੇਕਿਨ ਇਸ ਤੋਂ ਪਹਿਲਾਂ ਸਮੇਂ ਨੇ ਆਪਣੀ ਕਰਵਟ ਬਦਲੀ ਤੇ ਕਈ ਜਿੰਦਗੀਆਂ ਨੂੰ ਹਿਲਾ ਕੇ ਰੱਖ ਦਿੱਤਾ।

ਖ਼ੈਰ ਇਹ ਤਾਂ ਵਕਤ ਦੀ ਜਮਾਂਦਰੂ ਆਦਤ ਹੀ ਹੈ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦਾ ਪ੍ਰੋਗਰਾਮ ਜਥੇ ਸਮੇਤ ਉਸ ਵਕਤ ਪਿੰਡ ਸਰਹਾਲੀ ਵਿੱਚ ਸੀ। ਉਸ ਪਿੰਡ ਦੀ ਨਿਵਾਸੀ ਬੀਬੀ ਗੁਰਦੀਪ ਕੌਰ ਜੀ ਬਹੁਤ ਭਜਨੀਕ ਇਸਤਰੀ ਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਵਿੱਚ ਅਥਾਹ ਸ਼ਰਧਾ ਰੱਖਣ ਵਾਲੀ ਸੀ। ਮਹਾਂਪੁਰਖਾਂ ਲਈ ਉਹ ਪ੍ਰਸ਼ਾਦਾ ਬੜੇ ਸਤਿਕਾਰ ਤੇ ਸ਼ਰਧਾ ਨਾਲ ਤਿਆਰ ਕਰਦੀ ਸੀ। ਉਹਨਾਂ ਦੇ ਪ੍ਰੇਮ ਦੀ ਖਿੱਚ ਕਾਰਨ ਹੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਜਥੇ ਦੇ ਪ੍ਰੋਗਰਾਮ ਦਾ ਸਮਾਂ ਕੁਝ ਦਿਨ ਹੋਰ ਵਧਾ ਦਿੱਤਾ।

ਇੱਕ ਦਿਨ ਸਵੇਰ ਦੀ ਕਥਾ ਉਪਰੰਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਆਪਣੇ ਗੜਵਈ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਬਚਨ ਕੀਤਾ, "ਭਾਈ ਕਰਤਾਰ ਸਿੰਘਾ, ਤੁਹਾਡੇ ਪਿਤਾ, ਜਥੇਦਾਰ ਝੰਡਾ ਸਿੰਘ ਜੀ ਦਾ ਸੰਸਾਰ ਤੋਂ ਕੂਚ ਕਰਨ ਦਾ ਸਮਾਂ ਹੁਣ ਆ ਪਹੁੰਚਿਆ ਹੈ, ਸੋ ਤੁਸੀ ਇਸੇ ਵਕਤ ਪਿੰਡ ਨੂੰ ਰਵਾਨਾ ਹੋ ਜਾਓ ਤੇ ਉੱਥੇ ਪਹੁੰਚ ਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਨਿਰੰਤਰ ਰੌਲ

ਲਗਾਓ ਤੇ ਬਾਪੂ ਜੀ ਨੂੰ ਵਾਰੀ-ਵਾਰੀ ਇੱਕ ਸਿੰਘ ਪਾਠ ਸੁਣਾਓ।''

ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦਾ ਇਹ ਭੇਦ ਭਰੇ ਬਚਨ ਸੁਣ ਕੇ (ਸੰਤ) ਭਾਈ ਕਰਤਾਰ ਸਿੰਘ ਜੀ ਕੁਝ ਕੁ ਮਿੰਟ ਖ਼ਾਮੋਸ਼ ਖੜੇ ਰਹੇ। ਬਾਪੂ ਜੀ ਦੀ ਤਸਵੀਰ ਝੱਟ ਅੱਖਾਂ ਅੱਗੇ ਆ ਗਈ। ਕੁਝ ਵੀ ਸੋਚਣ ਦਾ ਵਕਤ ਹੁਣ ਨਹੀਂ ਸੀ ਰਿਹਾ। ਸੋ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਉਸੇ ਵਕਤ ਆਪਣੇ ਆਸਣ ਵਾਲੇ ਕਮਰੇ ਵਿੱਚ ਜਾ ਕੇ ਆਪਣਾ ਕਛਹਿਰਾ-ਪਰਨਾ ਚੁੱਕ ਕੇ ਇੱਕ ਥੈਲੇ ਵਿੱਚ ਪਾਇਆ ਤੇ ਮਹਾਂਪੁਰਖਾਂ ਤੋਂ ਆਗਿਆ ਲੈ ਕੇ ਝੱਟਪੱਟ ਸਰਹਾਲੀ ਦੇ ਬੱਸ ਅੱਡੇ ਤੇ ਪਹੁੰਚ ਕੇ ਬੱਸ ਤੇ ਬੈਠ ਗਏ। ਦੁਪਹਿਰ ਦੇ ਲਗਭਗ ਦੋ ਕੁ ਵਜੇ ਉਹ ਪਿੰਡ ਪਹੁੰਚ ਗਏ। ਅਚਾਨਕ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਆਇਆ ਵੇਖ ਕੇ ਪਰਿਵਾਰ ਦੇ ਜੀਅ ਕੁਝ ਕੁ ਪਲਾਂ ਲਈ ਹੈਰਾਨ ਵੀ ਹੋਏ। ਬਾਪੂ ਜੀ ਪੂਰੀ ਚੜ੍ਹਦੀ ਕਲਾ ਵਿੱਚ ਮੰਜੇ ਉੱਪਰ ਹਮੇਸ਼ਾ ਵਾਂਗ ਖੁੰਡਾ ਲਾਗੇ ਰੱਖ ਕੇ ਬੈਠੇ ਹੋਏ ਸਨ। (ਸੰਤ) ਭਾਈ ਕਰਤਾਰ ਸਿੰਘ ਜੀ ਸਿੱਧਾ ਬਾਪੂ ਜੀ ਹੁਰਾਂ ਕੋਲ ਗਏ ਤੇ ਫਤਹਿ ਬੁਲਾ ਕੇ ਘੁੱਟ ਕੇ ਜੱਫ਼ੀ ਪਾ ਲਈ। ਬਾਪੂ ਜੀ ਨੇ ਵੀ ਅੱਗੋਂ ਘੁੱਟ ਕੇ ਆਪਣੇ ਸਪੁੱਤਰ ਨੂੰ ਗਲਵਕੜੀ ਵਿੱਚ ਲੈ ਲਿਆ ਅਤੇ ਵੱਡੇ ਮਹਾਂਪੁਰਖਾਂ ਤੇ ਜਥੇ ਦੇ ਸਭ ਸਿੰਘਾਂ ਦਾ ਹਾਲ-ਚਾਲ ਪੁੱਛਿਆ। ਤੁਰੰਤ ਹੀ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਇੱਕ ਪਲ ਵੀ ਗਵਾਏ ਬਗੈਰ ਇਸ਼ਨਾਨ ਕੀਤਾ ਤੇ ਦੋ-ਤਿੰਨ ਹੋਰ ਸਿੰਘਾਂ ਨੂੰ (ਘਰ ਵਿੱਚੋਂ ਹੀ) ਵੀ ਇਸ਼ਨਾਨ ਕਰਵਾ ਕੇ ਪਾਠ ਕਰਨ ਲਈ ਤਿਆਰ ਕਰ ਲਿਆ, ਪਰ ਮਨ ਵਿਚਲਾ ਭੇਦ ਕਿਸੇ ਅੱਗੇ ਜਾਹਿਰ ਨਾ ਕੀਤਾ। ਉਹਨਾਂ ਨੇ ਬਾਪੂ ਜੀ ਦੇ ਮੰਜੇ ਕੋਲ ਹੀ ਇੱਕ ਲੱਕੜ ਦਾ ਮੇਜ ਰੱਖ ਲਿਆ ਤੇ ਉਸ ਉੱਤੇ ਇੱਕ ਸਾਫ਼ ਕੱਪੜਾ ਵਿਛਾ ਕੇ ਆਪ ਚੌਂਕੜੀ ਮਾਰ ਕੇ ਬੈਠ ਗਏ ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਆਰੰਭ ਕਰ ਦਿੱਤਾ। ਬਾਪੂ ਜੀ ਕੁਝ ਹੈਰਾਨ ਹੋ ਗਏ, ਅੱਜ ਉਹਨਾ ਨੇ ਸਪੁੱਤਰ ਦੇ ਚਿਹਰੇ ਉੱਤੇ ਪਹਿਲੀ ਵਾਰ ਕੁਝ ਪੜ੍ਹਨ ਦਾ ਯਤਨ ਕੀਤਾ ਤੇ ਫਿਰ ਸੁਭਾਵਿਕ ਹੀ ਕਹਿਣ ਲੱਗੇ, 'ਕਰਤਾਰ ਸਿੰਹਾਂ, ਲੱਗਦਾ ਏ ਇਸ ਵਾਰ ਤੂੰ ਸਾਨੂੰ ਮਾਰ ਕੇ ਹੀ ਜਾਏਂਗਾ।''

(ਸੰਤ) ਭਾਈ ਕਰਤਾਰ ਸਿੰਘ ਜੀ ਬਿਨਾਂ ਕੁਝ ਬੋਲੇ ਨਿਰੰਤਰ ਬਾਣੀ ਪੜ੍ਹਦੇ ਰਹੇ। ਸ਼ਾਮ ਨੂੰ ਜਦ ਕੁਝ ਦਿਨ ਕੁਝ ਢਲ੍ਹ ਗਿਆ ਤਾਂ ਬਾਪੂ ਜੀ ਨੇ ਆਪਣਾ ਮੰਜਾ ਕਮਰੇ ਅੰਦਰ ਲੰਘਾਉਣ ਲਈ ਕਿਹਾ। ਦੋ ਜਣਿਆਂ ਨੇ ਫੜ ਕੇ ਮੰਜਾ ਕਮਰੇ ਅੰਦਰ ਲੰਘਾ ਦਿੱਤਾ। ਬਾਪੂ ਜੀ ਦਾ ਸਰੀਰ ਉਸ ਵਕਤ ਵੀ ਬਿਲਕੁਲ ਠੀਕ-ਠਾਕ ਸੀ। ਰਾਤ ਨੂੰ ਪ੍ਰਸ਼ਾਦਾ ਛਕਿਆ (ਸੰਤ) ਭਾਈ ਕਰਤਾਰ ਸਿੰਘ ਜੀ ਜਦ ਪ੍ਰਸ਼ਾਦਾ ਛਕਣ ਲਈ ਉੱਠੇ ਤਾਂ ਦੂਜੇ ਸਿੰਘ ਨੇ ਪਾਠ ਜਾਰੀ ਰੱਖਿਆ। ਇਸ ਤਰ੍ਹਾਂ ਰਾਤ ਦੇ ਲਗਭਗ ਦਸ ਵੱਜ ਗਏ। ਅਚਾਨਕ ਬਾਪੂ ਜੀ ਨੇ ਕਿਹਾ, 'ਭਾਈ ਲੱਗਦਾ ਹੈ ਜਿਵੇਂ ਸਰੀਰ ਕੁਝ ਢਿੱਲਾ ਜਿਹਾ

ਪੈਂਦਾ ਜਾ ਰਿਹਾ ਹੈ।'

(ਸੰਤ) ਭਾਈ ਕਰਤਾਰ ਸਿੰਘ ਨੇ ਝੱਟ ਹੀ ਸਾਰੇ ਪਰਿਵਾਰ ਦੇ ਸਾਰੇ ਜੀਆਂ ਨੂੰ ਬਾਪੂ ਜੀ ਦੇ ਕੋਲ ਕਮਰੇ ਵਿੱਚ ਬੁਲਾ ਲਿਆ। (ਭਾਈ) ਅਮਰੀਕ ਸਿੰਘ, (ਭਾਈ) ਰਾਮ ਸਿੰਘ, (ਭਾਈ) ਮਨਜੀਤ ਸਿੰਘ, (ਭਾਈ) ਬਲਦੇਵ ਸਿੰਘ, (ਭਾਈ) ਕੁਲਦੀਪ ਸਿੰਘ, (ਭਾਈ) ਸੁਖਦੇਵ ਸਿੰਘ, (ਭਾਈ) ਪ੍ਰਤਾਪ ਸਿੰਘ, (ਭਾਈ) ਇਕਬਾਲ ਸਿੰਘ, (ਭਾਈ) ਬਲਜਿੰਦਰ ਸਿੰਘ, (ਭਾਈ) ਮਹਿਲ ਸਿੰਘ, (ਭਾਈ) ਗੁਰਨਾਮ ਸਿੰਘ ਤੇ ਦੂਜੇ ਪੋਤਰੇ-ਪੋਤਰੀਆਂ ਵੱਲ ਬਾਪੂ ਜੀ ਨੇ ਨੀਝ ਲਗਾ ਕੇ ਵੇਖਿਆ। ਅੱਖਾਂ ਪੂਰੀ ਤਰ੍ਹਾਂ ਨਾ ਖੁੱਲ੍ਹਣ ਕਰਕੇ ਬਾਪੂ ਜੀ ਨੇ ਕਿਹਾ, 'ਭਾਈ ਕਰਤਾਰ ਸਿੰਘ, ਆਹ ਬਲਬ ਜਰਾ ਬੰਦ ਕਰਦੇ ਮੈਂ ਆਪਣੇ ਪਰਿਵਾਰ ਨੂੰ ਚੰਗੀ ਤਰ੍ਹਾਂ ਵੇਖ ਲਵਾਂ।'

(ਸੰਤ) ਭਾਈ ਕਰਤਾਰ ਸਿੰਘ ਜੀ ਨੇ ਇੱਕ ਪਤਲਾ ਜਿਹਾ ਪਰਨਾ ਬਲਬ ਦੇ ਦੁਆਲੇ ਲਪੇਟ ਦਿੱਤਾ, ਚਾਨਣ ਕੁਝ ਮੱਧਮ ਪੈ ਗਿਆ। ਸਾਰਾ ਪਰਿਵਾਰ ਬਾਪੂ ਜੀ ਦੇ ਆਲੇ-ਦੁਆਲੇ ਖੜ੍ਹਾ ਸੀ ਤੇ ਲਾਗੇ ਹੀ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਨਿਰੰਤਰ ਜਾਰੀ ਸੀ। ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਕੁਦਰਤ ਨੇ ਹੁਣੇ ਕੀ ਭਾਣਾ ਵਰਤਾ ਦੇਣਾ ਹੈ। ਸਾਰੇ ਸਾਹ ਰੋਕ ਕੇ ਪਾਠ ਸੁਣ ਰਹੇ ਸਨ ਤੇ ਬਾਪੂ ਜੀ ਇੱਕ-ਇੱਕ ਕਰਕੇ ਆਪਣੇ ਪਰਿਵਾਰ ਦੇ ਜੀਆਂ ਨੂੰ ਬੜੀ ਗਹੁ ਨਾਲ ਵੇਖ ਰਹੇ ਸਨ।

ਉਸ ਵਕਤ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਬਾਪੂ ਜੀ ਨੂੰ ਚੇਤਾ ਕਰਵਾਉਂਦਿਆਂ ਕਿਹਾ, 'ਬਾਪੂ ਜੀ, ਤੁਸੀਂ ਇੱਕ ਵਾਰ ਪਹਿਲਾਂ ਸਾਨੂੰ ਇਕੱਠਿਆਂ ਵੇਖ ਕੇ ਕਿਹਾ ਸੀ ਕਿ ਮੇਰੇ ਘਰ ਤੁਸੀਂ ਇੰਨੇ ਸਾਰੇ ਧੀਆਂ ਪੁੱਤਰ ਪੈਦਾ ਹੋ ਗਏ ਹੋ, ਕੀ ਤੁਹਾਡੇ ਵਿੱਚੋਂ ਕੋਈ ਮੇਰੀ ਜੜ੍ਹ ਵੀ ਹਰੀ ਰੱਖੇਗਾ ? ਹੁਣ ਤੁਸੀਂ ਅੱਜ ਵੇਖ ਕੇ ਦੱਸੋ ਕਿ ਤੁਹਾਡੀ ਜੜ੍ਹ ਹਰੀ ਹੈ ਜਾਂ ਸੁੱਕੀ ?' (ਹਰੀ ਜੜ੍ਹ ਤੋਂ ਭਾਵ ਗੁਰਸਿੱਖੀ ਸੀ।)

ਬਾਪੂ ਜੀ ਬੜੇ ਪ੍ਰਸੰਨ ਹੋਏ ਤੇ ਕਹਿਣ ਲੱਗੇ, ' ਕਰਤਾਰ ਸਿੰਘਾ, ਅੱਜ ਮੈਂ ਬਹੁਤ ਖੁਸ਼ ਹਾਂ, ਹੁਣ ਭਾਵੇਂ ਮੈਨੂੰ ਰੱਬ ਲੈ ਵੀ ਜਾਵੇ। ਦੁਨੀਆਂ ਛੱਡਣ ਦਾ ਕੋਈ ਅਫ਼ਸੋਸ ਨਹੀਂ ਹੈ। ਮੇਰੇ ਤੇ ਕਲਗੀਧਰ ਪਿਤਾ ਨੇ ਬਹੁਤ ਰਹਿਮਤਾਂ ਕੀਤੀਆਂ ਹਨ। ਅੱਜ ਕੇਵਲ ਮੇਰੇ ਪੁੱਤਰ ਤੇ ਨੂੰਹਾਂ ਹੀ ਨਹੀਂ ਬਲਕਿ ਪੋਤਰੇ-ਪੋਤਰੀਆਂ ਨੂੰ ਵੀ ਗੁਰੂ ਨੇ ਆਪਣੇ ਲੜ ਲਾ ਕੇ ਅੰਮ੍ਰਿਤ ਦੀ ਦਾਤ ਬਖ਼ਸ਼ੀ ਹੈ। ਅੱਜ ਮੇਰੀ ਜੜ੍ਹ ਹਰੀ ਹੈ, ਮੇਰੇ ਵੱਡੇ ਭਾਗ ਹਨ।'

ਕੁਝ ਚਿਰ ਲਈ ਕਮਰੇ ਵਿੱਚ ਚੁੱਪ ਛਾ ਗਈ। ਸਾਰੇ ਚੁਪਚਾਪ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸੁਣ ਰਹੇ ਸਨ ਕਿ ਅਚਾਨਕ ਵੇਖਦਿਆਂ ਹੀ ਵੇਖਦਿਆਂ ਬਾਪੂ ਜੀ ਦੇ ਸਾਹ ਕੁਝ ਲੰਮੇ ਹੋ ਗਏ। (ਸੰਤ) ਭਾਈ ਕਰਤਾਰ ਸਿੰਘ ਜੀ ਨੇ ਸਾਰੇ ਪਰਿਵਾਰ ਨੂੰ ਵਾਹਿਗੁਰੂ ਮੰਤਰ ਦਾ ਜਾਪ ਕਰਨ ਲਈ ਕਿਹਾ। ਉਹਨਾ ਨੇ ਬਾਪੂ ਜੀ ਦੀਆਂ ਲੱਤਾਂ ਲੰਮੀਆਂ ਪਾ ਦਿੱਤੀਆਂ ਤੇ ਉੱਚੀ-ਉੱਚੀ ਆਪ ਪਾਠ ਕਰਨ ਲੱਗ ਪਏ। ਠੀਕ ਉਸੇ

ਵਕਤ ਬਾਪੂ ਜੀ ਨੇ ਅੱਖਾਂ ਖੋਲ੍ਹੀਆਂ ਤੇ ਕਿਹਾ, 'ਓਹ ਵੇਖ ਕਰਤਾਰ ਸਿੰਘਾ, ਆਕਾਸ਼ ਵਿੱਚੋਂ ਸਾਨੂੰ ਲੈਣ ਲਈ ਬਬਾਨ ਆਣ ਪਹੁੰਚਿਆ ਹੈ, ਸਾਡਾ ਜਾਣ ਦਾ ਸਮਾਂ ਹੁਣ ਆ ਗਿਆ ਹੈ। ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ।'

ਸਾਰਿਆਂ ਨੇ ਉੱਚੀ ਬਾਪੂ ਜੀ ਦੀ ਫਤਹਿ ਦਾ ਜਵਾਬ ਦਿੱਤਾ ਤੇ ਬਾਪੂ ਜੀ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਮਾਤਾ ਨਿਰੰਜਣ ਕੌਰ ਜੀ ਦੱਸਦੇ ਹਨ ਕਿ ਉਸ ਵਕਤ ਸਾਰਾ ਕਮਰਾ ਇੱਕ ਸੁਨਹਿਰੀ ਜਿਹੀ ਰੋਸ਼ਨੀ ਨਾਲ ਭਰ ਗਿਆ, ਅੱਖਾਂ ਚੁੰਧਿਆ ਗਈਆਂ ਤਾਂ ਸਾਰੇ ਉੱਚੀ-ਉੱਚੀ ਵਾਹਿਗੁਰੂ-ਵਾਹਿਗੁਰੂ ਕਰਨ ਲੱਗੇ। ਅਗਲੇ ਹੀ ਪਲ ਬਾਪੂ ਜੀ ਦੇ ਸਾਹ ਰੁਕ ਗਏ ਤੇ ਉਹ ਹਮੇਸ਼ਾ-ਹਮੇਸ਼ਾ ਲਈ ਇਸ ਸੰਸਾਰ ਤੋਂ ਵਿਦਾ ਹੋ ਗਏ।

ਓਧਰ ਉਸ ਵਕਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਸਰਹਾਲੀ ਵਿਖੇ ਆਪਣੇ ਆਸਣ ਉੱਪਰ ਬਿਰਾਜੇ ਹੋਏ ਸਨ। ਮਹਾਂਪੁਰਖ ਅਚਾਨਕ ਕਾਹਲੀ ਨਾਲ ਉੱਠੇ ਤੇ ਆਪਣੇ ਲਾਗੇ ਹੀ ਆਰਾਮ ਕਰ ਰਹੇ (ਬਾਬਾ) ਭਾਈ ਠਾਕੁਰ ਸਿੰਘ ਜੀ ਨੂੰ ਹਿਲਾਇਆ। (ਬਾਬਾ) ਭਾਈ ਠਾਕੁਰ ਸਿੰਘ ਜੀ ਇਕਦਮ ਫੁਰਤੀ ਨਾਲ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੂੰ ਵੇਖ ਕੇ ਉੱਠ ਪਏ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ (ਬਾਬਾ) ਭਾਈ ਠਾਕੁਰ ਸਿੰਘ ਜੀ ਨੂੰ ਕਹਿਣ ਲੱਗੇ, 'ਠਾਕੁਰ ਸਿੰਘਾ, ਜਲਦੀ ਉੱਠ ਕੇ ਵੇਖ ਝੰਡਾ ਸਿੰਘ ਜੀ ਸਚਖੰਡ ਨੂੰ ਜਾ ਰਹੇ ਹਨ। ਉਹ ਅਸਾਂ ਨੂੰ ਮਿਲਣ ਇੱਥੇ ਆਏ ਸਨ, ਆਹ ਵੇਖੋ ਸਾਡਾ ਕਮਰਾ ਸੋਨੇ ਦਾ ਹੋ ਗਿਆ ਹੈ ਤੇ ਸਾਡਾ ਸਾਰਾ ਸਰੀਰ ਵੀ ਸੋਨੇ ਦਾ ਹੀ ਹੋ ਗਿਆ ਹੈ।' (ਬਾਬਾ) ਭਾਈ ਠਾਕੁਰ ਸਿੰਘ ਜੀ ਮਹਾਂਪੁਰਖਾਂ ਦਾ ਇਹ ਕੌਤਕ ਤੇ ਕੁਦਰਤ ਦਾ ਭਾਣਾ ਵੇਖ ਕੇ ਚੁਪ-ਚਾਪ ਖਲੋਤੇ ਵਾਹਿਗੁਰੂ-ਵਾਹਿਗੁਰੂ ਕਰਨ ਲੱਗੇ।

ਅਗਲੇ ਦਿਨ ਸਵੇਰੇ ਹੀ ਵੱਡੇ ਮਹਾਂਪੁਰਖਾਂ ਨੇ ਜਥੇ ਦੇ ਸਿੰਘਾਂ ਨੂੰ ਬਾਪੂ ਜੀ ਦਾ ਅੰਤਿਮ ਸੰਸਕਾਰ ਕਰਨ ਤੇ ਕੀਰਤਨ ਲਈ ਰਾਗੀ ਜਥੇ ਤੇ ਅਖੰਡ ਪਾਠੀ ਸਿੰਘ ਵੀ ਅਖੰਡ ਪਾਠ ਸਾਹਿਬ ਆਰੰਭ ਕਰਨ ਲਈ ਭੇਜ ਦਿੱਤੇ, ਨਾਲ ਹੀ ਇਹ ਹੁਕਮ ਵੀ ਕੀਤਾ ਕਿ ਪਹਿਲਾਂ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕਰਨਾਂ ਹੈ ਫਿਰ ਹੀ ਬਾਪੂ ਜੀ ਦੇ ਸਰੀਰ ਦਾ ਸੰਸਕਾਰ ਕਰਨਾਂ ਹੈ ਤੇ ਨਾਲ ਹੀ ਭਾਈ (ਸੰਤ) ਕਰਤਾਰ ਸਿੰਘ ਨੂੰ ਇਹ ਵੀ ਹੁਕਮ ਭੇਜਿਆ ਕਿ ਭੋਗ ਪੈਣ ਉਪਰੰਤ ਸਿੰਘਾਂ ਦੇ ਨਾਲ ਹੀ ਉਹ ਵੀ ਆ ਜਾਣ। ਪਰਿਵਾਰਿਕ ਮੋਹ ਵਿੱਚ ਪੈ ਕੇ ਵੈਰਾਗ ਨਹੀਂ ਕਰਨਾ।

ਪਰਿਵਾਰ ਦਾ ਤਾਂ ਜਿਵੇਂ ਥੰਮ ਹਿੱਲ ਗਿਆ ਸੀ, ਸਾਰੇ ਅਤਿਅੰਤ ਦੁਖੀ ਤੇ ਉਦਾਸ ਹੋਏ, ਪਰ ਸੰਤਾਂ ਨੇ ਕਿਸੇ ਨੂੰ ਵੀ ਜਮੀਨ ਤੇ ਬੈਠ ਕੇ ਵੈਰਾਗ ਆਦਿ ਨਹੀਂ ਕਰਨ ਦਿੱਤਾ ਤੇ ਸਾਰਿਆਂ ਨੂੰ ਚੁੱਪ-ਚਾਪ ਮਹਾਰਾਜ ਦੀ ਹਜੂਰੀ ਵਿੱਚ ਬੈਠ ਕੇ ਸ੍ਰੀ

ਅਖੰਡ ਪਾਠ ਸਾਹਿਬ ਸੁਣਨ ਦਾ ਹੁਕਮ ਕੀਤਾ। ਦੁਸ਼ਹਿਰੇ ਤੱਕ ਘਰ ਵਿੱਚ ਕਥਾ ਤੇ ਕੀਰਤਨ ਦਾ ਪ੍ਰਵਾਹ ਚਲਦਾ ਰਿਹਾ। ਭੋਗ ਪੈਣ ਉਪਰੰਤ (ਸੰਤ) ਭਾਈ ਕਰਤਾਰ ਸਿੰਘ ਜੀ ਵੀ ਸਿੰਘਾਂ ਦੇ ਨਾਲ ਹੀ ਵਾਪਸ ਜਥੇ ਵਿੱਚ ਚਲੇ ਗਏ। ਬਾਪੂ ਜੀ ਦੇ ਅਚਾਨਕ ਵਿਛੋੜੇ ਨੇ ਭਾਈ ਸਾਹਿਬ ਦੇ ਦਿਲ ਅਤੇ ਦਿਮਾਗ ਉੱਪਰ ਬਹੁਤ ਅਸਰ ਪਾਇਆ। ਉਹਨਾਂ ਦੇ ਸੁਰਤ ਸੰਭਾਲਣ ਤੋਂ ਬਾਅਦ ਘਰ ਵਿੱਚ ਇਹ ਪਹਿਲੀ ਮੌਤ ਸੀ। ਦੁਸ਼ਹਿਰੇ ਤੱਕ ਘਰ ਵਿੱਚ ਆਵਾਜਾਈ ਹੋਣ ਕਾਰਨ ਦਿਨ ਬਤੀਤ ਹੋ ਗਏ ਪਰ ਬਾਅਦ ਵਿੱਚ ਜਿਵੇਂ ਸਭ ਖ਼ਾਲੀ-ਖ਼ਾਲੀ ਜਿਹਾ ਹੋ ਗਿਆ ਸੀ। ਕਿਸੇ ਕੰਮ ਵਿੱਚ ਮਨ ਨਹੀਂ ਸੀ ਲੱਗਦਾ। ਰਹਿ-ਰਹਿ ਕੇ ਬਾਪੂ ਜੀ ਦੀਆਂ ਯਾਦਾਂ ਆਣ ਕੇ ਘੇਰ ਲੈਂਦੀਆਂ ਸਨ। ਕਿੰਨ੍ਹਾ-ਕਿੰਨ੍ਹਾ ਚਿਰ (ਭਾਈ) ਅਮਰੀਕ ਸਿੰਘ ਵਿਹੜੇ ਵਿੱਚ ਉਸ ਥਾਂ ਉੱਪਰ ਮੰਜੇ ਤੇ ਚੁੱਪ-ਚਾਪ ਤੇ ਉਦਾਸ ਜਿਹੇ ਬੈਠੇ ਰਹਿੰਦੇ ਜਿੱਥੇ ਬਾਪੂ ਜੀ ਲੇਟਿਆ ਕਰਦੇ ਸਨ। ਰਾਤ ਨੂੰ ਹੁਣ ਕਥਾ-ਕਹਾਣੀਆਂ ਸੁਣਾਉਣ ਵਾਲਾ ਕੋਈ ਨਹੀਂ ਸੀ ਰਿਹਾ। ਜਿੰਦਗੀ ਦੀ ਰਫ਼ਤਾਰ ਬੜੀ ਹੌਲੀ-ਹੌਲੀ ਜਿਹੀ ਜਾਪਣ ਲੱਗੀ। ਜਿਵੇਂ ਕਿਸੇ ਨੇ ਅਗਾਂਹ ਹਨੇਰਾ ਹੀ ਹਨੇਰਾ ਕਰ ਦਿੱਤਾ ਹੋਵੇ। ਪਰ ਦੁਨੀਆਂ ਦਾ ਇਹ ਹੀ ਦਸਤੂਰ ਹੈ। ਉਸ ਅਕਾਲ ਪੁਰਖ ਦੇ ਹੁਕਮ ਵਿੱਚ ਸਿਰ ਨਿਵਾਉਣਾ ਹੀ ਤਾਂ ਸਿੱਖੀ ਸਿਦਕ ਹੈ। ਭਾਣਾ ਮੰਨਣਾਂ ਤਾਂ ਸਿੱਖੀ ਦੀ ਫ਼ਿਤਰਤ ਹੈ। ਹਰ ਕਦਮ ਆਪਣਾ-ਆਪ ਵਾਹਿਗੁਰੂ ਦੀ ਮਰਜੀ ਅਨੁਸਾਰ ਢਾਲ ਕੇ ਅੱਗੇ ਵੱਧਣਾ ਸਾਡਾ ਕਰਤੱਵ ਤੇ ਫ਼ਰਜ਼ ਹੈ, ਜਿਸ ਦੀ ਪਾਲਣਾ ਕਰਨੀ ਹੀ ਵਾਸਤਵਿਕ ਰੂਪ ਵਿੱਚ ਕੁਰਬਾਨੀ ਹੈ ਤੇ ਇਹ ਪ੍ਰਾਪਤੀ ਮਹਾਂਪੁਰਖਾਂ ਦੀ ਕ੍ਰਿਪਾ ਤੋਂ ਬਗੈਰ ਸੰਭਵ ਨਹੀਂ।

ਬਾਪੂ ਝੰਡਾ ਸਿੰਘ ਜੀ ਦਾ ਪਰਿਵਾਰ ਭਾਵੇਂ ਆਰਥਿਕ ਤੌਰ ਤੇ ਕੁਝ ਗਰੀਬ ਹੀ ਸੀ ਪਰ ਬ੍ਰਹਮਗਿਆਨੀ ਤੱਤ-ਬੇਤੇ ਮਹਾਂਪੁਰਖਾਂ ਦੀਆਂ ਬਖ਼ਸ਼ਿਸ਼ਾਂ ਦਾ ਸਦਕਾ ਸੇਵਾ ਤੇ ਸਿਮਰਨ ਵਿੱਚ ਜਰੂਰ ਅਮੀਰ ਸੀ। ਇਸਤੋਂ ਇਲਾਵਾ ਆਪਣੇ ਪੋਤਰਿਆਂ ਨੂੰ ਪੰਥ ਦੀਆਂ ਕੁਰਬਾਨੀਆਂ ਦੀਆਂ ਗਾਥਾਵਾਂ ਤੇ ਮੌਜੂਦਾ ਸਮੇਂ ਤੇ ਚਲ ਰਹੇ ਅਕਾਲੀ ਮੋਰਚਿਆਂ ਦੀ ਜੱਦੋ-ਜਹਿਦ ਦੀਆਂ ਜੋਸ਼ ਭਰਪੂਰ ਘਟਨਾਵਾਂ ਸੁਣਾ ਕੇ ਉਹਨਾਂ ਦੇ ਮਾਸੂਮ ਖ਼ੂਨ ਵਿੱਚ ਇੱਕ ਉਬਾਲ ਆਉਣ ਦੀ ਸ਼ਕਤੀ ਭਰ ਕੇ ਇੱਕ ਅਜਿਹੀ ਚੰਗਿਆਰੀ ਨੂੰ ਜਨਮ ਦੇ ਦਿੱਤਾ ਸੀ ਜਿਸ ਨੇ ਵਕਤ ਆਉਣ ਤੇ ਇੱਕ ਭਾਂਬੜ ਬਣ ਕੇ ਫੈਲਣਾ ਸੀ, ਨਿਸੰਦੇਹ:

''ਜਦੋਂ ਜ਼ੁਲਮ ਹੁੰਦਾ ਹੈ ਸਿਤਾਰੇ ਵੇਖਦੇ ਰਹਿੰਦੇ ਹਨ।
ਜਦੋਂ ਤੂਫ਼ਾਨ ਆਉਂਦਾ ਹੈ ਕਿਨਾਰੇ ਵੇਖਦੇ ਰਹਿੰਦੇ ਹਨ।
ਕੱਖਾਂ ਦੀ ਕੁੱਲੀ ਵਿੱਚੋਂ ਬਗਾਵਤ ਜਨਮ ਲੈਂਦੀ ਹੈ,
ਸ਼ਾਹੀ ਮਹੱਲਾਂ ਦੇ ਮੁਨਾਰੇ ਵੇਖਦੇ ਰਹਿੰਦੇ ਹਨ।''

ਭਾਗ - ਤੀਜਾ

ਰੁਕੀਆਂ ਹੋਈਆਂ ਘੜੀਆਂ ਕਦੇ ਵੀ ਗੁੱਟਾਂ ਦਾ ਸ਼ਿੰਗਾਰ ਨਹੀਂ ਬਣਦੀਆਂ। ਵਕਤ ਬੇ-ਰੋਕ ਆਪਣੀ ਚਾਲੇ ਨਾ ਤੁਰੇ ਤਾਂ ਉਸਦਾ ਵਜੂਦ ਤੇ ਉਸਦੀ ਪਹਿਚਾਣ ਹਮੇਸ਼ਾ ਲਈ ਮਿਟ ਜਾਵੇ। ਸ਼ਾਇਦ ਇਸੇ ਕਰਕੇ ਹੀ ਉਸਨੇ ਨਿਰੰਤਰ ਅੱਗੇ ਵੱਧਣਾ ਹੀ ਸਿੱਖਿਆ ਹੈ। ਸ਼ਾਇਦ ਉਸ ਨੂੰ ਕਿਸੇ ਰੁਕਾਵਟ ਦੀ ਪ੍ਰਵਾਹ ਨਹੀਂ ਤੇ ਉਸਦੀ ਇਸੇ ਗੈਰਤ ਵਿੱਚ ਅਥਾਹ ਸਮਰੱਥਾ ਲੁਕੀ ਹੋਈ ਹੈ। ਲੋੜ ਹੈ ਤਾਂ ਇਨਸਾਨ ਨੂੰ ਕੇਵਲ ਕੁਝ ਸਬਰ ਕਰਨ ਦੀ। ਵਕਤ ਹਰ ਹਾਲਾਤ ਬਦਲ ਦਿੰਦਾ ਹੈ। ਸਾਡੇ ਉੱਪਰੋਂ ਜਦੋਂ ਦੁੱਖ ਆ ਕੇ ਲੰਘ ਜਾਵੇ ਤਾਂ ਬੜੇ ਸੁੱਖ ਦਾ ਸਾਹ ਲੈ ਕੇ ਅਸੀਂ ਇਹ ਕਾਮਨਾ ਕਰਦੇ ਹਾਂ ਕਿ ਹੁਣ ਅੱਗੇ ਤੋਂ ਕੇਵਲ ਸੁਖ ਹੀ ਆਵੇ ਕਿਉਂਕਿ ਔਖੀ ਘੜੀ ਹੁਣ ਬਤੀਤ ਹੋ ਚੁੱਕੀ ਹੈ, ਇਹ ਵਾਪਿਸ ਨਹੀਂ ਆਵੇਗੀ ਪਰ ਅਜਿਹਾ ਸੰਭਵ ਨਹੀਂ। ਕਈ ਵਾਰ ਇਹ ਦੁੱਖਾਂ ਦੀ ਘੜੀ ਇੰਨ੍ਹੀ ਲੰਮੀ ਹੋ ਜਾਂਦੀ ਹੈ ਕਿ ਮਨੁੱਖ ਸੁੱਖ ਦੀ ਕਾਮਨਾ ਕਰਦਾ-ਕਰਦਾ ਥੱਕ ਜਾਂਦਾ ਹੈ ਤੇ ਫਿਰ ਆਪਣੇ ਆਪ ਨੂੰ ਦੁੱਖਾਂ ਦਾ ਹੀ ਆਦੀ ਬਣਾ ਕੇ ਜ਼ਿੰਦਗੀ ਦਾ ਬੇੜਾ ਪਾਰ ਲਗਾਉਣ ਲਈ ਯਤਨ ਕਰਦਾ ਹੈ। ਪਰ ਇਹ ਵੀ ਸੰਭਵ ਹੈ ਕਿ ਕਈ ਵਾਰ ਦੁੱਖਾਂ ਦੀ ਘੜੀ ਇੱਕ ਝਲਕਾਰਾ ਮਾਤਰ ਹੀ ਆਉਂਦੀ ਹੈ ਪਰ ਉਹ ਵੀ ਸਾਡੀ ਜ਼ਿੰਦਗੀ ਨੂੰ ਹਲੂਣ ਕੇ ਰੱਖਣ ਦੀ ਸਮਰੱਥਾ ਰੱਖਦੀ ਹੈ। ਕਾਦਰ ਦੀ ਕੁਦਰਤ ਦੇ ਗੁੰਝਲਦਾਰ ਭੇਦਾਂ ਦਾ ਇਹ ਵੀ ਇੱਕ ਹਿੱਸਾ ਹੈ।

ਸੰਨ 1969 ਨੂੰ ਜੂਨ ਦਾ ਮੰਦਭਾਗਾ ਮਹੀਨਾ ਚੜ੍ਹਿਆ ਤੇ ਪੰਦਰ੍ਹਾਂ (15) ਤਾਰੀਖ ਨੂੰ ਅਚਾਨਕ ਸਵੇਰੇ ਹੀ ਇਹ ਖ਼ਬਰ ਪਹੁੰਚ ਗਈ ਕਿ ਬ੍ਰਹਮਗਿਆਨੀ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਰਾਤ ਕਰੀਬ ਦੋ ਕੁ ਵਜੇ ਸੱਚਖੰਡ ਗਮਨ ਕਰ ਗਏ ਹਨ। ਮਹਾਂਪੁਰਖਾਂ ਦਾ ਆਸਣ ਉਸ ਵਕਤ ਮਹਿਤਾ ਨਗਰ ਵਿਖੇ ਸ: ਦਲੀਪ ਸਿੰਘ ਜੀ ਸ਼ਾਹ ਹੁਰਾਂ ਦੇ ਘਰ ਸੀ। ਸਾਰੇ ਸਿੱਖ ਜਗਤ ਵਿੱਚ ਇਸ ਹਿਰਦੇ ਵੇਦਕ ਘਟਨਾ ਨਾਲ ਦੁੱਖ ਦੀ ਲਹਿਰ ਦੌੜ ਗਈ। ਪਿੰਡ ਭੂਰਾ ਕੋਹਨਾਂ ਵਿਖੇ ਵੀ ਜਦ ਇਸ ਹਿਰਦੇ ਵੇਦਕ ਘਟਨਾ ਦਾ ਪਤਾ ਲੱਗਾ ਤਾਂ ਸਾਰਾ ਪਰਿਵਾਰ ਅਤਿਅੰਤ ਉਦਾਸ ਹੋਇਆ। (ਭਾਈ) ਅਮਰੀਕ ਸਿੰਘ ਨੇ ਜਦ ਸੁਣਿਆਂ ਤਾਂ ਸਰੀਰ ਇਕਦਮ ਸੁੰਨ ਹੋ ਗਿਆ, ਅੱਖਾਂ ਖੁੱਲ੍ਹੀਆਂ ਤੋਂ ਦਿਨੇ ਹੀ ਚੁਫ਼ੇਰੇ ਮੱਸਿਆਂ ਦੀ ਰਾਤ ਜਾਪਣ ਲੱਗ

ਗਈ। ਬਾਪੂ ਜੀ ਦੇ ਵਿਛੋੜੇ ਨੂੰ ਹੀ ਹਾਲੇ ਮਸਾਂ ਬਰਦਾਸ਼ਤ ਕਰਨ ਹੀ ਆਦਤ ਪਾਈ ਸੀ ਕਿ ਮਹਾਂਪੁਰਖਾਂ ਨੇ ਵਿਛੋੜਾ ਦੇ ਦਿੱਤਾ। ਇੱਕ ਡੂੰਘੇ ਜਖ਼ਮ ਤੇ ਹੋਰ ਤਿੱਖੀ ਸੱਟ ਅਸਹਿ ਹੁੰਦੀ ਪ੍ਰਤੀਤ ਹੋਈ। ਮਹਾਂਪੁਰਖਾਂ ਦੀ ਯਾਦ ਵਿੱਚ ਅੱਥਰੂ ਆਪ ਮੁਹਾਰੇ ਬਾਹਰ ਆ ਗਏ। ਪਲਾਂ ਵਿੱਚ ਹੀ ਇਹ ਕੀ ਭਾਣਾ ਵਾਪਰ ਗਿਆ ਹੈ ! ਅਨਾਥਾਂ ਵਾਲੀ ਹਾਲਤ ਜਾਪਣ ਲੱਗੀ। (ਭਾਈ) ਅਮਰੀਕ ਸਿੰਘ ਸਾਰਾ ਦਿਨ ਚੁੱਪ-ਚਾਪ ਰਹੇ ਤੇ ਇਹ ਪਤਾ ਲੱਗਣ ਤੇ ਕਿ ਸੰਤਾਂ ਦੇ ਸਰੀਰ ਨੂੰ ਉਹਨਾਂ ਦੀ ਇੱਛਾ ਮੁਤਾਬਿਕ ਪਤਾਲਪੁਰੀ (ਸ੍ਰੀ ਕੀਰਤਪੁਰ ਸਾਹਿਬ) ਵਿਖੇ ਲਿਜਾ ਕੇ ਅਗਨ ਭੇਂਟ ਕੀਤਾ ਜਾਵੇਗਾ ਤਾਂ (ਭਾਈ) ਅਮਰੀਕ ਸਿੰਘ ਉੱਥੇ ਪਹੁੰਚਣ ਲਈ ਤਿਆਰੀ ਕਰਨ ਲੱਗੇ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਪ੍ਰੇਮ ਤੇ ਖਿੱਚ ਕਾਰਨ ਦਿਲ ਵਿੱਚ ਇਹ ਬੜੀ ਇੱਛਾ ਸੀ ਕਿ ਮਹਾਂਪੁਰਖਾਂ ਦੇ ਅੰਤਿਮ ਦਰਸ਼ਨ ਕੀਤੇ ਜਾਣ। ਪਰਿਵਾਰ ਦੇ ਸਾਰੇ ਜੀਅ ਕਾਫ਼ੀ ਦੇਰ ਤੱਕ ਰਾਤ ਨੂੰ ਮਹਾਂਪੁਰਖਾਂ ਦੀ ਯਾਦ ਵਿੱਚ ਬੈਠੇ ਰਹੇ ਤੇ ਉਹਨਾਂ ਨਾਲ ਬਿਤਾਏ ਹੋਏ ਕੀਮਤੀ ਪਲਾਂ ਨੂੰ ਯਾਦ ਕਰ-ਕਰ ਕੇ ਵੈਰਾਗ ਕਰਦੇ ਰਹੇ। (ਭਾਈ) ਅਮਰੀਕ ਸਿੰਘ ਰਾਤ ਪ੍ਰਸ਼ਾਦਾ ਛਕੇ ਬਿਨਾਂ ਹੀ ਸੌਂ ਗਏ ਤੇ ਅੰਮ੍ਰਿਤ ਵੇਲੇ ਹੀ ਬੱਸ ਰਾਹੀਂ ਪਰਿਵਾਰ ਦੇ ਕੁਝ ਹੋਰ ਜੀਆਂ ਸਮੇਤ ਮਹਿਤਾ ਵਿਖੇ ਪਹੁੰਚਣ ਦਾ ਪ੍ਰੋਗਰਾਮ ਬਣਾਇਆ ਤਾਂ ਕਿ ਉੱਥੋਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਸਰੀਰ ਨਾਲ ਪਤਾਲਪੁਰੀ ਵਿਖੇ ਜਾਇਆ ਜਾਵੇ।

ਅਗਲੇ ਦਿਨ ਜਦ (ਭਾਈ) ਅਮਰੀਕ ਸਿੰਘ ਆਪਣੇ ਚਾਚਿਆਂ ਤੇ ਭਰਾਵਾਂ ਨਾਲ ਮਹਿਤਾ ਵਿਖੇ ਪਹੁੰਚੇ ਤਾਂ ਉੱਥੇ ਦਾ ਦ੍ਰਿਸ਼ ਵੇਖ ਕੇ ਮਨ ਹੋਰ ਵੀ ਡੂੰਘੇ ਗਮਾਂ ਵਿੱਚ ਵਹਿ ਗਿਆ। ਸਿੰਘਾਂ ਦੀ ਹਾਲਤ ਵੇਖੀ ਨਹੀਂ ਸੀ ਜਾ ਰਹੀ। (ਸੰਤ) ਭਾਈ ਕਰਤਾਰ ਸਿੰਘ ਤੇ (ਬਾਬਾ) ਭਾਈ ਠਾਕੁਰ ਸਿੰਘ ਜੀ ਤਾਂ ਮੰਨੋ ਜਿਵੇਂ ਸੁੰਨ ਹੀ ਹੋ ਗਏ ਸਨ। ਉਹਨਾਂ ਦੇ ਸਰੀਰ ਵਿੱਚੋਂ ਤਾਂ ਜਿਵੇਂ ਆਤਮਾ ਹਮੇਸ਼ਾ ਲਈ ਜਾ ਚੁੱਕੀ ਸੀ। ਹਜਾਰਾਂ ਸੰਗਤਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਸਰੀਰ ਦੇ ਅੰਤਿਮ ਦਰਸ਼ਨਾਂ ਲਈ ਮਹਿਤਾ ਵਿਖੇ ਪਹੁੰਚ ਰਹੀਆਂ ਸਨ। ਸਿੱਖ ਕੌਮ ਦੇ ਆਗੂ ਤੇ ਹੋਰ ਸਾਧੂ ਸੰਤ, ਮਹਾਂਪੁਰਖ ਤੇ ਸੰਸਥਾਵਾਂ-ਜਥੇਬੰਦੀਆਂ ਦੇ ਮੁਖੀ ਵੀ ਖ਼ਬਰ ਮਿਲਦਿਆਂ ਸਾਰ ਹੀ ਮਹਿਤਾ ਨਗਰ ਵਿਖੇ ਵਾਹੋ-ਦਾਹੀ ਪਹੁੰਚ ਰਹੇ ਸਨ। ਬਣਾਏ ਹੋਏ ਪ੍ਰੋਗਰਾਮ ਦੇ ਮੁਤਾਬਿਕ ਮਹਾਂਪੁਰਖਾਂ ਦੇ ਸਰੀਰ ਨੂੰ ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲਿਜਾ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਸਰੋਵਰ ਦੇ ਪਵਿੱਤਰ ਜਲ ਨਾਲ ਬਾਹਰ ਇਸ਼ਨਾਨ ਕਰਵਾ ਕੇ ਰਾਤੀਂ ਦਸ ਵਜੇ ਖੁੱਲ੍ਹੇ ਟਰੱਕ ਰਾਹੀਂ ਦਮਦਮੀ ਟਕਸਾਲ ਦੇ ਉਸ ਸਮੇਂ ਦੇ ਹੈੱਡ ਕੁਆਰਟਰ ਭਿੰਡਰ ਕਲਾਂ ਵਿਖੇ ਲਿਜਾਇਆ ਗਿਆ। ਰੇਡੀਓ ਰਾਹੀਂ ਸਾਰੇ ਸਿੱਖ ਜਗਤ ਵਿੱਚ ਇਹ ਖ਼ਬਰ ਪਹੁੰਚ ਗਈ ਕਿ ਕੱਲ੍ਹ ਨੂੰ ਸੰਤ ਗਿਆਨੀ ਗੁਰਬਚਨ ਸਿੰਘ

ਜੀ ਖ਼ਾਲਸਾ ਦੇ ਸਰੀਰ ਨੂੰ ਪਤਾਲਪੁਰੀ ਵਿਖੇ ਲਿਜਾਇਆ ਜਾਵੇਗਾ। ਮਹਾਂਪੁਰਖਾਂ ਨੇ ਭਾਵੇਂ ਇਹ ਬਚਨ ਚੋਣਵੇਂ ਸਿੰਘਾਂ ਕੋਲ ਕੀਤਾ ਸੀ। ਪਰ ਫਿਰ ਵੀ ਕੁਝ ਸਿੰਘ ਮਹਾਂਪੁਰਖਾਂ ਦਾ ਅੰਤਿਮ ਸੰਸਕਾਰ ਭਿੰਡਰ ਕਲਾਂ ਵਿਖੇ ਕਰਨ ਲਈ ਖਿੱਚ ਕਰਨ ਲੱਗੇ। ਬਹਿਸ ਤੇਜ ਹੁੰਦੀ ਵੇਖ ਕੇ (ਸੰਤ) ਕਰਤਾਰ ਸਿੰਘ ਜੀ ਕਹਿਣ ਲੱਗੇ, 'ਮਹਾਂਪੁਰਖਾਂ ਦੇ ਹੁਕਮ ਨੂੰ ਸਰੀਰ ਦੇ ਅੰਤਿਮ ਸਵਾਸਾਂ ਤੱਕ ਪੂਰਾ ਕਰਨ ਦਾ ਮੈਂ ਪੁਰਜ਼ੋਰ ਯਤਨ ਕਰਾਂਗਾ। ਸੋ ਮਹਾਂਪੁਰਖਾਂ ਦਾ ਸੰਸਕਾਰ ਉਹਨਾਂ ਦੇ ਬਚਨ ਮੁਤਾਬਿਕ ਪਤਾਲਪੁਰੀ ਵਿਖੇ ਹੀ ਹੋਵੇਗਾ।'

ਛੇਤੀ ਹੀ ਸਿੰਘਾਂ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਬਚਨਾਂ ਤੇ ਫੁੱਲ ਚੜ੍ਹਾਉਣ ਲਈ ਸਰਬ-ਸੰਮਤੀ ਹੋ ਗਈ।

ਅਗਲੇ ਦਿਨ ਕਰੀਬ ਅੱਠ ਵਜੇ ਸ੍ਰੀ ਆਸਾ ਜੀ ਦੀ ਵਾਰ ਦੇ ਭੋਗ ਉਪਰੰਤ ਅਰਦਾਸ ਕਰਕੇ ਕੀਰਤਪੁਰ ਸਾਹਿਬ ਜਾਣ ਲਈ ਸੰਗਤਾਂ ਨੇ ਚਾਲੇ ਪਾਏ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦਾ ਸਰੀਰ ਟਰੱਕ ਤੇ ਸਜਾ ਦਿੱਤਾ ਗਿਆ। ਬਹੁਤ ਸਾਰੀਆਂ ਬੱਸਾਂ, ਜੀਪਾਂ, ਕਾਰਾਂ ਤੇ ਮੋਟਰ-ਸਾਇਕਲ ਇੱਕ ਲੰਮੇ ਕਾਫ਼ਿਲੇ ਦੀ ਸ਼ਕਲ ਵਿੱਚ ਮੋਗੇ ਰਾਹੀਂ ਪਤਾਲਪੁਰੀ ਵੱਲ ਜਾ ਰਿਹਾ ਸੀ। ਰਸਤੇ ਵਿੱਚ ਹਜਾਰਾਂ ਸੰਗਤਾਂ ਹੱਥ ਜੋੜ ਕੇ ਸੜ੍ਹਕ ਦੇ ਦੋਵੇਂ ਪਾਸੇ ਮਹਾਂਪੁਰਖਾਂ ਦੀ ਇੱਕ ਝਲਕ ਦੇਖਣ ਲਈ ਖਲੋਤੀਆਂ ਸਨ। ਰਸਤੇ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦਾ ਪਰਿਵਾਰ ਵੀ (ਯੂ·ਪੀ·) ਤੋਂ ਕਾਫ਼ਿਲੇ ਨਾਲ ਰਲ ਗਿਆ। ਸ਼ਾਮ ਦੇ ਕਰੀਬ ਤਿੰਨ ਕੁ ਵਜੇ ਇਹ ਕਰੁਣਾਮਈ ਕਾਫ਼ਿਲਾ ਸ੍ਰੀ ਕੀਰਤਪੁਰ ਸਾਹਿਬ ਵਿਖੇ ਪੁੱਜ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਇੱਕ ਵੱਡਾ ਪੰਡਾਲ ਸਜਾਇਆ ਗਿਆ। ਜਿਸ ਵਿੱਚ ਰਾਗੀ ਜੱਥਾ ਵੈਰਾਗਮਈ ਕੀਰਤਨ ਕਰ ਰਿਹਾ ਸੀ। ਪਤਾਲਪੁਰੀ ਸਾਹਿਬ ਪਹੁੰਚ ਕੇ ਸਤਲੁਜ ਦੇ ਪਾਣੀ ਨਾਲ ਮਹਾਂਪੁਰਖਾਂ ਦੇ ਸਰੀਰ ਦਾ ਇਸ਼ਨਾਨ ਕਰਵਾਇਆ ਗਿਆ। ਨਵਾਂ ਚੋਲਾ ਤੇ ਦਸਤਾਰ ਆਦਿਕ ਸਿੰਘਾਂ ਨੇ ਆਪ ਸਜਾਈ ਤੇ ਫਿਰ ਪੰਜ ਕਕਾਰ ਵੀ ਨਵੇਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੂੰ ਧਾਰਨ ਕਰਵਾ ਕੇ ਬਾਹਰਵਾਰ ਸਰੀਰ ਸੰਗਤ ਦੇ ਦਰਸ਼ਨਾਂ ਲਈ ਸਜਾਇਆ ਗਿਆ। ਭੀੜ ਬਹੁਤੀ ਹੋਣ ਕਾਰਨ ਦੂਰੋਂ ਹੀ ਮਹਾਂਪੁਰਖਾਂ ਦੇ ਚਿਹਰੇ ਨੂੰ ਵੇਖ ਕੇ (ਭਾਈ) ਅਮਰੀਕ ਸਿੰਘ ਜਾਰੋ-ਜ਼ਾਰ ਰੋ ਰਹੇ ਸਨ। ਬਹੁਤ ਸਾਰੇ ਸਿੰਘਾਂ ਦੀ ਹਾਲਤ ਪਾਗਲਾਂ ਵਾਂਗ ਹੋ ਗਈ ਸੀ। ਭਾਈ ਸਾਹਿਬ ਨੂੰ ਉਹਨਾਂ ਦੇ ਚਾਚਾ ਜੀ ਬੁੱਕਲ ਵਿੱਚ ਲੈ ਕੇ ਵਰਾਉਂਦੇ ਰਹੇ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਲਈ ਚੰਦਨ ਦੀ ਚਿਖ਼ਾ ਆਪ (ਸੰਤ) ਭਾਈ ਕਰਤਾਰ ਸਿੰਘ ਜੀ ਤੇ ਹੋਰ ਮੁਖੀ ਸਿੰਘਾਂ ਨੇ ਤਿਆਰ ਕੀਤੀ। ਕੁਝ ਸਿੰਘ ਮਹਾਂਪੁਰਖਾਂ ਦੇ ਸਰੀਰ ਕੋਲ ਪਾਠ ਕਰ ਰਹੇ ਸਨ। ਚਿਖ਼ਾ ਜਦ ਤਿਆਰ ਹੋ ਗਈ ਤਾਂ ਮਹਾਂਪੁਰਖਾਂ ਦਾ ਸਰੀਰ

ਚਿਖ਼ਾ ਉੱਪਰ ਲਿਟਾ ਕੇ ਚੰਦਨ ਬੂਰਾ, ਦੇਸੀ ਘਿਓ ਤੇ ਹੋਰ ਬਹੁਤ ਸਾਰੀ ਸੁਗੰਧਤ ਸਮੱਗਰੀ ਉੱਪਰ ਛਿੜਕੀ ਗਈ। ਉਪਰੰਤ ਸਾਰੀ ਸੰਗਤ ਨੇ ਖੜੀ ਹੋ ਕੇ ਅਰਦਾਸ ਕੀਤੀ ਤੇ (ਸੰਤ) ਭਾਈ ਕਰਤਾਰ ਸਿੰਘ ਜੀ ਨੇ ਕੀਰਤਨ ਸੋਹਿਲਾ ਜੀ ਦਾ ਪਾਠ ਕੀਤਾ ਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਵੱਡੇ ਸਪੁੱਤਰ ਨੇ ਮਹਾਂਪੁਰਖਾਂ ਦੇ ਸਰੀਰ ਨੂੰ ਅਗਨੀ ਭੇਂਟ ਕੀਤੀ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਆਤਮਾ ਹਮੇਸ਼ਾ-ਹਮੇਸ਼ਾ ਲਈ ਆਪਣੇ ਨਿੱਜ ਅਸਥਾਨ ਵੱਲ ਪ੍ਰਸਥਾਨ ਕਰ ਗਈ। ਸਾਰੀ ਸੰਗਤ ਸਤਿਨਾਮ-ਵਾਹਿਗੁਰੂ ਦਾ ਜਾਪ ਕਰ ਰਹੀ ਸੀ। ਚਾਰ-ਚੁਫ਼ੇਰਾ ਵੈਰਾਗ ਵਿੱਚ ਆ ਕੇ ਰੋ ਰਿਹਾ ਸੀ। ਮਹਾਂਪੁਰਖਾਂ ਦੀ ਚਿਤਾ ਲਟਾ-ਲਟ ਬਲ ਰਹੀ ਸੀ। ਜਿਸਦੀਆਂ ਲਟਾਂ ਉੱਚੀਆਂ ਉੱਠ ਕੇ ਮੰਨੋ ਆਕਾਸ਼ ਨੂੰ ਛੂਹਣ ਦਾ ਯਤਨ ਕਰ ਰਹੀਆਂ ਹੋਣ। ਇਸ ਦੌਰਾਨ ਭਾਈ ਗੁਰਮੁੱਖ ਸਿੰਘ ਜੀ (ਉੜੀਸਾ) ਨੇ ਮਹਾਂਪੁਰਖਾਂ ਦੇ ਬਲਦੇ ਹੋਏ ਅੰਗੀਠੇ ਵਿੱਚ ਛਾਲ ਮਾਰ ਕੇ ਆਪਣੇ ਆਪ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨਾਲ ਸਦਾ ਲਈ ਅਭੇਦ ਕਰ ਲਿਆ। ਸਾਰੀ ਸੰਗਤ ਖਲੱਤੀ ਇਹ ਕੌਤਕ ਆਪਣੀਆਂ ਅੱਖਾਂ ਨਾਲ ਵੇਖ ਰਹੀ ਸੀ।

ਮਹਾਂਪੁਰਖਾਂ ਦੇ ਅੰਤਮ ਸੰਸਕਾਰ ਉਪਰੰਤ ਸੰਗਤਾਂ ਵਾਪਸ ਆਪੋ-ਆਪਣੇ ਘਰਾਂ ਨੂੰ ਪਰਤ ਆਈਆਂ। (ਭਾਈ) ਅਮਰੀਕ ਸਿੰਘ ਵੀ ਪਿਤਾ ਦੀ ਆਗਿਆ ਲੈ ਕੇ ਅਤਿਅੰਤ ਦੁਖੀ ਹਿਰਦੇ ਤੇ ਨੇਤਰਾਂ ਵਿੱਚ ਹੰਝੂਆਂ ਦੀ ਗੰਗਾ ਲੈ ਕੇ ਅਗਲੇ ਦਿਨ ਚਾਚਾ ਜੀ ਨਾਲ ਪਿੰਡ ਭੂਰਾ ਕੋਹਨਾਂ ਵਿਖੇ ਪਹੁੰਚ ਗਏ। ਘਰ ਆ ਕੇ ਮਾਤਾ ਜੀ ਤੇ ਹੋਰ ਬਾਕੀ ਦੇ ਜੀਆਂ ਨੂੰ ਮਹਾਂਪੁਰਖਾਂ ਦੇ ਅੰਤਿਮ ਸੰਸਕਾਰ ਤੇ ਭਾਈ ਉੜੀਸਾ ਜੀ ਦੀ ਕੁਰਬਾਨੀ ਬਾਰੇ ਦੱਸਿਆ। 1 ਜੁਲਾਈ ਦਿਨ ਮੰਗਲਵਾਰ ਨੂੰ (ਸੰਤ) ਭਾਈ ਕਰਤਾਰ ਸਿੰਘ ਜੀ ਵੱਡੇ ਮਹਾਂਪੁਰਖਾਂ ਤੇ ਸਪੁੱਤਰਾਂ ਤੇ ਹੋਰਨਾਂ ਮੁਖੀ ਸਿੰਘਾਂ ਸਮੇਤ ਪਤਾਲਪੁਰੀ ਵਿਖੇ ਪਹੁੰਚ ਕੇ ਮਹਾਂਪੁਰਖਾਂ ਦੇ ਅੰਗੀਠੇ ਨੂੰ ਸਤਲੁਜ ਦੇ ਚਲਦੇ ਪਾਣੀ ਵਿੱਚ ਜਲ ਪ੍ਰਵਾਹ ਕਰ ਦਿੱਤਾ।

ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਚੜ੍ਹਾਈ ਕਰਨ ਵਾਲੇ ਦਿਨ ਦੇ ਮੁਤਾਬਿਕ 8 ਜੁਲਾਈ ਨੂੰ ਦੁਸ਼ਹਿਰਾ ਬਣਦਾ ਸੀ। ਭਿੰਡਰ ਕਲਾਂ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਵਾ ਕੇ ਦੀਵਾਨ ਸਜਾਏ ਗਏ ਜਿਸ ਵਿੱਚ ਲੱਖਾਂ ਸੰਗਤਾਂ ਦਾ ਇਕੱਠ ਹੋਇਆ। ਪਰ ਕੁਝ ਕੁ ਸਿਆਸੀ ਆਗੂਆਂ ਤੇ ਮੁਖੀ ਸਿੰਘਾਂ ਨੇ (ਸੰਤ) ਭਾਈ ਕਰਤਾਰ ਸਿੰਘ ਨੂੰ ਸਹਿਮਤੀ ਦੇਣ ਤੋਂ ਇਨਕਾਰ ਕਰ ਦਿੱਤਾ। ਇੱਥੇ ਇਹ ਵਰਣਨਯੋਗ ਹੈ ਕਿ ਵੱਡੇ ਮਹਾਂਪੁਰਖਾਂ ਨੇ ਪਹਿਲਾਂ ਹੀ ਤਿੰਨ ਵਾਰ ਦਮਦਮੀ ਟਕਸਾਲ ਦੀ ਸੇਵਾ ਸਭ ਦੇ ਸਾਹਮਣੇ ਦੀਵਾਨ ਵਿੱਚ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਬਖਸ਼ਿਸ਼ ਕਰਕੇ ਅਰਦਾਸ ਕੀਤੀ ਸੀ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਟਕਸਾਲ ਦੀ ਸੇਵਾ ਸਬੰਧੀ ਕੋਈ ਵਾਦ-ਵਿਵਾਦ ਨਾ ਹੋਵੇ। ਇਸ ਲਈ ਮਹਾਂਪੁਰਖਾਂ ਨੇ ਪਹਿਲਾਂ ਹੀ ਕੁਝ ਮੁਖੀ

ਸਿੰਘਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਅਵਤਾਰ ਪੁਰਬ ਮੌਕੇ ਸੰਗਤ ਦੀ ਹਾਜਰੀ ਵਿੱਚ ਹੀ ਸਜੇ ਹੋਏ ਦੀਵਾਨ ਵਿੱਚ (ਸੰਤ) ਭਾਈ ਕਰਤਾਰ ਸਿੰਘ ਨੂੰ ਦਮਦਮੀ ਟਕਸਾਲ ਦੀ ਸੇਵਾ ਸੌਂਪਦੇ ਹੋਏ ਸਾਰੇ ਬਚਨ ਟੇਪ ਰਿਕਾਰਡਰ ਰਾਹੀਂ ਰਿਕਾਰਡ ਕਰਵਾਏ ਸਨ। ਮਹਾਂਪੁਰਖਾਂ ਦੇ ਨਾਲ ਰਹੇ ਸਿੰਘਾਂ ਦੇ ਮੁਤਾਬਿਕ ਇੱਕ ਵਾਰ ਸਭ ਤੋਂ ਪਹਿਲਾਂ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਸੁਤੇ ਸਿਧ ਹੀ ਗਿਆਨੀ ਮੋਹਨ ਸਿੰਘ ਜੀ (ਟਕਸਾਲ ਦੇ ਆਗੂ ਸਿੰਘ) ਨੂੰ ਟਕਸਾਲ ਦੀ ਸੇਵਾ ਦੇਣ ਬਾਰੇ ਬਚਨ ਕੀਤਾ ਤਾਂ ਉਹਨਾਂ ਨੇ ਅੱਗੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਦਾਸ ਇਸ ਸੇਵਾ ਦੇ ਯੋਗ ਨਹੀਂ ਹੈ। ਬਾਅਦ ਵਿੱਚ ਮਹਾਂਪੁਰਖਾਂ ਨੇ ਇਹ ਸੇਵਾ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਨਿਭਾਉਣ ਦਾ ਹੁਕਮ ਦਿੱਤਾ ਸੀ। ਜਥੇ ਦੇ ਸਿੰਘਾਂ ਨੂੰ ਜਦ ਇਹ ਖ਼ਬਰ ਮਿਲੀ ਤਾਂ ਉਹ ਗਿਆਨੀ ਮੋਹਨ ਸਿੰਘ ਜੀ ਦੇ ਸਮੇਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਕੋਲ ਆਏ ਤੇ ਇਸ ਬਾਰੇ ਰੋਸ ਪ੍ਰਗਟ ਕਰਦੇ ਹੋਏ ਕਹਿਣ ਲੱਗੇ, 'ਆਪ ਜੀ ਨੇ ਜਥੇ ਦੇ ਬਹੁਤ ਸਾਰੇ ਪੁਰਾਣੇ ਤੇ ਤਜਰਬੇਕਾਰ ਸਿੰਘਾਂ ਨੂੰ ਛੱਡ ਕੇ ਇਸ ਭੁਝੰਗੀ ਨੂੰ ਸੇਵਾ ਕਿਉਂ ਦੇ ਦਿੱਤੀ ਹੈ ? ਆਪ ਜੀ ਇੱਕ ਵਾਰ ਫਿਰ ਤੋਂ ਵਿਚਾਰ ਕਰਕੇ ਇਹ ਫੈਸਲਾ ਬਦਲ ਦਿਓ।'

ਤਾਂ ਅੱਗੋਂ ਮਹਾਂਪੁਰਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਕਿਹਾ, 'ਭਾਈ ਮੈਂ ਤਾਂ ਹੁਣ ਕੁਝ ਵੀ ਨਹੀਂ ਕਰ ਸਕਦਾ। ਮੈਂ ਕਲਗੀਧਰ ਦੇ ਅੱਗੇ ਕਰਤਾਰ ਸਿੰਘ ਦੀ ਝੋਲੀ ਵਿੱਚ ਬਖਸ਼ਿਸ਼ਾਂ ਪਾਉਣ ਦੀ ਅਰਦਾਸ ਕਰ ਦਿੱਤੀ ਹੈ। ਹੁਣ ਮੇਰੇ ਕੋਲ ਕੁਝ ਵੀ ਨਹੀਂ। ਸਾਰਾ ਕੁਝ ਕਰਤਾਰ ਸਿੰਘ ਪਾਸ ਹੀ ਹੈ। ਤੁਸੀਂ ਉਸੇ ਕੋਲ ਹੀ ਜਾਓ। ਮੈਂ ਤਾਂ ਉਸ ਨੂੰ ਨਹੀਂ ਛੱਡ ਸਕਦਾ, ਤੁਹਾਡੀ ਜਿਵੇਂ ਮਰਜੀ ਹੈ ਕਰ ਲਓ।'

ਮਹਾਂਪੁਰਖਾਂ ਦੇ ਇਹ ਨਿਧੜਕ ਬਚਨ ਸੁਣ ਕੇ ਕਰੀਬ 14 ਮੁਖੀ ਸਿੰਘ ਜੱਥਾ ਤਿਆਗ ਕੇ ਚਲੇ ਗਏ ਪਰ ਮਹਾਂਪੁਰਖਾਂ ਦਾ ਬਚਨ ਅਟੱਲ ਸੀ।

ਇਸ ਸੱਭ ਦੇ ਬਾਵਜੂਦ ਕੁਝ ਸਿੰਘਾਂ ਨੇ ਦੁਸ਼ਹਿਰੇ ਵਾਲੇ ਦਿਨ ਗਿਆਨੀ ਮੋਹਨ ਸਿੰਘ ਜੀ ਨੂੰ ਦਸਤਾਰਬੰਦੀ ਕਰਨ ਦਾ ਫੈਸਲਾ ਕਰ ਲਿਆ ਤੇ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਝੂਠਾ ਕਹਿ ਕੇ ਇਸ ਤੋਂ ਪਾਸੇ ਕਰ ਦਿੱਤਾ। ਦੁਸ਼ਹਿਰੇ ਵਾਲੇ ਦਿਨ ਬਾਹਰ ਬਹੁਤ ਵੱਡਾ ਪੰਡਾਲ ਲੱਗਾ। ਸਰਕਾਰ ਵਿੱਚ ਮੰਤਰੀ ਬਾਸੀ ਵੀ ਉਸ ਵਿੱਚ ਪਹੁੰਚਿਆ। ਕਰੀਬ 11 ਵਜੇ ਸਟੇਜ ਤੇ ਮੰਤਰੀ ਤੇ ਕੁਝ ਹੋਰਾਂ ਦੀ ਸ਼ਹਿ ਤੇ ਮਾਝੇ ਤੇ ਮਾਲਵੇ ਦਾ ਮੁੱਦਾ ਬਣਾ ਕੇ ਇਹ ਐਲਾਨ ਕਰ ਦਿੱਤਾ ਗਿਆ ਕਿ 2 ਵਜੇ ਗਿਆਨੀ ਮੋਹਨ ਸਿੰਘ ਜੀ ਦੀ ਮੁਖੀ ਦੇ ਤੌਰ ਤੇ ਦਸਤਾਰਬੰਦੀ ਹੋਵੇਗੀ। ਗਿਆਨੀ ਮੋਹਨ ਸਿੰਘ ਜੀ ਤੇ ਭਗਤ ਉਜਾਗਰ ਸਿੰਘ ਜੀ ਇਸ ਐਲਾਨ ਸਮੇਂ ਪ੍ਰਸ਼ਾਦਾ ਛਕ ਰਹੇ ਸਨ। ਕੁਝ ਸਿੰਘ ਜਿਨ੍ਹਾਂ ਵਿੱਚ ਜਥੇਦਾਰ ਗੁਰਦੀਪ ਸਿੰਘ ਜੀ, ਭਾਈ ਦਾਰਾ ਸਿੰਘ, ਜਥੇਦਾਰ ਜਗੀਰ ਸਿੰਘ ਜੀ

ਧੀਰਾ ਪੱਤਰਾ, ਭਾਈ ਸੋਹਣ ਸਿੰਘ ਜੀ ਝੋਕ ਹਰੀ ਹਰ, ਭਾਈ ਦਰਸ਼ਨ ਸਿੰਘ ਜੀ ਧੀਰਾ ਪੱਤਰਾ, ਭਾਈ ਅਨੂਪ ਸਿੰਘ ਜੀ ਧੀਰਾ ਪੱਤਰਾ, ਭਾਈ ਦਰਸ਼ਨ ਸਿੰਘ ਜੀ ਝੋਕ ਹਰੀ ਹਰ ਤੇ ਭਾਈ ਗੁਰਚਰਨ ਸਿੰਘ ਜੀ ਝੋਕ ਹਰੀ ਹਰ ਆਦਿਕ ਮੌਜੂਦ ਸਨ, ਇਕੱਠੇ ਹੋ ਕੇ ਭਗਤ ਉਜਾਗਰ ਸਿੰਘ ਜੀ ਕੋਲ ਗਏ ਤੇ ਕਹਿਣ ਲੱਗੇ, 'ਭਗਤ ਜੀ, ਤੁਹਾਨੂੰ ਤਾਂ ਸਾਰੀ ਗੱਲ ਦਾ ਪਤਾ ਹੀ ਹੈ ਕਿ ਦਸਤਾਰ (ਭਾਈ) ਕਰਤਾਰ ਸਿੰਘ ਜੀ ਨੂੰ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਆਪ ਬਖ਼ਸ਼ ਕੇ ਗਏ ਹਨ। ਫਿਰ ਇਹ ਸਭ ਕਿਉਂ ਹੋ ਰਿਹਾ ਹੈ ? ਅਸੀਂ ਤਾਂ ਇਸ ਕਰਕੇ ਤੁਹਾਡੇ ਕੋਲ ਆਏ ਹਾਂ ਕਿਉਂਕਿ ਤੁਸੀਂ ਹੀ ਕਹਿੰਦੇ ਹੋ ਕਿ ਜੇਕਰ ਕੋਈ ਮਨੁੱਖ ਗਲਤੀ ਕਰਦਾ ਹੈ ਤਾਂ ਉਸਨੂੰ ਦੱਸਣਾ ਜਰੂਰ ਚਾਹੀਦਾ ਹੈ। ਸੋ ਇਸ ਲਈ ਦੱਸਣ ਆਏ ਹਾਂ ਕਿ ਇਹ ਗਲਤ ਹੈ।'

ਭਗਤ ਉਜਾਗਰ ਸਿੰਘ ਜੀ ਨੇ ਭਾਈ ਮੋਹਨ ਸਿੰਘ ਜੀ ਵੱਲ ਵੇਖਦੇ ਹੋਏ ਉੱਤਰ ਦਿੱਤਾ, 'ਭਾਈ ਠੀਕ ਹੈ, ਦਸਤਾਰ ਉਸਨੂੰ ਹੀ ਮਿਲੀ ਹੈ। ਗੱਲ ਇਸ ਤਰ੍ਹਾਂ ਹੈ ਕਿ ਜਿਹੜੀ ਦਸਤਾਰ ਕਰਤਾਰ ਸਿੰਘ ਨੂੰ ਮਿਲ ਗਈ ਹੈ, ਉਹ ਤਾਂ ਕੋਈ ਵੀ ਖੋਹ ਨਹੀਂ ਸਕਦਾ। ਉਹ ਤਾਂ ਉਹਦੇ ਕੋਲ ਤੇ ਉਹਦੇ ਨਾਲ ਹੀ ਰਹਿਣੀ ਹੈ। ਜੇ ਇਸ (ਗਿਆਨੀ ਮੋਹਨ ਸਿੰਘ ਜੀ ਵੱਲ ਇਸ਼ਾਰਾ ਕਰਦੇ ਹੋਏ) ਵਿਚਾਰੇ ਨੂੰ ਵੀ ਬੱਝਦੀ ਹੈ ਤਾਂ ਇਸ ਨੂੰ ਵੀ ਬੱਝ ਜਾਣ ਦਿਓ। ਦੋਵੇਂ ਹੀ ਪ੍ਰਚਾਰ ਕਰੀ ਜਾਣਗੇ।'

(ਸੰਤ) ਭਾਈ ਕਰਤਾਰ ਸਿੰਘ ਜੀ ਇਸ ਸਭ ਤੋਂ ਦੂਰ ਹੀ ਰਹੇ। ਉਹ ਇਸ ਬਾਰੇ ਕੁਝ ਨਹੀਂ ਬੋਲੇ ਤੇ ਜਾ ਕੇ ਇੱਕ ਕਮਰੇ ਵਿੱਚ ਬੈਠ ਗਏ। ਸੰਤ ਬਾਬਾ ਸੋਹਣ ਸਿੰਘ ਜੀ ਬਿਧੀ ਚੰਦ ਵੀ ਉਸ ਸਮੇਂ ਦੀਵਾਨ ਵਿੱਚ ਹਾਜਰ ਸਨ ਤੇ ਉਹਨਾਂ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਆਪ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਸੇਵਾ ਦੇਣ ਬਾਰੇ ਦੱਸਿਆ ਸੀ। ਸੰਤ ਬਾਬਾ ਸੋਹਣ ਸਿੰਘ ਜੀ, ਬਾਬਾ ਤਾਰਾ ਸਿੰਘ ਜੀ ਸਰਹਾਲੀ ਵਾਲੇ ਤੇ ਕੁਝ ਹੋਰ ਜਥੇਬੰਦੀਆਂ ਤੇ ਸੰਗਤ ਦੇ ਸਿੰਘ ਉੱਠੇ ਤੇ ਉਸ ਕਮਰੇ ਵੱਲ ਗਏ ਜਿਸ ਵਿੱਚ (ਸੰਤ) ਭਾਈ ਕਰਤਾਰ ਸਿੰਘ ਜੀ ਬੈਠੇ ਸਨ। ਕਮਰੇ ਦੇ ਬਾਹਰ ਖਲੋ ਕੇ ਉੱਚੀ ਆਵਾਜ ਸੰਤ ਬਾਬਾ ਸੋਹਣ ਸਿੰਘ ਜੀ ਕਹਿਣ ਲੱਗੇ, 'ਕਰਤਾਰ ਸਿੰਹਾਂ, ਏਧਰ ਆ, ਬਾਹਰ ਨਿਕਲ, ਆਪਾਂ ਵੀ ਸਭ ਦੇ ਸਾਹਮਣੇ ਸਟੇਜ ਤੇ ਹੀ ਦਸਤਾਰਬੰਦੀ ਕਰਨੀ ਹੈ। ਕਿਸੇ ਤੋਂ ਡਰਨ ਦੀ ਤੇ ਪਿੱਛੇ ਹਟਣ ਦੀ ਲੋੜ ਨਹੀਂ। ਜੋ ਕੁਝ ਵੀ ਹੋਵੇਗਾ ਅਸੀਂ ਆਪੇ ਵੇਖ ਲਵਾਂਗੇ।'

(ਸੰਤ) ਭਾਈ ਕਰਤਾਰ ਸਿੰਘ ਜੀ ਬਾਹਰ ਆਏ ਤੇ ਹੱਥ ਜੋੜ ਕੇ ਕਹਿਣ ਲੱਗੇ, 'ਮੈਨੂੰ ਮਹਾਂਪੁਰਖਾਂ (ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ) ਨੇ ਕਿਹਾ ਹੈ ਕਿ ਕਿਸੇ ਦੀ ਬਰਾਬਰੀ ਤੇ ਮੁਕਾਬਲਾ ਨਹੀਂ ਕਰਨਾਂ। ਇਸ ਲਈ ਮੈਂ ਸੰਤਾਂ ਦਾ ਹੁਕਮ ਮੰਨਣਾ ਹੈ।'

'ਠੀਕ ਹੈ, ਨਹੀਂ ਕਰਦੇ ਬਰਾਬਰੀ। ਜੇ ਉਹ ਪੰਡਾਲ ਵਿੱਚ ਦਸਤਾਰਬੰਦੀ ਕਰਦੇ ਹਨ ਤਾਂ ਤੁਸੀਂ ਸਾਡੇ ਨਾਲ ਦਰਬਾਰ ਵਿੱਚ ਆਓ।'

ਬਾਬਾ ਸੋਹਣ ਸਿੰਘ ਜੀ ਨੇ (ਸੰਤ) ਭਾਈ ਕਰਤਾਰ ਸਿੰਘ ਜੀ ਨੂੰ ਬਾਂਹ ਤੋਂ ਫੜ ਕੇ ਨਾਲ ਲਿਜਾਂਦਿਆਂ ਕਿਹਾ। ਗੁਰਦੁਆਰਾ ਸਾਹਿਬ ਜਾਂਦਿਆਂ-ਜਾਂਦਿਆਂ ਕਈ ਸਿੰਘ ਹੋਰ ਵੀ ਨਾਲ ਆ ਗਏ ਤੇ ਸਾਰਾ ਦਰਬਾਰ ਭਰ ਗਿਆ। ਗਿਆਨੀ ਮੋਹਨ ਸਿੰਘ ਜੀ ਦੀ ਦਸਤਾਬੰਦੀ ਦਾ ਸਮਾਂ ਦੋ ਵਜੇ ਸੀ ਪਰ ਸੰਤ ਬਾਬਾ ਸੋਹਣ ਸਿੰਘ ਜੀ ਬਿਧੀਚੰਦ, ਬਾਬਾ ਤਾਰਾ ਸਿੰਘ ਜੀ ਸਰਹਾਲੀ ਵਾਲੇ ਸੰਤ ਬਾਬਾ ਉੱਤਮ ਸਿੰਘ ਜੀ ਖਡੂਰ ਸਾਹਿਬ ਵਾਲੇ, ਗਿਆਨੀ ਦਲੀਪ ਸਿੰਘ ਜੀ ਅੰਮ੍ਰਿਤਸਰ ਵਾਲੇ ਤੇ ਕੁਝ ਹੋਰ ਨਿਹੰਗ ਜਥੇਬੰਦੀਆਂ ਵੱਲੋਂ ਉਸ ਤੋਂ ਪਹਿਲਾਂ ਹੀ ਗੁਰਦੁਆਰਾ ਸਾਹਿਬ ਦੇ ਅੰਦਰ (ਸੰਤ) ਭਾਈ ਕਰਤਾਰ ਸਿੰਘ ਜੀ ਦੀ ਦਸਤਾਰਬੰਦੀ ਦਮਦਮੀ ਟਕਸਾਲ ਦੇ ਮੁਖੀ ਵਜੋਂ ਕਰ ਦਿੱਤੀ। ਦੁਪਹਿਰੇ ਤਿੰਨ ਵੱਜ ਕੇ ਦਸ ਮਿੰਟ (3:10) ਤੇ ਅਰਦਾਸ ਕੀਤੀ ਗਈ। ਸੰਤ ਕਰਤਾਰ ਸਿੰਘ ਜੀ ਨੇ ਸੰਤ ਬਾਬਾ ਸੋਹਣ ਸਿੰਘ ਜੀ, ਬਾਬਾ ਤਾਰਾ ਸਿੰਘ ਜੀ ਆਦਿਕ ਦੀ ਸਲਾਹ ਨਾਲ ਭਿੰਡਰ ਕਲਾਂ ਤੋਂ ਚਲੇ ਜਾਣ ਦਾ ਫੈਸਲਾ ਕੀਤਾ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਬਚਨਾਂ ਤੇ ਸੰਤ ਕਰਤਾਰ ਸਿੰਘ ਜੀ ਨੂੰ ਅਥਾਹ ਵਿਸ਼ਵਾਸ਼ ਸੀ ਤੇ ਨਾਲ ਹੀ ਮਨ ਵਿੱਚ ਇਹ ਦ੍ਰਿੜਤਾ ਵੀ ਸੀ ਕਿ ਮਹਾਂਪੁਰਖਾਂ ਦੇ ਬਚਨ ਸਦਾ ਅਟੱਲ ਹਨ। ਮਨ ਵਿੱਚ ਇਹ ਵਿਚਾਰ ਕਰਕੇ ਕਿ ਹੁਣ ਹਰ ਹਾਲਤ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਬਚਨਾਂ ਤੇ ਪਹਿਰਾ ਦੇਣਾ ਹੈ ਭਾਵੇਂ ਇਹ ਸਰੀਰ ਵੀ ਇਸਦੇ ਲੇਖੇ ਕਿਉਂ ਨਾ ਲਾਉਣਾ ਪਵੇ। ਸੰਤ ਕਰਤਾਰ ਸਿੰਘ ਜੀ ਉੱਠੇ ਤੇ ਮੌਕੇ ਤੇ ਹਾਜਰ ਸਿੰਘਾਂ ਨੂੰ ਕਹਿਣ ਲੱਗੇ, 'ਜਿਹੜਾ ਵੀ ਮਹਾਂਪੁਰਖਾਂ ਦੇ ਬਚਨਾਂ ਤੇ ਪਹਿਰਾ ਦੇਣਾ ਚਾਹੁੰਦਾ ਹੈ ਉਹ ਮੇਰੇ ਨਾਲ ਆ ਜਾਵੇ, ਮੈਂ ਭਿੰਡਰ ਕਲਾਂ ਛੱਡ ਕੇ ਮਹਿਤਾ ਨਗਰ ਵਿਖੇ ਜਾ ਰਿਹਾ ਹਾਂ।'

ਬਾਬਾ ਸੋਹਣ ਸਿੰਘ ਜੀ ਬਿਧੀ ਚੰਦ ਤੇ ਕਈ ਹੋਰ ਮੁਖੀ ਮਹਾਤਮਾ ਵੀ ਉੱਥੋਂ ਉੱਠ ਕੇ ਸੰਤ ਕਰਤਾਰ ਸਿੰਘ ਜੀ ਨਾਲ ਆ ਗਏ। ਇਹ ਵੇਖ ਕੇ ਜਥੇ ਦੇ ਕੁਝ ਵਿਦਿਆਰਥੀ ਵੀ ਆ ਗਏ। ਜਦੋਂ ਸੰਤ ਕਰਤਾਰ ਸਿੰਘ ਜੀ ਉੱਥੋਂ ਜਾਣ ਲੱਗੇ ਤਾਂ ਦੂਜੇ ਧੜੇ ਦੇ ਇੱਕ ਸਿੰਘ ਨੇ ਸੰਤ ਕਰਤਾਰ ਸਿੰਘ ਜੀ ਦੀ ਛਾਤੀ ਤੇ ਬਰਛੀ ਲਾ ਲਈ ਤੇ ਤਲਾਸ਼ੀ ਦੇਣ ਲਈ ਕਿਹਾ। ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੇ ਚੋਲੇ ਦੇ ਬਟਨ ਖੋਲ੍ਹ ਦਿੱਤੇ ਤੇ ਬਰਛੀ ਸਿੱਧੀ ਛਾਤੀ ਨਾਲ ਲਾ ਕੇ ਕਿਹਾ, 'ਲੈ ਹੁਣ ਮਾਰ ਬਰਛੀ।'

ਸੰਤ ਕਰਤਾਰ ਸਿੰਘ ਜੀ ਨੇ ਆਪਣਾ ਚੋਲਾ ਲਾਹ ਕੇ ਝਾੜ ਦਿੱਤਾ ਤੇ ਵਿਖਾ ਦਿੱਤਾ ਕਿ ਉਹ ਇੱਥੋਂ ਕੋਈ ਵੀ ਵਸਤੂ (ਦੁਨਿਆਵੀ) ਨਹੀਂ ਲੈ ਕੇ ਚੱਲੇ। ਉੱਥੋਂ ਟਰੱਕ ਵਿੱਚ ਬੈਠ ਕੇ ਸੰਤ ਕਰਤਾਰ ਸਿੰਘ ਜੀ ਕੁਝ ਸਿੰਘਾਂ ਸਮੇਤ ਮਹਿਤਾ ਵਿਖੇ ਪੁੱਜ ਗਏ।

ਇੱਥੇ ਆਉਂਦਿਆਂ ਹੀ ਵੱਡੇ ਮਹਾਂਪੁਰਖਾਂ ਦੀ ਯਾਦ ਵਿੱਚ 110 ਸ੍ਰੀ ਅਖੰਡ ਪਾਠ ਸਾਹਿਬਾਨਾਂ ਦੀ ਲੜੀ ਆਰੰਭ ਕਰ ਦਿੱਤੀ।

ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੀ ਸਮਾਪਤੀ ਵਾਲੇ ਦਿਨ ਖੁੱਲ੍ਹਾ ਪੰਡਾਲ ਲਗਾਇਆ ਗਿਆ। ਤਖ਼ਤਾਂ ਦੇ ਸਿੰਘ ਸਾਹਿਬਾਨਾਂ, ਸੰਪਰਦਾਵਾਂ ਦੇ ਮੁਖੀਆਂ, ਸਾਧੂਆਂ, ਡੇਰੇਦਾਰਾਂ ਤੇ ਮੌਕੇ ਤੇ ਹਾਜਰ ਸਮੂਹ ਸੰਗਤਾਂ ਵੱਲੋਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਬਚਨਾਂ ਮੁਤਾਬਿਕ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਦਸਤਾਰਬੰਦੀ ਕਰਕੇ ਟਕਸਾਲ ਦੀ ਸੇਵਾ ਉਹਨਾਂ ਦੀ ਝੋਲੀ ਵਿੱਚ ਪਾਈ ਗਈ। ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੀਆਂ ਬਖ਼ਸ਼ਿਸ਼ਾਂ ਸਦਕਾ ਕਿਸੇ ਚੀਜ਼ ਦੀ ਕੋਈ ਘਾਟ ਨਾ ਰਹੀ ਤੇ ਲੱਡੂਆਂ ਦੇ ਭਰਪੂਰ ਲੰਗਰ ਚੱਲੇ।

ਇੱਥੇ ਇੱਕ ਘਟਨਾ ਵਰਣਨਯੋਗ ਹੈ ਕਿ ਉਸ ਵਕਤ ਪਿੰਡ ਮਹਿਤਾ ਸਿੱਖੀ ਦੇ ਪ੍ਰਚਾਰ ਪੱਖੋਂ ਇੱਕ ਪਛੜਿਆ ਹੋਇਆ ਪਿੰਡ ਸੀ। ਇੱਥੋਂ ਦੇ ਲੋਕ ਚੋਰਾਂ ਦੇ ਨਾਮ ਨਾਲ ਪ੍ਰਸਿੱਧ ਹੋਣ ਕਾਰਨ ਇਸ ਪਿੰਡ ਨੂੰ ਮਹਿਤਾ ਚੋਰਾਂ ਦਾ ਆਖਿਆ ਜਾਂਦਾ ਸੀ। ਦਿਨ-ਦਿਹਾੜੇ ਮਹਿਤਾ ਚੌਂਕ ਵਿੱਚੋਂ ਕਿਸੇ ਵੀ ਇਕੱਲੀ ਕਹਿਰੀ ਇਸਤਰੀ ਤੋਂ ਗਹਿਣੇ ਆਦਿਕ ਲੁੱਟ ਲੈਣਾ ਆਮ ਜਿਹੀ ਗੱਲ ਸੀ। ਸਿੰਘ ਜਦ ਸਮਾਗਮ ਉਪਰੰਤ ਪੰਗਤਾਂ ਵਿੱਚ ਲੱਡੂਆਂ ਦਾ ਪ੍ਰਸ਼ਾਦ ਵਰਤਾ ਰਹੇ ਸਨ ਤਾਂ ਪਿੰਡ ਦੇ ਲੋਕ ਪ੍ਰਸ਼ਾਦ ਲੈਣ ਲਈ ਧੱਕਾ-ਮੁੱਕੀ ਕਰਨ ਲੱਗੇ। ਉਹ ਇੱਕ-ਦੂਜੇ ਤੋਂ ਅਗਾਂਹ ਹੋ ਕੇ ਲੱਡੂ ਲੈਣ ਲਈ ਲੜਾਈ-ਝਗੜਾ ਕਰਨ ਲੱਗੇ। ਕਈਆਂ ਨੇ ਤਾਂ ਸਿੰਘਾਂ ਪਾਸੋਂ ਲੱਡੂਆਂ ਦੀਆਂ ਟੋਕਰੀਆਂ ਹੀ ਖੋਹ ਲਈਆਂ ਤੇ ਘਰਾਂ ਨੂੰ ਲੈ ਗਏ। ਸੰਤ ਕਰਤਾਰ ਸਿੰਘ ਜੀ ਕੋਲ ਸਿੰਘਾਂ ਨੇ ਸ਼ਿਕਾਇਤ ਕੀਤੀ ਪਰ ਸੰਤ ਅੱਗੋਂ ਚੁੱਪ ਹੀ ਰਹੇ।

ਅਗਲੇ ਦਿਨ ਸਵੇਰੇ ਹੀ ਪਿੰਡ ਦੇ ਕੁਝ ਆਦਮੀ ਆ ਕੇ ਮਹਾਂਪੁਰਖਾਂ ਦੇ ਚਰਨੀਂ ਪੈ ਗਏ। ਸੰਤ ਕਰਤਾਰ ਸਿੰਘ ਜੀ ਨੇ ਝੱਟ-ਪਟ ਪੈਰਾਂ ਨੂੰ ਹੱਥ ਲਗਾਉਣ ਤੋਂ ਮਨ੍ਹਾਂ ਕਰਦੇ ਹੋਏ ਬੜੀ ਹੈਰਾਨੀ ਨਾਲ ਕਿਹਾ, 'ਭਾਈ ਕੀ ਗੱਲ ਹੈ ? ਬੜੇ ਘਬਰਾਏ ਹੋਏ ਪ੍ਰਤੀਤ ਹੁੰਦੇ ਹੋ।'

ਤਾਂ ਇੱਕ ਵਿਅਕਤੀ ਨੇ ਹੱਥ ਜੋੜ ਕੇ ਕਿਹਾ, 'ਸਾਨੂੰ ਮੁਆਫ਼ ਕਰ ਦਿਓ, ਸਾਡੇ ਤੋਂ ਬੜੀ ਵੱਡੀ ਗਲਤੀ ਹੋ ਗਈ ਹੈ।'

ਸੰਤਾਂ ਨੇ ਫਿਰ ਪੁੱਛਿਆ, 'ਭਾਈ ਕਿਸ ਮੁਆਫ਼ੀ ਦੀ ਗੱਲ ਕਰਦੇ ਹੋ।'

ਅੱਗੋਂ ਵਿਅਕਤੀ ਰੋਣੀ ਜਿਹੀ ਆਵਾਜ ਕੱਢ ਕੇ ਕਹਿਣ ਲੱਗਿਆ, 'ਜੀ ਰਾਤੀਂ ਸਾਡੇ ਘਰੀਂ ਸਾਰੀ ਰਾਤ ਇੱਟਾਂ ਰੋੜੇ ਵੱਜਦੇ ਰਹੇ, ਸਾਰਾ ਵਿਹੜਾ ਭਰ ਗਿਆ, ਅਸੀਂ ਮਸਾਂ ਭੱਜ ਕੇ ਅੰਦਰ ਵੜ ਕੇ ਜਾਨ ਬਚਾਈ। ਪਤਾ ਨਹੀਂ ਕਿੱਥੋਂ ਰੋੜੇ ਵੱਜਦੇ ਰਹੇ ?'

ਸੰਤ ਕਰਤਾਰ ਸਿੰਘ ਜੀ ਇਹ ਸੁਣ ਕੇ ਕੋਲ ਬੈਠੇ ਸਿੰਘਾਂ ਵੱਲ ਵੇਖ ਕੇ ਮੁਸਕੁਰਾ ਪਏ ਤੇ ਕਹਿਣ ਲੱਗੇ, 'ਭਾਈ ਇਹੋ ਹੀ ਨੇ ਤੁਹਾਡੇ ਲੱਡੂ ਚੋਰ।'

ਤਾਂ ਅੱਗੋਂ ਸਿੰਘਾਂ ਦੇ ਹਾਂ ਕਰਨ ਤੇ ਸੰਤਾਂ ਨੇ ਉਹਨਾਂ ਨੂੰ ਫਿਰ ਕਿਹਾ, 'ਗੁਰਮੁਖੋ ਤੁਹਾਡੇ ਘਰਾਂ ਵਿੱਚ ਸਾਰੀ ਰਾਤ ਮੈਂ ਤਾਂ ਇੱਟਾਂ ਰੋੜੇ ਨਹੀਂ ਮਾਰਦਾ ਰਿਹਾ। ਨਾ ਹੀ ਕਿਸੇ ਸਿੰਘ ਨੇ ਇਹ ਕੰਮ ਕੀਤਾ ਹੈ, ਤੁਸੀਂ ਜਾਓ ਤੇ ਮੇਰੇ ਤੋਂ ਮੁਆਫ਼ੀ ਮੰਗਣ ਦੀ ਬਜਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਆਪਣੀ ਭੁੱਲ ਬਖ਼ਸ਼ਾਓ। ਇਹ ਮਹਾਰਾਜ ਨੇ ਤੁਹਾਨੂੰ ਆਪ ਸਜਾ ਦਿੱਤੀ ਹੈ, ਜਾ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਮੱਥਾ ਟੇਕੋ ਤੇ ਅੱਗੇ ਤੋਂ ਕੋਈ ਵੀ ਅਜਿਹਾ ਕੰਮ ਕਰਨ ਤੋਂ ਗੁਰੇਜ਼ ਕਰਨਾ, ਨਹੀਂ ਤਾਂ ਰੋੜੇ ਵਰਸਣ ਲੱਗਿਆਂ ਦੇਰ ਨਹੀਂ ਲੱਗਣੀ।'

ਸਾਰੇ ਪਿੰਡ ਦੇ ਆਏ ਹੋਏ ਵਿਅਕਤੀ ਮਹਾਰਾਜ ਦੇ ਚਰਨਾਂ ਵਿੱਚ ਗਏ ਤੇ ਅਰਦਾਸ ਉਪਰੰਤ ਭੁੱਲ ਬਖ਼ਸ਼ਾ ਕੇ ਅੱਗੇ ਤੋਂ ਅਜਿਹੇ ਕੰਮ ਕਰਨ ਤੋਂ ਤੌਬਾ ਕੀਤੀ। ਇਸ ਘਟਨਾਂ ਨਾਲ ਸਾਰੇ ਪਿੰਡ ਵਿੱਚ ਹੀ ਇਹ ਗੱਲ ਫੈਲ ਗਈ ਕਿ ਨਵਾਂ ਸੰਤ ਬਾਬਾ ਕਰਤਾਰ ਸਿੰਘ ਬੜਾ ਜਾਹਰਾ ਹੈ। ਇਹ ਸਾਰੀ ਵਡਿਆਈ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਆਪ ਹੀ ਕ੍ਰਿਪਾ ਕਰਕੇ ਇੱਕ ਕੌਤਕ ਦਾ ਬਹਾਨਾ ਲਗਾ ਕੇ ਸੰਤ ਕਰਤਾਰ ਸਿੰਘ ਜੀ ਨੂੰ ਬਖ਼ਸ਼ੀ ਸੀ।

ਭਾਈ ਸਾਹਿਬ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਦਸਤਾਰ ਬੰਦੀ ਹੋਣ ਤੋਂ ਦੋ ਦਿਨ ਪਹਿਲਾਂ ਹੀ ਸੰਤਾਂ ਪਾਸ ਵਿਖੇ ਪਹੁੰਚ ਗਏ ਸਨ। ਇਹ ਸਾਰਾ ਕੌਤਕ ਉਹਨਾਂ ਨੇ ਆਪਣੇ ਅੱਖੀਂ ਵੇਖਿਆ ਤੇ ਮਹਾਂਪੁਰਖਾਂ ਦੇ ਬਚਨਾਂ ਨੂੰ ਪੂਰਾ ਹੁੰਦਾ ਵੀ ਵੇਖਦੇ ਰਹੇ। ਹੁਣ ਪਿਤਾ ਜੀ ਦਮਦਮੀ ਟਕਸਾਲ ਦੇ ਮੁਖੀ ਬਣ ਚੁੱਕੇ ਸਨ। ਭਾਵੇਂ ਉਹ ਪਹਿਲਾਂ ਹੀ ਘਰੇਲੂ ਕੰਮਾਂ ਬਾਰੇ ਬਹੁਤ ਘੱਟ ਗੱਲ ਕਰਦੇ ਸਨ ਪਰ ਹੁਣ ਤਾਂ ਕੋਈ ਵੀ ਵਿਚਾਰ ਸੰਤ ਗਿਆਨੀ ਕਰਤਾਰ ਸਿੰਘ ਜੀ ਨਾਲ ਕਰਨ ਤੋਂ ਪਹਿਲਾਂ ਸੌ ਵਾਰ ਸੋਚਣਾ ਪੈਣਾ ਸੀ। (ਭਾਈ) ਅਮਰੀਕ ਸਿੰਘ ਦੇ ਮਨ ਵਿੱਚੇ ਆ ਰਿਹਾ ਸੀ ਕਿ ਪਿਤਾ ਜੀ ਤੋਂ ਆਗਿਆ ਲੈ ਕੇ ਹੀ ਬੀ·ਏ· ਦਾ ਦਾਖ਼ਲਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਲਿਆ ਜਾਵੇ। ਕਿੰਨੇ ਦਿਨ ਮਨ ਵਿੱਚ ਹੀ ਵਿਚਾਰਾਂ ਕਰਦਿਆਂ ਲੰਘ ਗਏ ਪਰ ਸੰਤ ਗਿਆਨੀ ਕਰਤਾਰ ਸਿੰਘ ਜੀ ਨਾਲ ਗੱਲ ਕਰਨ ਦਾ ਮੌਕਾ ਨਹੀਂ ਮਿਲਿਆ। ਦਿਲ ਵਿੱਚ ਇੱਕ ਅਜੀਬ ਜਿਹਾ ਸੰਕੋਚ ਹੋ ਰਿਹਾ ਸੀ। ਭਾਈ ਸਾਹਿਬ ਭਾਵੇਂ ਪਹਿਲਾਂ ਹੀ ਆਪਣੇ ਪਿਤਾ ਨਾਲ ਬਹੁਤ ਮੋਹ ਕਰਦੇ ਸਨ ਤੇ ਉਹਨਾਂ ਦਾ ਬੜਾ ਭਾਰੀ ਸਤਿਕਾਰ ਆਪਣੇ ਮਨ ਵਿੱਚ ਰੱਖਦੇ ਸਨ ਪਰੰਤੂ ਦਮਦਮੀ ਟਕਸਾਲ ਦੀ ਇਹ ਸੇਵਾ ਸੰਭਾਲਣ ਉਪਰੰਤ ਉਹ ਸੰਤ ਗਿਆਨੀ ਕਰਤਾਰ ਸਿੰਘ ਜੀ ਨੂੰ ਕੇਵਲ ਇੱਕ ਪਿਤਾ ਦੇ ਰੂਪ ਵਿੱਚ ਹੀ ਨਹੀਂ ਬਲਕਿ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਜਾਨਸ਼ੀਨ ਤੇ

ਦਮਦਮੀ ਟਕਸਾਲ ਦੇ ਮੁਖੀ ਵਜੋਂ ਵੀ ਵੇਖਣ ਲੱਗ ਪਏ ਸਨ। ਮਨ ਵਿੱਚ ਬਹੁਤ ਸੋਚ ਵਿਚਾਰ ਕਰਨ ਤੇ ਭਾਈ ਸਾਹਿਬ ਨੇ ਬਾਬਾ ਥਾਹਰਾ ਸਿੰਘ ਜੀ ਤੇ (ਸੰਤ) ਭਾਈ ਜਰਨੈਲ ਸਿੰਘ ਜੀ ਕੋਲ ਜਾ ਕੇ ਪਹਿਲਾਂ ਇਸ ਬਾਰੇ ਸਾਰੀ ਗੱਲ ਕੀਤੀ ਕਿਉਂਕਿ ਇਹਨਾਂ ਸਿੰਘਾਂ ਨਾਲ ਸ਼ੁਰੂ ਤੋਂ ਹੀ ਭਾਈ ਸਾਹਿਬ ਦਾ ਬਹੁਤ ਪ੍ਰੇਮ ਸੀ ਤੇ ਇਹ ਸਾਰੇ ਆਪਸ ਵਿੱਚ ਦੋਸਤਾਂ ਮਿੱਤਰਾਂ ਵਾਂਗ ਹੀ ਵਿਵਹਾਰ ਕਰਦੇ ਸਨ। (ਭਾਈ) ਅਮਰੀਕ ਸਿੰਘ ਨੂੰ ਦੁਬਿਧਾ ਵਿੱਚ ਪਏ ਹੋਏ ਵੇਖ ਕੇ ਬਾਬਾ ਥਾਹਰਾ ਸਿੰਘ ਜੀ ਤੇ (ਸੰਤ) ਭਾਈ ਜਰਨੈਲ ਸਿੰਘ ਨੇ ਉਹਨਾਂ ਨੂੰ ਹੱਲਾਸ਼ੇਰੀ ਦਿੰਦਿਆਂ ਇਸ ਬਾਰੇ ਸੰਤ ਗਿਆਨੀ ਕਰਤਾਰ ਸਿੰਘ ਜੀ ਨਾਲ ਬਚਨ ਕਰਨ ਲਈ ਉਤਸ਼ਾਹਿਤ ਕੀਤਾ ਤੇ ਨਾਲ ਹੀ ਕਿਹਾ,'ਸੰਤਾਂ ਨੂੰ ਇਕੱਲੇ ਵੇਖ ਕੇ ਅਸੀਂ ਮੌਕੇ ਮੁਤਾਬਿਕ ਤੁਹਾਨੂੰ ਦੱਸਾਂਗੇ। ਤੁਸੀਂ ਆਪਣੀ ਮਾਤਾ ਜੀ ਨਾਲ ਆ ਕੇ ਇਹ ਬਚਨ ਕਰ ਲੈਣਾ।'

ਸ਼ਾਮ ਜਿਹੀ ਨੂੰ ਜਦ ਕੁਝ ਵਿਹਲ ਹੋਈ ਤਾਂ (ਸੰਤ) ਭਾਈ ਜਰਨੈਲ ਸਿੰਘ ਜੀ ਦੇ ਇਸ਼ਾਰੇ ਮੁਤਾਬਿਕ (ਭਾਈ) ਅਮਰੀਕ ਸਿੰਘ ਆਪਣੀ ਮਾਤਾ ਤੇ ਛੋਟੇ ਭਰਾ ਸਮੇਤ ਸੰਤ ਗਿਆਨੀ ਕਰਤਾਰ ਸਿੰਘ ਜੀ ਕੋਲ ਫਤਹਿ ਬੁਲਾ ਕੇ ਬੈਠ ਗਏ ਤਾਂ ਸੰਤਾਂ ਨੇ ਅੱਗੋਂ ਕਿਹਾ, 'ਦੱਸੋ ਭਾਈ ਕੀ ਬਚਨ ਕਰਨ ਆਏ ਹੋ?'

ਤਾਂ ਮਾਤਾ ਜੀ ਨੇ ਕੁਝ ਝਕਦੇ ਹੋਏ ਕਿਹਾ, 'ਜੀ, ਅਮਰੀਕ ਸਿੰਘ ਹੁਣ ਅੰਮ੍ਰਿਤਸਰ ਜਾ ਕੇ ਪੜ੍ਹਨਾ ਚਾਹੁੰਦਾ ਹੈ।'

ਸੰਤ ਗਿਆਨੀ ਕਰਤਾਰ ਸਿੰਘ ਜੀ ਮੁਸਕੁਰਾ ਕੇ ਕਹਿਣ ਲੱਗੇ, 'ਭਾਈ ਪੜ੍ਹਾਈ ਬਹੁਤ ਜਰੂਰੀ ਹੈ, ਆਪਣੀ ਮਾਤਾ ਨਾਲ ਘਰ ਜਾ ਕੇ ਇੱਕ ਵਾਰ ਫਿਰ ਤੋਂ ਵਿਚਾਰ ਕਰ ਲਓ ਤੇ ਜੇਕਰ ਖ਼ਾਲਸਾ ਕਾਲਜ ਜਾ ਕੇ ਬੀ·ਏ· ਕਰਨੀ ਹੈ ਤਾਂ ਬਹਤੁ ਚੰਗਾ ਵਿਚਾਰ ਹੈ, ਮਨ ਲਗਾ ਕੇ ਪੜ੍ਹਾਈ ਕਰਨੀ ਤੇ ਕਦੇ ਕੋਈ ਉਲ੍ਹਾਮਾ ਸਾਨੂੰ ਨਾਂ ਆਵੇ, ਨਾਲੇ ਆਪਣੀ ਪੜ੍ਹਾਈ ਦਾ ਪ੍ਰਬੰਧ ਵੀ ਤੁਸੀਂ ਆਪੇ ਹੀ ਕਰਨਾ ਹੈ ਤੇ ਛੁੱਟੀ ਹੋਣ ਤੇ ਏਥੇ ਆ ਕੇ ਗੁਰਦੁਆਰਾ ਸਾਹਿਬ ਦੀ ਚੱਲ ਰਹੀ ਸੇਵਾ ਵਿੱਚ ਵੀ ਹਿੱਸਾ ਜਰੂਰ ਪਾਉਣਾ ਹੈ।'

ਇਸ ਉਪਰੰਤ ਸੰਤ ਗਿਆਨੀ ਕਰਤਾਰ ਸਿੰਘ ਜੀ ਨੇ ਕੁਝ ਪਰਿਵਾਰ ਦੇ ਜੀਆਂ ਨੂੰ ਉੱਥੇ ਹੀ ਸੇਵਾ ਕਰਨ ਲਈ ਮਹਿਤਾ ਵਿਖੇ ਹੀ ਰਹਿਣ ਦਾ ਹੁਕਮ ਦਿੱਤਾ ਤੇ ਮਾਤਾ ਜੀ ਭੁਝੰਗੀਆਂ ਸਮੇਤ ਤੇ ਬਾਕੀ ਪਰਿਵਾਰ ਨੂੰ ਪਿੰਡ ਜਾਣ ਲਈ ਆਖਿਆ, ਕਿਉਂਕਿ ਉਸ ਵਕਤ ਉੱਥੇ ਰਹਿਣ ਦਾ ਪ੍ਰਬੰਧ ਵੀ ਨਹੀਂ ਸੀ।

ਸੰਤ ਗਿਆਨੀ ਕਰਤਾਰ ਸਿੰਘ ਜੀ ਦੀ ਆਗਿਆ ਲੈ ਕੇ (ਭਾਈ) ਅਮਰੀਕ ਸਿੰਘ, ਛੋਟੇ ਭਰਾਤਾ (ਭਾਈ) ਮਨਜੀਤ ਸਿੰਘ ਤੇ ਮਾਤਾ ਜੀ ਬਾਕੀ ਪਰਿਵਾਰ ਨਾਲ ਪਿੰਡ ਭੂਰਾ ਕੋਹਨਾਂ ਵਿਖੇ ਵਾਪਿਸ ਪਰਤ ਆਏ।

(ਭਾਈ) ਅਮਰੀਕ ਸਿੰਘ ਭਾਵੇਂ ਦਿਲ ਵਿੱਚ ਇਸ ਗੱਲੋਂ ਖੁਸ਼ ਸਨ ਕਿ ਸੰਤਾਂ ਨੇ ਖ਼ਾਲਸਾ ਕਾਲਜ ਵਿਖੇ ਜਾਣ ਦੀ ਆਗਿਆ ਦੇ ਦਿੱਤੀ ਹੈ, ਪਰ ਨਾਲ ਹੀ ਮਨ ਵਿੱਚ ਰਹਿ-ਰਹਿ ਕੇ ਇਹ ਵੀ ਵਿਚਾਰ ਆਉਂਦੇ ਸਨ ਕਿ 'ਪੜ੍ਹਾਈ ਤੇ ਹੋਸਟਲ ਵਿੱਚ ਰਹਿਣ ਲਈ ਖ਼ਰਚ ਕਿਵੇਂ ਤੇ ਕਿੱਥੋਂ ਆਵੇਗਾ ? ਘਰ ਦੇ ਆਰਥਿਕ ਹਾਲਾਤ ਏਨਾ ਖ਼ਰਚ ਝੱਲਣ ਦੀ ਗੁੰਜਾਇਸ਼ ਨਹੀਂ ਰੱਖਦੇ ਸਨ। ਫਿਰ ਛੋਟੇ ਭਰਾ ਦੀ ਪੜ੍ਹਾਈ ਲਈ ਵੀ ਕੁਝ ਖ਼ਰਚਾ ਚਾਹੀਦਾ ਸੀ ਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਨੇ ਇਸ ਬਾਰੇ ਕੋਈ ਗੱਲ ਹੀ ਨਹੀਂ ਸੀ ਕੀਤੀ। ਸਪੱਸ਼ਟ ਸੀ ਕਿ ਉਹਨਾਂ ਵੱਲੋਂ ਕਿਸੇ ਕਿਸਮ ਦੀ ਕੋਈ ਆਰਥਿਕ ਸਹਾਇਤਾ ਦੀ ਉਮੀਦ ਰੱਖਣਾ ਬਿਲਕੁਲ ਕੋਰਾ ਝੂਠ ਔਰ ਗਲਤ ਸੀ। ਪਰ ਅਜਿਹਾ ਕਰਕੇ ਸੰਤ ਸਾਡਾ ਭਲਾ ਹੀ ਤਾਂ ਕਰ ਰਹੇ ਸਨ। ਸਗੋਂ ਹੁਣ ਤਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੀ ਯਾਦ ਵਿੱਚ ਬਣਾਏ ਜਾ ਰਹੇ ਗੁਰਦੁਆਰਾ ਸਾਹਿਬ ਦੀ ਸੇਵਾ ਵਿੱਚ ਵੀ ਕੁਝ ਨਾ ਕੁਝ ਹਿੱਸਾ ਜਰੂਰ ਪਾਉਣਾ ਚਾਹੀਦਾ ਹੈ।'

ਇਸ ਤਰ੍ਹਾਂ ਦੇ ਕਈ ਵਿਚਾਰਾਂ ਤੋਂ ਬਾਅਦ (ਭਾਈ) ਅਮਰੀਕ ਸਿੰਘ ਨੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਬਚਨਾਂ ਨੂੰ ਯਾਦ ਕਰਦਿਆਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਬੀ·ਏ· ਵਿੱਚ ਦਾਖਲਾ ਲੈਣ ਦਾ ਪੱਕਾ ਇਰਾਦਾ ਕਰ ਲਿਆ ਤੇ ਫਿਰ ਇੱਕ ਦਿਨ ਅੰਮ੍ਰਿਤਸਰ ਜਾ ਕੇ ਦਾਖਲਾ ਫਾਰਮ ਭਰ ਆਏ। ਪ੍ਰੈੱਪ ਵਿੱਚੋਂ ਚੰਗੇ ਨੰਬਰ ਹੋਣ ਕਾਰਣ (ਭਾਈ) ਅਮਰੀਕ ਸਿੰਘ ਨੂੰ ਦਾਖ਼ਲਾ ਮਿਲਣ ਲਈ ਕੋਈ ਰੁਕਾਵਟ ਨਾ ਆਈ ਤੇ ਕੁਝ ਹੀ ਦਿਨਾਂ ਬਾਅਦ ਬੀ·ਏ· ਦੀਆਂ ਕਲਾਸਾਂ ਸ਼ੁਰੂ ਹੋ ਗਈਆਂ।

ਬੀ·ਏ· ਦੀ ਪੜ੍ਹਾਈ ਸ਼ੁਰੂ ਹੋ ਗਈ। ਸਾਰਾ ਹਿਸਾਬ-ਕਿਤਾਬ ਲਗਾ ਕੇ ਘਰ ਦੀ ਆਮਦਨੀਂ ਵਿੱਚੋਂ ਕੇਵਲ ਕਾਲਜ ਦੀ ਪੜ੍ਹਾਈ ਲਈ ਹੀ ਪੈਸੇ ਬਚਾਏ ਜਾ ਸਕਦੇ ਸਨ ਪਰੰਤੂ ਹੋਸਟਲ ਵਿੱਚ ਰਹਿ ਕੇ ਪੜ੍ਹਨ ਦੀ ਕੋਈ ਗੁੰਜਾਇਸ਼ ਨਹੀਂ ਸੀ। ਹਰ ਰੋਜ਼ ਬੱਸ ਉੱਪਰ ਅੰਮ੍ਰਿਤਸਰ ਆਉਣਾ-ਜਾਣਾ ਵੀ ਕਾਫ਼ੀ ਦੂਰ ਪੈਂਦਾ ਸੀ ਪਰ ਉਹ ਇਸ ਸੁਨਹਿਰੀ ਮੌਕੇ ਨੂੰ ਹੱਥੋਂ ਨਹੀਂ ਗਵਾਉਣਾ ਚਾਹੁੰਦੇ ਸਨ। ਖ਼ਾਲਸਾ ਕਾਲਜ ਦੇ ਪਿਛਲੇ ਪਾਸੇ ਵਾਲੇ ਗਰਾਊਂਡ ਦੇ ਇੱਕ ਪਾਸੇ ਕਾਲਜ ਦਾ ਗੁਰਦੁਆਰਾ ਸਾਹਿਬ ਸ਼ੁਸ਼ੋਭਿਤ ਹੈ ਜਿਸ ਵਿੱਚ ਤਿੰਨ-ਚਾਰ ਰਿਹਾਇਸ਼ੀ ਕਮਰੇ ਵੀ ਹਨ ਜਿਨ੍ਹਾਂ ਵਿੱਚੋਂ ਇੱਕ ਵਿੱਚ ਗ੍ਰੰਥੀ ਸਿੰਘ ਤੇ ਦੂਸਰੇ ਵਿੱਚ ਗੁਰਦੁਆਰਾ ਸਾਹਿਬ ਦਾ ਇੱਕ ਸੇਵਾਦਾਰ ਰਹਿੰਦਾ ਸੀ। ਇਸ ਤਰ੍ਹਾਂ ਭਾਈ ਸਾਹਿਬ ਖ਼ਾਲਸਾ ਕਾਲਜ ਵਿਖੇ ਹੋਸਟਲ ਦੇ ਕਮਰੇ ਵਿੱਚ ਹੋਰਨਾ ਵਿਦਿਆਰਥੀਆਂ ਵਾਂਗ ਰਹਿਣ ਦੀ ਬਜਾਇ ਗੁਰਦੁਆਰਾ ਸਾਹਿਬ ਦੇ ਕਮਰਾ ਨੰਬਰ ਤਿੰਨ ਵਿੱਚ ਰਹਿਣ ਲੱਗੇ। ਘਰੋਂ ਤੁਰਨ ਵੇਲੇ ਮਾਤਾ ਜੀ ਨੇ ਕੁਝ ਯਤਨ ਕਰਕੇ (ਭਾਈ)

ਅਮਰੀਕ ਸਿੰਘ ਨੂੰ ਤਿੰਨ ਕੁ ਪੈਂਟਾਂ-ਕਮੀਜਾਂ ਤੇ ਕੁਝ-ਕੁ ਹੋਰ ਨਵੇਂ ਬਸਤਰਾਂ ਦਾ ਪ੍ਰਬੰਧ ਕਰ ਦਿੱਤਾ ਸੀ ਕਿਉਂਕਿ ਉਹਨਾਂ ਮੁਤਾਬਿਕ ਕਾਲਜੀਏਟ ਹਮੇਸ਼ਾ ਬਣ-ਤਣ ਕੇ ਹੀ ਰਹਿੰਦੇ ਹਨ। ਭਾਈ ਸਾਹਿਬ ਨਾਲ ਉਸ ਵਕਤ ਇੱਕ ਹੋਰ ਵਿਦਿਆਰਥੀ ਵੀ ਰਹਿਣ ਲੱਗਾ, ਜਿਹੜਾ ਕਿ ਉਸ ਵਕਤ ਅੰਮ੍ਰਿਤਧਾਰੀ ਨਹੀਂ ਸੀ, ਪਰ ਸਾਬਤ-ਸੂਰਤ ਜਰੂਰ ਸੀ।

ਕੁਝ ਕੁ ਦਿਨ ਕਾਲਜ ਵਿੱਚ ਕਲਾਸਾਂ ਆਦਿ ਸ਼ਰੂ ਕਰਦਿਆਂ ਹੀ ਲੰਘ ਗਏ, ਪਹਿਲਾਂ-ਪਹਿਲ ਤਾਂ ਮਾਹੌਲ ਕੁਝ ਓਪਰਾ-ਓਪਰਾ ਜਿਹਾ ਮਹਿਸੂਸ ਕੀਤਾ ਪਰ ਛੇਤੀ ਹੀ ਭਾਈ ਸਾਹਿਬ ਦੇ ਉਦਾਰ-ਚਿਤ ਸੁਭਾਅ ਤੇ ਖੁੱਲ੍ਹੀ ਵਿਚਾਰਧਾਰਾ ਕਾਰਨ ਉਹਨਾਂ ਦੇ ਬਹੁਤ ਸਾਰੇ ਸਾਥੀ ਬਣ ਗਏ ਜਿਸ ਕਾਰਨ ਕਾਲਜ ਵਿੱਚ ਆਪਣਾਪਨ ਮਹਿਸੂਸ ਹੋਣ ਲੱਗਾ। ਕਾਲਜ ਸਮੇਂ (ਭਾਈ) ਅਮਰੀਕ ਸਿੰਘ ਦਾ ਪਹਿਰਾਵਾ ਪੈਂਟ-ਕਮੀਜ ਤੇ ਸਿਰ ਤੇ ਪੋਚਵੀਂ ਪੱਗ ਹੁੰਦਾ ਸੀ, ਸਰਦੀਆਂ ਵਿੱਚ ਉਹ ਸਵੈਟਰ ਦੇ ਉੱਪਰ ਦੀ ਨਿੱਕੀਆਂ-ਨਿੱਕੀਆਂ ਡੱਬੀਆਂ ਵਾਲਾ ਕੋਟ ਵੀ ਪਹਿਨਦੇ ਸਨ। ਇਸ ਪਹਿਰਾਵੇ ਵਿੱਚ ਉਹਨਾਂ ਦੀ ਦਿੱਖ ਬੜੀ ਪ੍ਰਭਾਵਸ਼ਾਲੀ ਲੱਗਦੀ ਸੀ ਤੇ ਛੇਤੀ ਹੀ ਉਹਨਾਂ ਨੇ ਕਾਲਜ ਦੇ ਪ੍ਰੋਫੈਸਰਾਂ ਤੇ ਸਾਥੀ ਵਿਦਿਆਰਥੀਆਂ ਵਿੱਚ ਆਪਣੀ ਨਿਵੇਕਲੀ ਪਹਿਚਾਣ ਬਣਾ ਲਈ। ਕੁਝ-ਕੁ ਕਾਲਜ ਵਿੱਚ ਸੈੱਟ ਹੋਣ ਤੋਂ ਬਾਅਦ (ਭਾਈ) ਅਮਰੀਕ ਸਿੰਘ ਨੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ। ਉਹਨਾਂ ਦੇ ਮਨ ਦਾ ਵਿਚਾਰ ਸੀ ਕਿ ਇੱਕ ਵਾਰ ਮਹਾਂਪੁਰਖਾਂ ਨੂੰ ਮਿਲ ਕੇ ਕਾਲਜ ਵਿੱਚ ਰਹਿਣ ਬਾਰੇ ਜਰੂਰ ਦੱਸਿਆ ਜਾਵੇ, ਸੋ ਇਹ ਵਿਚਾਰ ਕਰਕੇ ਉਹ ਸ਼ਨੀਵਾਰ ਦੀ ਸ਼ਾਮ ਨੂੰ ਸ੍ਰੀ ਅੰਮ੍ਰਿਤਸਰ ਤੋਂ ਬੱਸ ਰਾਹੀਂ ਚੌਂਕ ਮਹਿਤਾ ਵਿਖੇ ਪਹੁੰਚ ਗਏ।

ਇਸ ਦੌਰਾਨ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਸਿੱਖ ਕੌਮ ਦੇ ਸਾਹਮਣੇ ਇੱਕ ਨਿਵੇਕਲੀ ਸਖ਼ਸ਼ੀਅਤ ਬਣ ਕੇ ਬੜੀ ਤੇਜੀ ਨਾਲ ਉੱਭਰ ਰਹੇ ਸਨ। ਦਮਦਮੀਂ ਟਕਸਾਲ ਅੰਦਰ ਇੱਕ ਨਵਾਂ ਉਸਾਰੂ ਦੌਰ ਆ ਚੁੱਕਾ ਸੀ, ਜਿਸ ਦਾ ਅਸਰ ਭਾਈ ਸਾਹਿਬ ਦੀ ਜ਼ਿੰਦਗੀ ਉੱਪਰ ਪੈਣਾ ਕੋਈ ਅਨੋਖੀ ਗੱਲ ਨਹੀਂ ਸੀ। ਉਹ ਹੁਣ ਭਾਈ ਕਰਤਾਰ ਸਿੰਘ ਹੀ ਨਹੀਂ ਬਲਕਿ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਸਨ ਤੇ ਇਸ ਗੱਲ ਨੂੰ ਸਹਿਜੇ ਨਹੀਂ ਲਿਆ ਜਾ ਸਕਦਾ ਕਿਉਂਕਿ ਹੁਣ ਉਹਨਾਂ ਦੀਆਂ ਜਿੰਮੇਵਾਰੀਆਂ ਕੁਝ ਵਧੇਰੇ ਹੋ ਗਈਆਂ ਸਨ ਤੇ ਹੁਣ ਲੋਕ ਉਹਨਾਂ ਤੋਂ ਕੁਝ ਨਿਵੇਕਲੇਪਣ ਦੀ ਉਮੀਦ ਰੱਖਦੇ ਸਨ, ਜਦਕਿ (ਭਾਈ) ਅਮਰੀਕ ਸਿੰਘ ਪਹਿਲਾਂ ਤੋਂ ਇਸ ਪ੍ਰਤੀ ਬਹੁਤ ਸੁਚੇਤ ਸਨ ਤੇ ਆਪਣੀ ਜਿੰਮੇਵਾਰੀ ਬਾਖੂਬੀ ਸਮਝਦੇ ਸਨ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਸੰਤ

ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੀਆਂ ਬਖਸ਼ਿਸ਼ਾਂ ਤੇ ਖੁਸ਼ੀਆਂ ਦਾ ਸਦਕਾ ਜਥੇ, ਸੰਗਤ, ਮਹਿਤਾ ਨਗਰ ਨਿਵਾਸੀਆਂ ਤੇ ਆਲੇ-ਦੁਆਲੇ ਦੇ ਅਨੇਕਾਂ ਨਗਰਾਂ ਦੀਆਂ ਦਮਦਮੀਂ ਟਕਸਾਲ ਨਾਲ ਜੁੜੀਆਂ ਸੰਗਤਾਂ ਦੇ ਸਹਿਯੋਗ ਸਦਕਾ ਕਰੀਬ ਦਸ (10) ਏਕੜ ਲੰਮੇ ਚੌੜੇ ਅਤੇ ਪੱਚੀ (25) ਫੁੱਟ ਡੂੰਘੇ ਛੱਪੜ ਨੂੰ ਰੰਘੜ ਨੰਗਲ ਦੇ ਟਿੱਬਿਆਂ ਤੋਂ ਟਰੈਕਟਰ-ਟਰਾਲੀਆਂ ਰਾਹੀਂ ਮਿੱਟੀ ਲਿਆ ਕੇ ਪੂਰਿਆ ਜਾ ਰਿਹਾ ਸੀ। ਸ: ਭਾਨ ਸਿੰਘ ਜੀ, ਜਿਨ੍ਹਾਂ ਦੀ ਬੈਠਕ ਵਿੱਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਸਰੀਰ ਤਿਆਗਿਆ ਸੀ ਉੱਥੇ ਮਹਾਂਪੁਰਖਾਂ ਦੀ ਯਾਦ ਵਿੱਚ ਸੁੰਦਰ ਗੁਰਦੁਆਰਾ ਸਾਹਿਬ ਦੀ ਉਸਾਰੀ ਹੋ ਰਹੀ ਸੀ ਜਿਸਦਾ ਨੀਂਹ ਪੱਥਰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੀ ਦਸਤਾਰਬੰਦੀ ਵਾਲੇ ਦਿਨ ਹੀ ਰੱਖਿਆ ਗਿਆ ਸੀ ਤੇ ਭਾਈ ਭਾਨ ਸਿੰਘ ਜੀ ਨੂੰ ਬਾਹਰਲੇ ਪਾਸੇ ਸੰਤਾਂ ਨੇ ਨਵਾਂ ਮਕਾਨ ਬਣਵਾ ਕੇ ਦਿੱਤਾ ਸੀ। ਕਿਉਂਕਿ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ 69 ਸਾਲ ਦੀ ਉਮਰ ਵਿੱਚ ਸੱਚਖੰਡ ਗਮਨ ਕੀਤਾ ਸੀ ਇਸ ਲਈ ਇਸ ਪਵਿੱਤਰ ਅਸਥਾਨ ਤੇ ਸੁਸ਼ੋਭਿਤ ਗੁਰਦੁਆਰਾ ਸਾਹਿਬ ਦੀ ਉੱਚਾਈ ਵੀ 69 ਫੁੱਟ ਹੀ ਰੱਖੀ ਗਈ। ਦੂਰੋਂ-ਦੂਰੋਂ ਪਿੰਡਾਂ ਦੀਆਂ ਸੰਗਤਾਂ ਆਪਣੇ ਟਰੈਕਟਰਾਂ ਸਮੇਤ ਇਸ ਸੇਵਾ ਦੇ ਕੁੰਭ ਵਿੱਚ ਹਿੱਸਾ ਲੈਣ ਲਈ ਚੌਂਕ ਮਹਿਤਾ ਵਿਖੇ ਪਹੁੰਚਦੀਆਂ ਸਨ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਆਪ ਹੱਥੀਂ ਕਹੀਆਂ ਨਾਲ ਮਿੱਟੀ ਟਰਾਲੀਆਂ ਤੋਂ ਲਾਹੁੰਦੇ। ਗਰਮੀਂ ਕਾਰਨ ਸੰਤਾਂ ਦਾ ਚਿਹਰਾ ਹੋਰ ਵੀ ਲਾਲ ਹੋ ਜਾਂਦਾ ਸੀ। ਕਈ ਵਾਰ ਸੰਤ ਕਥਾ ਕਰਨ ਲਈ ਕੋਲ ਹੋਰ ਕੋਈ ਸਾਧਨ ਨਾ ਹੋਣ ਕਾਰਨ ਸਾਇਕਲ ਤੇ ਹੀ ਪਹੁੰਚ ਜਾਂਦੇ ਸਨ ਤੇ ਹਰ ਰੋਜ਼ ਸੇਵਾ ਤੋਂ ਇਲਾਵਾ ਸ਼ਾਮ ਨੂੰ ਵਿਦਿਆਰਥੀਆਂ ਦੀਆਂ ਕਲਾਸਾਂ ਲਗਾ ਕੇ ਉਹਨਾਂ ਦੀ ਪੜ੍ਹਾਈ ਨੂੰ ਵੀ ਜਾਰੀ ਰੱਖਿਆ ਜਾਂਦਾ ਸੀ। ਜਥੇ ਦੇ ਸਾਰੇ ਸਿੰਘ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦੇ ਹੋਏ (ਕਿਉਂਕਿ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੀ ਸਖ਼ਤ ਹਦਾਇਤ ਸੀ ਕਿ ਸੇਵਾ ਕਰਦੇ ਸਮੇਂ ਕੋਈ ਫਾਲਤੂ ਗੱਲ ਨਹੀਂ ਕਰਨੀ ਬਲਕਿ ਵਾਹਿਗੁਰੂ ਮੰਤਰ ਦਾ ਜਾਪ ਕਰਨਾ ਹੈ) ਸੇਵਾ ਕਰਕੇ ਸ਼ਾਮ ਨੂੰ ਵਿਦਿਆਰਥੀ ਪੜ੍ਹਦੇ, ਲੰਗਰ ਵੀ ਸੰਗਤ ਆਪਣੇ ਹੱਥੀਂ ਤਿਆਰ ਕਰਦੀ ਤੇ ਭੰਡਾਰਾ ਹਮੇਸ਼ਾ ਅਤੁੱਟ ਵਰਤਦਾ ਰਹਿੰਦਾ ਸੀ। ਏਨੀ ਸਖ਼ਤ ਮਿਹਨਤ ਦੇ ਬਾਵਜੂਦ ਵੀ ਸਿੰਘਾਂ ਦੀ ਸੰਥਿਆ, ਨਿੱਤਨੇਮ ਤੇ ਜਥੇ ਸੰਗਤ ਦੇ ਨਿਯਮਾਂ ਵਿੱਚ ਕੋਈ ਢਿੱਲ ਨਹੀਂ ਸੀ ਪੈਣ ਦਿੱਤੀ, ਸੰਤ ਸਾਰਿਆਂ ਨੂੰ ਹੱਲਾਸ਼ੇਰੀ ਦੇ ਕੇ ਆਪ ਵੀ ਫੁਰਤੀ ਨਾਲ ਇਹ ਸਾਰੀ ਸੇਵਾ ਕਰਵਾ ਰਹੇ ਸਨ।

ਸ਼ਾਮ ਜਿਹੀ ਨੂੰ ਜਦ (ਭਾਈ) ਅਮਰੀਕ ਸਿੰਘ ਪਿੰਡ ਮਹਿਤਾ ਵਿਖੇ ਪਹੁੰਚੇ ਤਾਂ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਸਪੀਕਰ ਵਿੱਚੋਂ ਦੂਰੋਂ ਹੀ ਸੁਣਾਈ ਦਿੱਤਾ। ਕੁਝ ਕੁ ਅੱਗੇ ਜਾ ਕੇ ਵੇਖਿਆ ਤਾਂ ਬੜਾ ਵੱਡਾ ਖਿਲਾਰਾ ਜਿਹਾ ਪਿਆ ਹੋਇਆ ਸੀ, ਇੱਕ

ਪਾਸੇ ਕੁਝ ਕੁ ਟਰੈਕਟਰ-ਟਰਾਲੀਆਂ ਤੇ ਥੋੜ੍ਹੇ ਬਹੁਤ ਗੱਡੇ ਵੀ ਖੜੇ ਸਨ, ਕਹੀਆਂ-ਟੋਕਰੀਆਂ, ਬਾਲਟਿਆਂ ਤੇ ਕੁਝ ਹੋਰ ਸਮਾਨ ਵੀ ਕਾਫ਼ੀ ਪਿਆ ਸੀ, ਸੇਵਾ ਕਰਨ ਉਪਰੰਤ ਕੁਝ ਕੁ ਵਿਅਕਤੀ ਇਸ਼ਨਾਨ ਆਦਿਕ ਕਰ ਰਹੇ ਸਨ, ਕੁਝ ਵਿਦਿਆਰਥੀ ਪੋਥੀਆਂ ਲੈ ਕੇ ਸ਼ਾਮ ਦੀਆਂ ਕਲਾਸਾਂ ਲਗਾ ਰਹੇ ਸਨ ਤੇ ਇੱਕ ਪਾਸੇ ਨੁੱਕਰ ਵਿੱਚ ਲੰਗਰ ਵੀ ਪੱਕ ਰਿਹਾ ਸੀ। (ਭਾਈ) ਅਮਰੀਕ ਸਿੰਘ ਨੇ ਜਾ ਕੇ ਸਭ ਤੋਂ ਪਹਿਲਾਂ ਮੱਥਾ ਟੇਕਿਆ ਤੇ ਬਾਹਰ ਆ ਗਏ। ਕੁਝ ਸਿੰਘਾਂ ਨੂੰ ਮਿਲੇ ਅਤੇ ਸੰਤਾਂ ਬਾਰੇ ਪੁੱਛਿਆ। ਏਨੇ ਚਿਰ ਵਿੱਚ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਅੱਧੇ ਪੂਰੇ ਗਏ ਛੱਪੜ ਦੇ ਦੂਸਰੇ ਪਾਸਿਓਂ ਆਉਂਦੇ ਦਿਸ ਪਏ। (ਭਾਈ) ਅਮਰੀਕ ਸਿੰਘ ਨੇ ਅੱਗੋਂ ਦੀ ਜਾ ਕੇ ਜਦ ਪਿਤਾ ਨੂੰ ਸਤਿਕਾਰ ਸਹਿਤ ਫਤਹਿ ਬੁਲਾਈ ਤਾਂ ਸੰਤਾਂ ਨੇ ਖੁਸ਼ ਹੋ ਕੇ ਅੱਗੋਂ ਫਤਹਿ ਬੁਲਾ ਕੇ ਘੁੱਟ ਕੇ ਗਲਵੱਕੜੀ ਵਿੱਚ ਲੈਂਦਿਆਂ ਕਿਹਾ, 'ਆ ਭਾਈ ਪਾੜ੍ਹਿਆ, ਕਿਵੇਂ ਆਉਣੇ ਹੋਏ, ਬੀ·ਏ· ਦੀ ਪੜ੍ਹਾਈ ਸ਼ੁਰੂ ਹੋ ਗਈ ਕਿ ਨਹੀਂ ?'

(ਭਾਈ) ਅਮਰੀਕ ਸਿੰਘ ਨੇ ਸੰਖੇਪ ਵਿੱਚ ਹੀ ਖ਼ਾਲਸਾ ਕਾਲਜ ਅਤੇ ਉੱਥੇ ਰਹਿਣ ਬਾਰੇ ਅਤੇ ਪੜ੍ਹਾਈ ਤੋਂ ਇਲਾਵਾ ਪੜ੍ਹਾਉਣ ਵਾਲੇ ਸਾਰੇ ਪ੍ਰੋ: ਸਾਹਿਬਾਨਾਂ ਬਾਰੇ ਵੀ ਥੋੜ੍ਹੀ ਜਿਹੀ ਜਾਣਕਾਰੀ ਸੰਤਾਂ ਨੂੰ ਦਿੱਤੀ। ਕਾਹਲੀ-ਕਾਹਲੀ ਕਦਮ ਪੁੱਟਦੇ ਹੋਏ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ (ਭਾਈ) ਅਮਰੀਕ ਸਿੰਘ ਨੂੰ ਗੁਰਦੁਆਰਾ ਸਾਹਿਬ ਕੋਲ ਲੈ ਗਏ ਜਿੱਥੇ ਕੁਝ ਕੁ ਉੱਚੀਆਂ ਕੰਧਾਂ ਕੀਤੀਆਂ ਹੋਈਆਂ ਸਨ। ਮਹਾਂਪੁਰਖਾਂ ਨੇ ਸੇਵਾ ਬਾਰੇ (ਭਾਈ) ਅਮਰੀਕ ਸਿੰਘ ਨੂੰ ਕੁਝ ਦੱਸਿਆ ਤੇ ਫਿਰ ਉੱਥੋਂ ਲੰਗਰ ਵਾਲੇ ਪਾਸਿਓਂ ਹੋ ਕੇ ਆਪਣੇ ਆਸਣ ਤੇ ਆ ਗਏ ਅਤੇ (ਭਾਈ) ਅਮਰੀਕ ਸਿੰਘ ਨੂੰ ਨਿੱਤਨੇਮ ਕਰਕੇ ਰਾਤ ਦੀ ਹੋਣ ਵਾਲੀ ਕਥਾ ਵਿੱਚ ਸ਼ਾਮਲ ਹੋਣ ਲਈ ਕਿਹਾ। (ਭਾਈ) ਅਮਰੀਕ ਸਿੰਘ ਨੇ ਤੁਰਦਿਆਂ ਹੋਇਆਂ ਹੀ ਰਹਿਰਾਸ ਸਾਹਿਬ ਦਾ ਪਾਠ ਕੀਤਾ ਤੇ ਉਪਰੰਤ ਰਾਤ ਦੀ ਕਥਾ ਵੀ ਸੁਣੀਂ। ਏਥੇ ਹੀ (ਭਾਈ) ਅਮਰੀਕ ਸਿੰਘ ਨੂੰ ਪਰਿਵਾਰ ਦੇ ਬਹੁਤੇ ਜੀਅ ਮਿਲੇ। ਉਹ ਸਾਰੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਹੁਕਮ ਮੁਤਾਬਿਕ ਸੇਵਾ ਵਿੱਚ ਹਿੱਸਾ ਪਾਉਣ ਲਈ ਘਰ ਦਾ ਇੱਕੋ-ਇੱਕ ਸਾਂਝਾ ਟਰੈਕਟਰ ਵੀ ਲੈ ਆਏ ਸਨ। (ਭਾਈ) ਰਾਮ ਸਿੰਘ ਤੇ ਹੋਰ ਦੂਜੇ ਭਰਾ ਵੀ ਏਥੇ ਹੀ ਸੇਵਾ ਕਰਦੇ ਅਤੇ ਸੰਤਾ ਪਾਸੋਂ ਸੰਥਿਆ ਵੀ ਲੈਂਦੇ ਸਨ। ਬਾਬਾ ਥਾਹਰਾ ਸਿੰਘ ਜੀ (ਸੰਤ) ਭਾਈ ਜਰਨੈਲ ਸਿੰਘ ਜੀ ਅਤੇ (ਬਾਬਾ) ਭਾਈ ਠਾਕੁਰ ਸਿੰਘ ਜੀ ਵੀ ਬੜੇ ਪ੍ਰੇਮ ਨਾਲ (ਭਾਈ) ਅਮਰੀਕ ਸਿੰਘ ਨੂੰ ਮਿਲੇ ਅਤੇ ਕਿੰਨ੍ਹਾ ਚਿਰ ਪੜ੍ਹਾਈ ਅਤੇ ਚੱਲ ਰਹੀ ਸੇਵਾ ਬਾਰੇ ਵਿਚਾਰਾਂ ਕਰਦੇ ਰਹੇ। ਗੱਲਾਂ ਬਾਤਾਂ ਦੇ ਦੌਰਾਨ ਹੀ ਬਾਬਾ ਥਾਹਰਾ ਸਿੰਘ ਜੀ ਨੇ ਜਦ ਪੜ੍ਹਾਈ ਦੇ ਖਰਚੇ ਬਾਰੇ ਪੁੱਛਿਆ ਤਾਂ ਭਾਈ ਸਾਹਿਬ ਨੇ ਨਿਰਾਸ਼ਤਾ ਜਾਹਿਰ ਕਰਦੇ ਹੋਏ ਕਿਹਾ ਕਿ, 'ਕਾਲਜ ਦੀ ਪੜ੍ਹਾਈ ਦਾ ਖ਼ਰਚ, ਘਰ ਦੀ ਆਮਦਨੀ

ਨਾਲ ਬਹੁਤੀ ਦੇਰ ਨਹੀਂ ਚੱਲ ਸਕਦਾ, ਹੋ ਸਕਦਾ ਹੈ ਕਿ ਪੜ੍ਹਾਈ ਵਿੱਚੋਂ ਹੀ ਰੋਕਣੀ ਪੈ ਜਾਵੇ।'

ਇਹ ਸੁਣ ਕੇ ਬਾਬਾ ਥਾਹਰਾ ਸਿੰਘ ਜੀ ਦਾ ਦਿਲ ਪਸੀਜ ਗਿਆ। ਬਾਬਾ ਥਾਹਰਾ ਸਿੰਘ ਜੀ ਨੂੰ ਭਾਈ ਸਾਹਿਬ ਦੀ ਲਿਆਕਤ ਉੱਪਰ ਪੂਰਾ ਭਰੋਸਾ ਤੇ ਵਿਸ਼ਵਾਸ਼ ਸੀ। ਉਹ ਹਰ ਹਾਲ ਵਿੱਚ ਇਹ ਚਾਹੁੰਦੇ ਸਨ ਕਿ (ਭਾਈ) ਅਮਰੀਕ ਸਿੰਘ ਵੱਧ ਤੋਂ ਵੱਧ ਪੜ੍ਹਾਈ ਕਰਨ। (ਭਾਈ) ਅਮਰੀਕ ਸਿੰਘ ਨੂੰ ਇਸ ਬਾਰੇ ਚਿੰਤਾ ਜਾਹਿਰ ਕਰਦਿਆਂ ਵੇਖ ਕੇ ਬਾਬਾ ਜੀ ਕਹਿਣ ਲੱਗੇ, 'ਅਮਰੀਕ ਸਿੰਹਾਂ, ਤੂੰ ਫ਼ਿਕਰ ਨਾ ਕਰ, ਕੋਈ ਨਾ ਕੋਈ ਹੱਲ ਕੱਢ ਹੀ ਲਵਾਂਗੇ, ਪਰ ਤੇਰੀ ਪੜ੍ਹਾਈ ਜਰੂਰ ਜਾਰੀ ਰੱਖਾਂਗੇ, ਕੱਲ੍ਹ ਮਹਾਂਪੁਰਖਾਂ ਨੂੰ ਫਿਰ ਮਿਲਣਾ ਹੈ, ਸ਼ਾਇਦ ਉਹ ਹੀ ਇਸ ਬਾਰੇ ਕੋਈ ਸੁਝਾਅ ਦੇ ਦੇਣ।'

ਰਾਤ ਕਾਫ਼ੀ ਦੇਰ ਤੱਕ ਜਥੇ ਵਿੱਚ ਨਵੇਂ ਆ ਰਹੇ ਵਿਦਿਆਰਥੀਆਂ ਤੇ ਭਿੰਡਰ ਕਲਾਂ ਰਹਿ ਗਏ ਪੁਰਾਣੇ ਮੁਖੀ ਸਿੰਘਾਂ ਬਾਰੇ ਵੀ ਵਿਚਾਰਾਂ ਚਲਦੀਆਂ ਰਹੀਆਂ।

ਸਵੇਰੇ ਅੰਮ੍ਰਿਤ ਵੇਲੇ (ਭਾਈ) ਅਮਰੀਕ ਸਿੰਘ ਨੇ ਉੱਠ ਕੇ ਇਸ਼ਨਾਨ-ਪਾਨ ਆਦਿਕ ਕਰਕੇ ਨਿੱਤਨੇਮ ਤੋਂ ਜਦ ਵਿਹਲੇ ਹੋਏ ਤਾਂ ਸਵੇਰ ਵਾਲੇ ਪਹਿਲੇ ਹੁਕਮਨਾਮੇ ਦੀ ਕਥਾ ਦਾ ਸਮਾਂ ਹੋ ਰਿਹਾ ਸੀ। ਸਾਰੇ ਸਿੰਘ ਤੇ ਸੇਵਾ ਲਈ ਆਈ ਸੰਗਤ ਨੇ ਗੁਰੂ ਸਾਹਿਬਾਂ ਦੇ ਚਰਨਾਂ ਵਿੱਚ ਜਾ ਕੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੀ ਰਸਨਾ ਵਿੱਚੋਂ ਅੰਮ੍ਰਿਤ-ਮਈ ਕਥਾ ਸਰਵਣ ਕੀਤੀ। ਸੰਤਾਂ ਦੀ ਰਸਨਾ ਵਿੱਚੋਂ ਜਿਵੇਂ ਫੁੱਲ ਕਿਰ ਰਹੇ ਸਨ (ਭਾਈ) ਅਮਰੀਕ ਸਿੰਘ ਮਨ ਹੀ ਮਨ ਅਜਿਹੇ ਮਹਾਂਪੁਰਖਾਂ ਦੇ ਘਰ ਜਨਮ ਲੈ ਕੇ ਆਪਣੇ-ਆਪ ਨੂੰ ਵਡਭਾਗਾ ਤੇ ਮਾਣ-ਮੱਤਾ ਮਹਿਸੂਸ ਕਰ ਰਹੇ ਸਨ। ਜਥੇ ਦੇ ਪੜ੍ਹਨ ਵਾਲੇ ਵਿਦਿਆਰਥੀ ਪੋਥੀਆਂ ਪ੍ਰਕਾਸ਼ ਕਰ ਕੇ ਬੈਠੇ, ਕਥਾ ਦੇ ਅਰਥਾਂ ਨੂੰ ਬੜੇ ਧਿਆਨ ਨਾਲ ਸਰਵਣ ਕਰਕੇ ਪੱਲੇ ਬੰਨ੍ਹ ਰਹੇ ਸਨ। ਕਥਾ ਉਪਰੰਤ ਸਾਰਿਆਂ ਨੂੰ ਜਲ-ਪਾਣੀ ਛਕਾਇਆ ਗਿਆ, ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਆਪ ਕਈ ਵਾਰ ਸੰਗਤ ਵਿੱਚ ਬਾਣੇ ਆਦਿਕ ਵਰਤਾਉਂਦੇ ਹੋਏ ਵਾਹਿਗੁਰੂ ਮੰਤਰ ਦਾ ਜਾਪ ਕਰਵਾਉਂਦੇ। ਜਲ-ਪਾਣੀ ਉਪਰੰਤ ਛੇਤੀ ਹੀ ਸੇਵਾ ਦਾ ਦੌਰ ਸ਼ੁਰੂ ਹੋ ਗਿਆ। ਕੁਝ-ਕੁ ਦੂਰ ਦੇ ਪਿੰਡਾਂ ਤੋਂ ਆਈ ਸੰਗਤ ਰਾਤ ਨੂੰ ਵੀ ਏਥੇ ਹੀ ਰਹਿੰਦੀ ਸੀ ਪਰ ਮਹਿਤਾ ਨਗਰ ਨਿਵਾਸੀ ਤੇ ਲਾਗਲੇ ਹੋਰ ਕਈ ਪਿੰਡਾਂ ਦੇ ਲੋਕ ਆਪਣੇ ਟਰੈਕਟਰ-ਟਰਾਲੀਆਂ ਆਦਿਕ ਸਮੇਤ ਪਿੰਡਾਂ ਨੂੰ ਵਾਪਿਸ ਪਰਤ ਜਾਂਦੇ ਤੇ ਸਵੇਰੇ ਆ ਕੇ ਮੱਥਾ ਟੇਕ ਕੇ ਮਹਾਂਪੁਰਖਾਂ ਨੂੰ ਫਤਹਿ ਬੁਲਾ ਕੇ ਸੇਵਾ ਸ਼ੁਰੂ ਕਰ ਦਿੰਦੇ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਸਾਰਿਆਂ ਨੂੰ ਹੱਲਾਸ਼ੇਰੀ ਦੇ ਕੇ ਵੱਧ ਤੋਂ ਵੱਧ ਸੇਵਾ ਕਰਨ ਲਈ ਉਤਸ਼ਾਹਿਤ ਕਰਦੇ। ਜਥੇ ਸੰਗਤ ਬਾਰੇ ਨਿਯਮ ਭਿੰਡਰਾਂ ਵਾਂਗ ਹੀ

ਚਲ ਰਹੇ ਸਨ। ਮਹਾਂਪੁਰਖ ਗੁਰਦੁਆਰਾ ਸਾਹਿਬ ਦੀ ਇਮਾਰਤ ਛੇਤੀ ਤੋਂ ਛੇਤੀ ਮੁਕੰਮਲ ਕਰਨ ਲਈ ਬਹੁਤ ਉਤਾਵਲੇ ਸਨ ਤਾਂ ਕਿ ਆਉਂਦੇ ਸਾਲ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਯਾਦ ਵਿੱਚ ਜੋੜ-ਮੇਲਾ ਗੁਰਦੁਆਰਾ ਸਾਹਿਬ ਵਿੱਚ ਮਨਾ ਕੇ ਸਮੂਹ ਸੰਗਤ ਨੂੰ ਸੱਦਿਆ ਜਾ ਸਕੇ।

ਕਈ ਸਿੰਘਾਂ ਨੇ ਵਿੱਚੋਂ ਮਹਾਂਪੁਰਖਾਂ ਨੂੰ ਗੁਰਦੁਆਰਾ ਸਾਹਿਬ ਦੀ ਇਮਾਰਤ ਕੁਝ ਛੋਟੀ ਤੇ ਬਾਕੀ ਡੇਰੇ ਦੇ ਕਮਰੇ ਵੀ ਕੁਝ ਘੱਟ ਕਰਨ ਦਾ ਸੁਝਾਅ ਦਿੱਤਾ ਤਾਂ ਕਿ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਕੋਈ ਵਿਘਨ ਨਾ ਪਵੇ, ਪਰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਬਚਨ ਕੀਤਾ ਕਿ, 'ਭਾਈ ਸਮਾਂ ਆਉਣ ਤੇ ਹੀ ਪਤਾ ਲੱਗੇਗਾ ਕਿ ਏਨਾ ਵੱਡੇ ਕਿਲ੍ਹੇ ਵਾਂਗ ਡੇਰਾ ਉਸਾਰਨ ਦੀ ਕੀ ਜਰੂਰਤ ਸੀ।'

ਆਉਣ ਵਾਲੇ ਸਮੇਂ ਦੀ ਝਲਕ ਮਹਾਂਪੁਰਖਾਂ ਦੇ ਸਾਹਮਣੇ ਸਪੱਸ਼ਟ ਸੀ।

(ਭਾਈ) ਅਮਰੀਕ ਸਿੰਘ ਵੀ ਸਿੰਘਾਂ ਨਾਲ ਟੋਕਰੀ ਫੜ ਕੇ ਸੇਵਾ ਕਰਨ ਲੱਗੇ। ਗੁਰਦੁਆਰਾ ਸਾਹਿਬ ਦੀ ਸੇਵਾ ਵਿੱਚ ਲੱਗੇ ਮਿਸਤਰੀਆਂ ਨੂੰ ਸੀਮਿੰਟ ਤੇ ਇੱਟਾਂ ਭਰ-ਭਰ ਕੇ ਫੜਾਉਂਦੇ ਰਹੇ। ਸੰਤਾਂ ਨੇ ਜਦ ਦੂਰੋਂ (ਭਾਈ) ਅਮਰੀਕ ਸਿੰਘ ਨੂੰ ਸੇਵਾ ਕਰਦੇ ਵੇਖਿਆ ਤਾਂ (ਸੰਤ) ਭਾਈ ਜਰਨੈਲ ਸਿੰਘ ਜੀ ਅਤੇ (ਬਾਬਾ) ਭਾਈ ਠਾਕੁਰ ਸਿੰਘ ਜੀ ਨਾਲ ਗੱਲਾਂ ਕਰਦੇ ਮੁਸਕੁਰਾਉਂਦੇ ਹੋਏ ਹੱਥ ਵਿੱਚ ਤੀਰ ਫੜੀ ਦੂਜੇ ਪਾਸੇ ਸੰਗਤ ਵੱਲ ਚਲੇ ਗਏ।

12 ਕੁ ਵਜੇ ਬਾਬਾ ਥਾਹਰਾ ਸਿੰਘ ਜੀ ਨੇ (ਭਾਈ) ਅਮਰੀਕ ਸਿੰਘ ਅਤੇ ਦੂਜੇ ਸੇਵਾਦਾਰਾਂ ਨੂੰ ਪ੍ਰਸ਼ਾਦਾ ਛਕਣ ਲਈ ਬੁਲਾ ਲਿਆ। ਮੂੰਹ-ਹੱਥ ਧੋਣ ਉਪਰੰਤ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕ ਕੇ (ਭਾਈ) ਅਮਰੀਕ ਸਿੰਘ ਆਪਣੇ ਚਾਚਾ ਜੀ ਅਤੇ ਭਰਾਵਾਂ ਨਾਲ ਪਿੰਡ ਭੂਰਾ ਕੋਹਨਾਂ ਬਾਰੇ ਗੱਲਾਂ ਕਰਨ ਲੱਗ ਪਏ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਵੀ ਜਦ ਪ੍ਰਸ਼ਾਦਾ ਛਕ ਲਿਆ ਤਾਂ ਬਾਬਾ ਥਾਹਰਾ ਸਿੰਘ ਜੀ ਨੇ ਭਾਈ ਸਾਹਿਬ ਦੇ ਲਾਗੇ ਆ ਕੇ ਕਿਹਾ, 'ਅਮਰੀਕ ਸਿੰਹਾਂ, ਅੱਜ ਵਾਪਸੀ ਹੈ ਜਾਂ ਅੱਜ ਇੱਥੇ ਹੀ ਰਹਿਣਾ ਹੈ ?'

'ਨਹੀਂ ਬਾਬਾ ਜੀ, ਕੱਲ੍ਹ ਜਾ ਕੇ ਕਾਲਜ ਹਾਜਰੀ ਭਰਨੀ ਹੈ, ਇਸ ਲਈ ਅੱਜ ਜਾਣਾ ਹੀ ਪਵੇਗਾ, ਭਾਵੇਂ ਚੱਲ ਰਹੇ ਸੇਵਾ ਕੇ ਕੁੰਭ ਅਤੇ ਤੁਹਾਨੂੰ ਸਾਰੇ ਸਿੰਘਾਂ ਨੂੰ ਛੱਡਣ ਤੇ ਦਿਲ ਤਾਂ ਨਹੀਂ ਕਰਦਾ,' (ਭਾਈ) ਅਮਰੀਕ ਸਿੰਘ ਨੇ ਉੱਤਰ ਦਿੱਤਾ।

ਬਾਬਾ ਥਾਹਰਾ ਸਿੰਘ ਜੀ ਨੇ ਫਿਰ ਕਿਹਾ, 'ਚੱਲ ਫਿਰ ਛੇਤੀ, ਮਹਾਂਪੁਰਖ ਪ੍ਰਸ਼ਾਦਾ ਛਕ ਕੇ ਵਿਹਲੇ ਹੋਏ ਨੇ, ਹੁਣ ਸਮਾਂ ਹੈ, ਕੋਈ ਗੱਲ ਕਰਨੀ ਹੈ ਤਾਂ ਨਾਲੇ ਆਗਿਆ ਲੈਣ ਲਈ ਆ ਜਾ ਫਿਰ ਹੁਣੇਂ ਸੰਤਾਂ ਨੇ ਟਰਾਲੀਆਂ ਮਗਰ ਚਲੇ ਜਾਣਾ ਹੈ।'

ਬਾਬਾ ਥਾਹਰਾ ਸਿੰਘ ਜੀ (ਭਾਈ) ਅਮਰੀਕ ਸਿੰਘ ਨੂੰ ਨਾਲ ਲੈ ਕੇ ਜਦ

ਮਹਾਂਪੁਰਖਾਂ ਵੱਲ ਗਏ ਤਾਂ ਸੰਤ ਕਿਸੇ ਮਿਸਤਰੀ ਨਾਲ ਇਮਾਰ ਸਬੰਧੀ ਕੋਈ ਵਿਚਾਰ ਕਰ ਰਹੇ ਸਨ। ਮਿਸਤਰੀ ਜਦ ਸਾਰੀ ਗੱਲਬਾਤ ਕਰਕੇ ਚਲਾ ਗਿਆ ਤਾਂ ਮਹਾਂਪੁਰਖ ਬਾਬਾ ਥਾਹਰਾ ਸਿੰਘ ਜੀ, (ਭਾਈ) ਅਮਰੀਕ ਸਿੰਘ ਤੇ ਅਗੇ ਬੈਠੇ ਬਾਬਾ ਠਾਕੁਰ ਸਿੰਘ ਜੀ, (ਸੰਤ) ਭਾਈ ਜਰਨੈਲ ਸਿੰਘ ਜੀ ਤੇ ਦੋ ਕੁ ਹੋਰ ਸਿੰਘਾਂ ਵੱਲ ਮੂੰਹ ਕਰਕੇ ਕਹਿਣ ਲੱਗੇ, 'ਭਾਈ ਸਾਡਾ ਵਿਚਰ ਹੈ ਕਿ ਛੱਪੜ ਤਾਂ ਹੁਣ ਮਹਾਂਪੁਰਖਾਂ ਦੀਆਂ ਬਖਸ਼ਿਸ਼ਾਂ ਸਦਕਾ ਕੁਝ ਹੀ ਹੋਰ ਦਿਨਾਂ ਤੱਕ ਪੂਰਿਆ ਜਾਵੇਗਾ, ਲੱਗੇ ਹੱਥ ਕੀਰਤਨ ਵਿਦਿਆਲਾ ਵੀ ਬਣਾਇਆ ਜਾਵੇ ਤਾਂ ਕਿ ਵਿਦਿਆਰਥੀ ਆਰਾਮ ਨਾਲ ਕੀਰਤਨ ਦਾ ਅਭਿਆਸ ਕਰ ਸਕਣ।'

ਸਾਰਿਆਂ ਦੀ ਸਮਝ ਵਿੱਚ ਝੱਟ ਆ ਗਿਆ ਕਿ ਮਹਾਂਪੁਰਖ ਮਿਸਤਰੀ ਸਿੰਘ ਨਾਲ ਇਮਾਰਤ ਉੱਪਰ ਆਉਣ ਵਾਲੇ ਖ਼ਰਚੇ ਸਬੰਧੀ ਪੁੱਛ ਰਹੇ ਸਨ। ਭਾਈ ਬੜਾ ਚੰਗਾ ਵਿਚਾਰ ਹੈ, ਜਿਸ ਤਰ੍ਹਾਂ ਤੁਹਾਡੀ ਇੱਛਾ ਹੈ', (ਸੰਤ) ਭਾਈ ਜਰਨੈਲ ਸਿੰਘ ਜੀ ਨੇ ਲਾਗਿਓਂ ਆਖਿਆ।

ਬਾਬਾ ਥਾਹਰਾ ਸਿੰਘ ਜੀ ਨੇ ਸੋਚਿਆ ਕਿ ਇਹੀ ਮੌਕਾ ਹੈ ਸੰਤਾਂ ਨਾਲ (ਭਾਈ) ਅਮਰੀਕ ਸਿੰਘ ਦੀ ਪੜ੍ਹਾਈ ਦੇ ਖ਼ਰਚੇ ਸਬੰਧੀ ਗੱਲ ਕਰਨ ਦੀ, ਸੋ ਉਹਨਾਂ ਨੇ ਹੌਲੀ ਜਿਹੀ ਸੰਤਾਂ ਨੂੰ ਕਿਹਾ, 'ਜੀ ਅਮਰੀਕ ਸਿੰਘ ਛੁੱਟੀ ਲੈਣ ਆਇਆ ਹੈ, ਅੱਜ ਹੀ ਵਾਪਸ ਖ਼ਾਲਸਾ ਕਾਲਜ ਜਰੂਰੀ ਪਹੁੰਚਣਾ ਹੈ, ਬੀ·ਏ· ਦੀ ਪੜ੍ਹਾਈ ਸ਼ੁਰੂ ਹੋ ਚੁੱਕੀ ਹੈ।'

ਬਾਬਾ ਥਾਹਰਾ ਸਿੰਘ ਜੀ ਹਾਲੇ ਹੋਰ ਗੱਲ ਕਰਨਾ ਚਾਹੁੰਦੇ ਸਨ ਕਿ ਸੰਤਾਂ ਨੇ ਵਿੱਚੋਂ ਹੀ ਉਹਨਾਂ ਦੀ ਗੱਲ ਰੋਕਦਿਆਂ ਹੋਇਆਂ ਸਾਹਮਣੇ ਵਾਲੇ ਪਾਸੇ ਬੈਠੇ (ਭਾਈ) ਅਮਰੀਕ ਸਿੰਘ ਨੂੰ ਸੰਬੋਧਿਤ ਹੁੰਦਿਆਂ ਬਚਨ ਕੀਤਾ, 'ਅਮਰੀਕ ਸਿੰਘਾਂ, ਘਰ ਦੀ ਆਮਦਨ ਮੁਤਾਬਿਕ ਹੀ ਖ਼ਰਚ ਕਰਨਾ, ਗੁਰੂ ਸਾਹਿਬ ਤੋਂ ਬਿਨਾਂ ਹੋਰ ਕਿਸੇ ਤੇ ਵਾਧੂ ਆਸ ਨਹੀਂ ਰੱਖਣੀ, ਦਿਲ ਲਗਾ ਕੇ ਮਿਹਨਤ ਕਰਨੀ ਹੈ। ਇਹ ਸਮਾਂ ਜਿਹੜਾ ਤੈਨੂੰ ਮਿਲਿਆ ਹੈ, ਇਸਦਾ ਪੂਰਾ-ਪੂਰਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰਨੀ। ਰਹਿਤ ਮਰਿਆਦਾ ਵਿੱਚ ਕੋਈ ਢਿਲਤਾਈ ਕਦੇ ਵਾਸਤੇ ਨਹੀਂ ਆਉਣੀ ਚਾਹੀਦੀ, ਨਿੱਤਨੇਮ ਵੱਧ ਤੋਂ ਵੱਧ ਕਰਨਾ, ਕੋਸ਼ਿਸ਼ ਕਰਨਾ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਰੋਜਾਨਾ ਦਰਸ਼ਨ ਹੋਣ। ਪੜ੍ਹਾਈ ਵਾਸਤੇ ਪੈਸਿਆਂ ਦਾ ਇੰਤਜਾਮ ਘਰ ਜਾਣ ਕੇ ਆਪਣੀ ਮਾਤਾ ਨਾਲ ਬੈਠ ਕੇ ਸਲਾਹ ਕਰ ਕੇ ਕਰ ਲੈਣਾ, ਜਥੇ ਸੰਗਤ ਦਾ ਕੋਈ ਪੈਸਾ ਤੇਰੀ ਪੜ੍ਹਾਈ ਜਾਂ ਕਿਸੇ ਘਰੇਲੂ ਜਰੂਰਤ ਵਾਸਤੇ ਤੇਰੇ ਕੋਲ ਨਹੀਂ ਪਹੁੰਚਣਾ ਚਾਹੀਦਾ। ਨਾਸਤਿਕ ਤੇ ਵਿਹਲੜ ਵਿਦਿਆਰਥੀਆਂ ਦਾ ਸੰਗ ਨਹੀਂ ਕਰਨਾ ਤੇ ਕਿਸੇ ਵੀ ਕਿਸਮ ਦੇ ਦੁਨਿਆਵੀ ਭੁਲੇਖਿਆਂ ਤੋਂ ਪ੍ਰਭਾਵਿਤ ਨਹੀਂ ਹੋਣਾ। ਗੁਰੂ ਕਲਗੀਧਰ ਦਾ ਓਟ ਆਸਰਾ ਲੈ ਕੇ ਪੜ੍ਹਾਈ ਵਿੱਚ ਵੱਧ ਧਿਆਨ ਲਗਾਈ ਰੱਖੀਂ, ਵਾਹਿਗੁਰੂ ਤੇਰੀ

ਸਹਾਇਤਾ ਕਰਨਗੇ।'

'ਜੀ ਸਤਿ ਬਚਨ', (ਭਾਈ) ਅਮਰੀਕ ਸਿੰਘ ਦੇ ਮੂੰਹੋਂ ਕੇਵਲ ਏਨੇ ਹੀ ਸ਼ਬਦ ਨਿਕਲੇ।

ਸੰਤ ਫਿਰ ਕਹਿਣ ਲੱਗੇ, 'ਭਾਈ ਚਾਹੀਦਾ ਤਾਂ ਸੀ ਕਿ ਤੂੰ ਵੀ ਇੱਥੇ ਰਹਿ ਕੇ ਕੁਝ ਦਿਨ ਸੇਵਾ ਕਰਕੇ ਹੱਥਾਂ ਨੂੰ ਸਫ਼ਲਾ ਕਰਦਾ, ਪਰ ਹੁਣ ਮਜਬੂਰੀ ਕਰਕੇ ਵਾਪਿਸ ਜਾਣਾ ਪਵੇਗਾ। ਪਰ ਜਦੋਂ ਵੀ ਛੁੱਟੀ ਮਿਲੇ ਏਥੇ ਆ ਕੇ ਸੇਵਾ ਜਰੂਰ ਕਰਨੀ ਹੈ।'

'ਜੀ, ਜਰੂਰ ਆਵਾਂਗਾ', (ਭਾਈ) ਅਮਰੀਕ ਸਿੰਘ ਨੇ ਹੱਥ ਜੋੜ ਕੇ ਕਿਹਾ। ਮਨ ਵਿੱਚ ਸੋਚ ਰਹੇ ਸਨ ਕਿ ਹੁਣ ਤਾਂ ਕੋਈ ਅਜਿਹਾ ਸਵਾਲ ਰਹਿ ਹੀ ਨਹੀਂ ਗਿਆ ਜਿਸਦਾ ਉੱਤਰ ਮਹਾਂਪੁਰਖਾਂ ਨੇ ਨਾ ਦਿੱਤਾ ਹੋਵੇ, ਉਹਨਾਂ ਨੇ ਹੌਲੀ ਜਿਹੇ ਬਾਬਾ ਥਾਹਰਾ ਸਿੰਘ ਜੀ ਦੇ ਚਿਹਰੇ ਵੱਲ ਝਾਤੀ ਮਾਰੀ, ਜਿਹੜੇ ਉਸ ਵਕਤ ਸੋਚਾਂ ਵਿੱਚ ਡੁੱਬੇ ਹੋਏ ਮਹਾਂਪੁਰਖਾਂ ਦੇ ਚਿਹਰੇ ਨੂੰ ਨੀਝ ਲਾ ਕੇ ਕੁਝ ਪੜ੍ਹਨ ਦੀ ਕੋਸ਼ਿਸ਼ ਕਰ ਰਹੇ ਸਨ। ਸ਼ਾਇਦ ਉਹ ਸੋਚ ਰਹੇ ਸਨ ਕਿ, 'ਚੰਗਾ ਹੋਇਆ, ਅਸੀਂ ਇਸ ਬਾਰੇ ਪਹਿਲਾਂ ਕੋਈ ਗੱਲ ਨਹੀਂ ਕੀਤੀ, ਨਹੀਂ ਤਾਂ ਅੱਜ ਸੰਤਾਂ ਨੇ ਪਤਾ ਨਹੀਂ ਕਿੱਧਰ ਨੂੰ ਭਜਾਉਣਾ ਸੀ, ਹੁਣ ਤਾਂ ਮੈਨੂੰ ਆਪ ਹੀ ਕੁਝ ਕਰਨਾ ਪਵੇਗਾ ਕਿਉਂਕਿ ਮਹਾਂਪੁਰਖਾਂ ਨੇ ਤਾਂ ਪਹਿਲਾਂ ਹੀ ਕਿਸੇ ਵੀ ਕਿਸਮ ਦੀ ਆਰਥਿਕ ਸਹਾਇਤਾ ਤੋਂ ਸਾ! ਇਨਕਾਰ ਕਰ ਦਿੱਤਾ ਹੈ।'

(ਭਾਈ) ਅਮਰੀਕ ਸਿੰਘ ਮਹਾਂਪੁਰਖਾਂ ਤੋਂ ਆਗਿਆ ਲੈ ਕੇ ਬਾਹਰ ਆ ਗਏ। ਬਾਬਾ ਥਾਹਰਾ ਸਿੰਘ ਜੀ ਵੀ ਨਾਲ ਹੀ ਬਾਹਰ ਆ ਗਏ ਤੇ ਇਕ ਪਾਸੇ ਕਰਕੇ (ਭਾਈ) ਅਮਰੀਕ ਸਿੰਘ ਨੂੰ ਕਹਿਣ ਲੱਗੇ, 'ਹੁਣ ਤੂੰ ਮਹਾਂਪੁਰਖਾਂ ਦੇ ਬਚਨਾਂ ਤੇ ਨਿਸ਼ਚਾ ਰੱਖੀਂ, ਦਿਲ ਲਗਾ ਕੇ ਮਿਹਨਤ ਕਰੀਂ ਜਾਈਂ ਬਾਕੀ ਕੋਈ ਨਾ ਕੋਈ ਹੱਲ ਕੱਢ ਹੀ ਲਵਾਂਗੇ, ਮਹਾਂਪੁਰਖਾਂ ਨੇ ਤਾਂ ਇਸ ਬਾਰੇ ਸਪੱਸ਼ਟ ਇਨਕਾਰ ਹੀ ਕਰ ਦਿੱਤਾ ਹੈ।'

ਉਪਰੰਤ ਬਾਬਾ ਥਾਹਰਾ ਸਿੰਘ ਜੀ ਚੌਂਕ ਮਹਿਤਾ ਵਿੱਚ (ਭਾਈ) ਅਮਰੀਕ ਸਿੰਘ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਜਾਣ ਵਾਲੀ ਬੱਸ ਵਿੱਚ ਚੜ੍ਹਾ ਕੇ ਵਾਪਿਸ ਪਰਤ ਗਏ।

ਆਉਂਦਿਆਂ ਬੱਸ ਵਿੱਚ ਬੈਠੇ ਹੋਏ (ਭਾਈ) ਅਮਰੀਕ ਸਿੰਘ ਸਾਰੇ ਰਾਹ ਸੋਚਾਂ ਦੇ ਸਮੁੰਦਰ ਵਿੱਚ ਗੋਤੇ ਲਾਉਂਦੇ ਰਹੇ, ਜ਼ਿੰਦਗੀ ਦਾ ਇਹ ਅਜੀਬ ਜਿਹਾ ਇਮਤਿਹਾਨ ਉਹਨਾਂ ਦੇ ਸਾਹਮਣੇ ਆ ਰਿਹਾ ਸੀ, ਇਹ ਜੀਵਨ ਦਾ ਇਕ ਨਵਾਂ ਰੂਪ ਸੀ ਜਿਸਦਾ ਸਾਹਮਣਾ ਹਰ ਹਾਲ ਵਿੱਚ ਨਾ ਚਾਹੁੰਦਿਆਂ ਹੋਇਆਂ ਵੀ ਕਰਨਾ ਹੀ ਪੈਣਾ ਸੀ। ਭਾਈ ਸਾਹਿਬ ਸੋਚ ਰਹੇ ਸਨ ਕਿ 'ਜੇਕਰ ਖ਼ਰਚੇ ਆਦਿਕ ਦਾ ਇੰਤਜਾਮ ਨਾ ਹੋਇਆ ਤਾਂ ਸ਼ਾਇਦ ਪੜ੍ਹਾਈ ਵਿਚਕਾਰ ਹੀ ਰੁਕ ਜਾਵੇ।' ਰਹਿ-ਰਹਿ ਕੇ ਉਹਨਾ ਨੂੰ ਬਾਪੂ ਝੰਡਾ

ਸਿੰਘ ਜੀ ਦੀ ਯਾਦ ਆ ਰਹੀ ਸੀ ਕਿ 'ਜੇਕਰ ਅੱਜ ਉਹ ਹੁੰਦੇ ਤਾਂ ਜਰੂਰ ਕੁਝ ਨਾ ਕੁਝ ਹੀਲਾ-ਵਸੀਲਾ ਕਰਕੇ ਉਹਨੂੰ ਜ਼ਿੰਦਗੀ ਦੇ ਇਸ ਇਮਤਿਹਾਨ ਵਿੱਚੋਂ ਪਾਸ ਕਰਵਾ ਦਿੰਦੇ। ਸੰਤਾਂ ਨੇ ਖ਼ਰਚੇ ਬਾਰੇ ਘਰ ਜਾ ਸਲਾਹ ਕਰਨ ਨੂੰ ਕਹਿ ਦਿੱਤਾ ਹੈ ਪਰ ਮਾਤਾ ਜੀ ਵਿਚਾਰੇ ਇਕੱਲੇ ਕੀ ਕਰ ਸਕਦੇ ਸਨ, ਉਹਨਾ ਲਈ ਸਾਂਝੇ ਘਰ ਵਿੱਚ ਵੰਡੇ ਆਇਆ ਹਿੱਸਾ ਹੀ ਮਿਲ ਜਾਣਾ ਬੜੀ ਵੱਡੀ ਪ੍ਰਾਪਤੀ ਹੁੰਦੀ ਹੈ। ਛੋਟਾ ਵੀਰ ਮਨਜੀਤ ਸਿੰਘ ਹਾਲੇ ਪੜ੍ਹਦਾ ਹੈ ਨਾਲ ਹੀ ਉਹਦੀ ਜਿੰਮੇਵਾਰੀ ਅਤੇ ਘਰੇਲੂ ਕੰਮਾਂ ਦਾ ਵੀ ਬੋਝ ਮਾਤਾ ਜੀ ਦੇ ਸਿਰ ਤੇ ਹੈ। ਕੀ ਸੰਤਾਂ ਨੇ ਆਪਣਾ ਪਿਤਾ ਦਾ ਫਰਜ਼ ਨਿਭਾਉਣ ਤੋਂ ਇਨਕਾਰ ਕੀਤਾ ਹੈ ?'

ਇਹਨਾਂ ਹੀ ਸਵਾਲਾਂ ਦੀਆਂ ਘੁੰਮਣ-ਘੇਰੀਆਂ ਵਿੱਚ ਘਿਰੇ ਪਤਾ ਹੀ ਨਹੀਂ ਲੱਗਿਆ ਕਦ ਬੱਸ ਆ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਬੱਸ ਅੱਡੇ ਵਿੱਚ ਰੁਕ ਗਈ। ਭਾਈ ਸਾਹਿਬ ਬੱਸ ਤੋਂ ਥੱਲੇ ਉੱਤਰੇ ਤਾਂ ਮਹਾਂਪੁਰਖਾਂ ਦੇ ਬਚਨ ਯਾਦ ਆ ਗਏ ਕਿ ਸ਼੍ਰੀ ਦਰਬਾਰ ਸਾਹਿਬ ਦੇ ਦਰਸ਼ਨ ਮੌਕਾ ਮਿਲਣ ਤੇ ਜਰੂਰ ਕਰਨੇ ਹਨ। (ਭਾਈ) ਅਮਰੀਕ ਸਿੰਘ ਹੌਲੀ-ਹੌਲੀ ਗੁਰੂ ਰਾਮਦਾਸ ਜੀ ਦੀ ਨਗਰੀ ਦੇ ਬਜਾਰਾਂ ਵਿੱਚ ਦੀ ਤੁਰਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਏ। ਇਸ਼ਨਾਨ ਕਰਕੇ ਦੇਗ ਕਰਵਾਉਣ ਉਪਰੰਤ ਪਵਿੱਤਰ ਹਰਿਮੰਦਰ ਸਾਹਿਬ ਦੀਆਂ ਦਹਿਲੀਜਾਂ ਉੱਪਰ ਮੱਥਾ ਰੱਖ ਦਿੱਤਾ। ਮਨ ਦੇ ਵਲਵਲੇ, ਸੱਧਰਾਂ ਤੇ ਸ਼ਿਕਵੇ-ਸ਼ਿਕਾਇਤਾਂ ਆਪ ਮੁਹਾਰੇ ਫਰਿਆਦ ਬਣ-ਬਣ ਕੇ ਮੂੰਹੋਂ ਨਿਕਲ ਰਹੇ ਸਨ, 'ਹੇ ਗੁਰੂ ਰਾਮਦਾਸ ਜੀ ਜੇਕਰ ਪਿਤਾ ਜੀ ਉੱਪਰ ਏਨੀ ਬਖ਼ਸ਼ਿਸ਼ ਕਰਕੇ ਮਹਾਨਤਾ ਤੇ ਵਡਿਆਈ ਬਖ਼ਸ਼ੀ ਹੈ ਤਾਂ, ਕ੍ਰਿਪਾ ਕਰੋ ਇਹਨਾਂ ਨਿਮਾਣੇ ਬੱਚਿਆਂ ਉੱਪਰ ਵੀ ਕ੍ਰਿਪਾ ਕਰਕੇ ਉਹਨਾਂ ਦਾ ਹੁਕਮ ਮੰਨਣ ਦਾ ਬਲ ਬਖਸ਼ੋ, ਜੀਵਨ ਵਿੱਚ ਕਿਤੇ ਨਿਰਾਸ਼ਤਾ ਹੀ ਨਾ ਹੰਢਾਉਣੀ ਪੈ ਜਾਵੇ, ਜੇਕਰ ਸਿੱਧਾ ਰਾਹ ਪਿਛਲੇ ਜੀਵਨ ਵਿੱਚ ਵਿਖਾਉਂਦੇ ਰਹੇ ਹੋ ਤਾਂ, ਕ੍ਰਿਪਾ ਕਰਕੇ ਆਪਣੇ ਸੇਵਕਾਂ ਦੀ ਲਾਜ ਆਪ ਹੀ ਰੱਖੋ।' ਆਦਿਕ ਇਕ ਲੰਮੀ ਅਰਦਾਸ ਉਪਰੰਤ (ਭਾਈ) ਅਮਰੀਕ ਸਿੰਘ ਕੁਝ ਚਿਰ ਕੀਰਤਨ ਸੁਣਨ ਲਈ ਬੈਠ ਗਏ। ਬੈਠਿਆਂ-ਬੈਠਿਆਂ ਹੀ ਮਹਾਂਪੁਰਖਾਂ ਦੇ ਬਚਨ ਚੇਤੇ ਆਉਣ ਲੱਗੇ ਕਿ ਕਲਗੀਧਰ ਪਾਤਸ਼ਾਹ ਤੋਂ ਬਿਨਾਂ ਕਿਸੇ ਹੋਰ ਕਿਸੇ ਤੇ ਵਾਧੂ ਉਮੀਦਾਂ ਨਹੀਂ ਰੱਖਣੀਆਂ, ਗੁਰੂ ਕਲਗੀਧਰ ਪਿਤਾ ਦਾ ਓਟ ਆਸਰਾ ਲੈ ਕੇ ਪੜ੍ਹਾਈ ਵੱਲ ਧਿਆਨ ਲਾਈ ਰੱਖੀਂ, ਵਾਹਿਗੁਰੂ ਤੇਰੀ ਸਹਾਇਤਾ ਕਰੇਗਾ।'

(ਭਾਈ) ਅਮਰੀਕ ਸਿੰਘ ਦੇ ਮਨ ਵਿੱਚ ਮਹਾਂਪੁਰਖਾਂ ਦੇ ਬਚਨਾਂ ਨਾਲ ਹੁਣ ਇਹ ਦ੍ਰਿੜਤਾ ਬੰਨ੍ਹ ਦਿੱਤੀ ਕਿ ਸਾਰੇ ਕਾਰਜ ਉਸ ਵਾਹਿਗੁਰੂ ਨੇ ਆਪ ਹੀ ਸਵਾਰਨੇ ਹਨ। ਮਾਲੀ ਦਾ ਕੰਮ ਤਾਂ ਪੌਦੇ ਨੂੰ ਪਾਣੀ ਆਦਿਕ ਦੇ ਕੇ ਉਸ ਉੱਪਰ ਮਿਹਨਤ ਕਰਨਾ ਹੀ ਹੈ, ਫਲ ਲਾਉਣਾ ਉਸ ਵਾਹਿਗੁਰੂ ਦੇ ਹੱਥ ਵਿੱਚ ਹੈ, ਉਹ ਲਾਵੇ ਜਾ ਨਾਂ ਲਾਵੇ।

(ਭਾਈ) ਅਮਰੀਕ ਸਿੰਘ ਦੇ ਮਨ ਵਿੱਚ ਦ੍ਰਿੜ ਨਿਸ਼ਚਾ ਹੋ ਗਿਆ ਕਿ ਮਹਾਂਪੁਰਖਾਂ ਦੇ ਬਚਨਾਂ ਵਿੱਚ ਅਟੱਲ ਸੱਚਾਈ ਹੈ ਅਤੇ ਉਹਨਾਂ ਨੂੰ ਵਿਸ਼ਵਾਸ਼ ਸੀ ਕਿ ਬ੍ਰਹਮਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਥਾਂ ਕੋਈ ਆਮ ਵਿਅਕਤੀ ਨਹੀਂ ਬਲਕਿ ਇਕ ਬ੍ਰਹਮਗਿਆਨੀ ਹੀ ਲੈ ਸਕਦਾ ਹੈ ਜਿਸਦੇ ਮੂੰਹੋਂ ਨਿਕਲਿਆ ਹੋਇਆ ਹਰ ਇਕ ਬਚਨ ਹਰ ਹੀਲੇ ਸੱਚ ਹੋਵੇਗਾ। ਦਿਨ ਦਾ ਢਲਾਅ ਹੋ ਚੁੱਕਾ ਸੀ ਤੇ ਡੁੱਬਦੇ ਸੂਰਜ ਦੀ ਲਾਲੀ ਸੁਨਿਹਰੀ ਗੁੰਬਦ ਤੇ ਪੈ ਰਹੀ ਸੀ, ਸਰੋਵਰ ਦੇ ਜਲ ਵਿੱਚ ਸੂਰਜ ਦੀਆਂ ਬੁਝ ਰਹੀਆਂ ਲਾਲ ਕਿਰਨਾਂ ਨੇ ਜਿਵੇਂ ਸੰਧੂਰੀ ਰੰਗ ਘੋਲ ਦਿੱਤਾ ਸੀ। ਰਾਗੀ ਸਿੰਘਾਂ ਨੇ ਸੋਦਰ ਆਰੰਭ ਕਰ ਦਿੱਤਾ ਜਿਸਨੂੰ (ਭਾਈ) ਅਮਰੀਕ ਸਿੰਘ ਨੇ ਇਕਾਗਰ-ਚਿਤ ਹੋ ਕੇ ਸਰਵਣ ਕੀਤਾ। ਗੁਰਬਾਣੀ ਦੀ ਇਕ-ਇਕ ਤੁਕ ਜਿਵੇਂ ਧੁਰ ਅੰਦਰ ਲਹਿ ਰਹੀ ਹੋਵੇ। ਸਿੰਘ ਸਾਹਿਬ ਦੀ ਆਵਾਜ ਸਪੀਕਰ ਰਾਹੀਂ ਗੂੰਜਦੀ ਅਤੇ ਫਿਰ ਪਵਿੱਤਰ ਜਲ ਨੂੰ ਪਾਰ ਕਰਕੇ ਚਿੱਟੀਆਂ ਸੰਗਮਰਮਰੀ ਕੰਧਾਂ ਨਾਲ ਟਕਰਾ ਕੇ ਵਾਪਿਸ ਪਰਤ ਆਉਂਦੀ ਸੀ। ਏਨੇ ਚਿਰ ਨੂੰ ਸਿੰਘ ਸਾਹਿਬ ਅਗਲੀ ਤੁਕ ਦਾ ਪਾਠ ਕਰ ਦਿੰਦੇ ਤੇ ਇੰਝ ਗੁਰਬਾਣੀ ਨੇ ਸਾਰਾ ਵਾਤਾਵਰਣ ਸੱਚਖੰਡ ਦਾ ਰੂਪ ਹੀ ਬਣਾ ਦਿੱਤਾ। ਸਾਰੀ ਫਿਜ਼ਾ ਵਿੱਚ ਚਾਰ ਚੁਫ਼ੇਰੇ ਜਿਵੇਂ ਗੁਰਬਾਣੀ ਦੀਆਂ ਤੁਕਾਂ ਹੀ ਫੈਲ ਰਹੀਆਂ ਹੋਣ। ਅਰਦਾਸ ਉਪਰੰਤ ਪਵਿੱਤਰ ਮਹਾਂਵਾਕ ਸੁਣ ਕੇ ਭਾਈ ਸਾਹਿਬ ਨੇ ਗੁਰੂ ਰਾਮਦਾਸ ਜੀ ਦੇ ਲੰਗਰ ਵਿੱਚ ਜਾ ਕੇ ਪ੍ਰਸ਼ਾਦਾ ਛਕਿਆ ਤੇ ਫਿਰ ਆਪ ਮੁਹਾਰੇ ਹੀ ਉਹਨਾਂ ਦੇ ਕਦਮ ਕਾਹਲੀ-ਕਾਹਲੀ ਖ਼ਾਲਸਾ ਕਾਲਜ ਵੱਲ ਜ਼ਿੰਦਗੀ ਦਾ ਇਕ ਉਸਾਰੂ ਰਾਹ ਲੱਭਣ ਲਈ ਤੁਰ ਪਏ।

ਅਗਲੀ ਪ੍ਰਭਾਤ ਇਕ ਨਵਾਂ ਉਤਸ਼ਾਹ ਤੇ ਨਵੇਂ ਉਜਾਲੇ ਲਿਆਈ ਸੀ। (ਭਾਈ) ਅਮਰੀਕ ਸਿੰਘ ਪੂਰੀ ਲਗਨ ਤੇ ਮਿਹਨਤ ਨਾਲ ਆਪਣੀ ਪੜ੍ਹਾਈ ਵਿੱਚ ਰੁੱਝ ਗਏ। ਇਕ-ਇਕ ਕਰਕੇ ਦਿਨ ਬਤੀਤ ਹੁੰਦੇ ਗਏ। ਛੇਤੀ ਹੀ (ਭਾਈ) ਅਮਰੀਕ ਸਿੰਘ ਨੇ ਆਪਣੇ ਕਾਲਜ ਦੇ ਪ੍ਰੋਫੈਸਰ ਸਾਹਿਬਾਨ ਅਤੇ ਸਾਥੀ ਵਿਦਿਆਰਥੀਆਂ ਵਿੱਚ ਆਪਣੀ ਨਿਵੇਕਲੀ ਪਹਿਚਾਣ ਬਣਾ ਲਈ। ਖ਼ਾਲਸਾ ਕਾਲਜ ਵਿੱਚ ਪੂਰੇ ਵਿੱਦਿਅਕ ਕਾਲ ਦੌਰਾਨ ਮਹਾਂਪੁਰਖਾਂ ਦੇ ਬਚਨਾਂ ਉੱਪਰ ਪਹਿਰਾ ਦਿੰਦਿਆਂ ਭਾਈ ਸਾਹਿਬ ਨੇ ਰਹਿਤ ਮਰਿਆਦਾ ਤੇ ਸਾਦਗੀ ਭਰਪੂਰ ਰਹਿਣ-ਸਹਿਣ ਵਿੱਚ ਵੀ ਕੋਈ ਫਰਕ ਨਾ ਪੈਣ ਦਿੱਤਾ। ਨਿੱਤਨੇਮ ਵੀ ਸਮੇਂ ਮੁਤਾਬਿਕ ਵਧਾਉਂਦੇ ਰਹੇ ਤੇ ਜਦੋਂ ਵੀ ਮੌਕਾ ਮਿਲਦਾ ਸ੍ਰੀ ਦਰਬਾਰ ਸਾਹਿਬ ਜਾ ਕੇ ਕੀਰਤਨ ਸਰਵਣ ਕਰਦੇ। (ਭਾਈ) ਅਮਰੀਕ ਸਿੰਘ ਨੇ ਬਾਕੀ ਵਿਦਿਆਰਥੀਆਂ ਵਾਂਗ ਕਦੇ ਵੀ ਬਾਹਰੋਂ ਕੋਈ ਵਸਤੂ ਆਦਿਕ ਲੈ ਕੇ ਨਹੀ ਖਾਧੀ। ਕਾਲਜ ਦੇ ਜੀਵਨ ਕਾਲ ਦੌਰਾਨ ਉਹਨਾਂ ਨੇ ਆਪਣੀ ਵਿਲੱਖਣਤਾ ਕਾਇਮ ਹੀ ਰੱਖੀ। ਵਿਹਲੇ ਸਮੇਂ ਉਹ ਮਾਤਾ ਜੀ ਅਤੇ (ਭਾਈ) ਮਨਜੀਤ ਸਿੰਘ ਦੇ ਨਾਮ ਘਰ

ਚਿੱਠੀ ਵੀ ਲਿਖਦੇ ਤੇ ਆਪਣੀ ਪੜ੍ਹਾਈ ਬਾਰੇ ਜਾਣਕਾਰੀ ਮਾਤਾ ਜੀ ਅਤੇ ਛੋਟੇ ਵੀਰ ਨੂੰ ਵੀ ਦਿੰਦੇ।

ਕਿਸੇ ਵੀ ਸਫ਼ਲਤਾ ਜਾਂ ਮੰਜਿਲ ਦੀ ਪ੍ਰਾਪਤੀ ਲਈ ਉਸ ਪ੍ਰਤੀ ਲਗਨ ਤੇ ਉਸਨੂੰ ਹਾਸਿਲ ਕਰਨ ਦਾ ਚਾਅ ਵਿਅਕਤੀ ਦੀ ਕਾਮਯਾਬੀ ਲਈ ਉਸਦੀ ਜ਼ਿੰਦਗੀ ਵਿੱਚ ਇਕ ਅਹਿਮ ਭੂਮਿਕਾ ਨਿਭਾਉਂਦੇ ਹਨ। ਠੀਕ ਉਸੇ ਤਰ੍ਹਾਂ ਹੀ (ਭਾਈ) ਅਮਰੀਕ ਸਿੰਘ ਨੂੰ ਵੀ ਮਹਾਂਪੁਰਖਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਬੜਾ ਚਾਅ ਰਹਿੰਦਾ ਸੀ। ਪੜ੍ਹਾਈ ਤੋਂ ਇਲਾਵਾ (ਭਾਈ) ਅਮਰੀਕ ਸਿੰਘ ਕਾਲਜ ਵਿੱਚ ਹੋਣ ਵਾਲੇ ਅਕਾਦਮਿਕ ਅਤੇ ਧਾਰਮਿਕ ਪ੍ਰੋਗਰਾਮਾਂ ਵਿੱਚ ਵੀ ਹਿੱਸਾ ਲੈਂਦੇ ਰਹੇ। (ਭਾਈ) ਅਮਰੀਕ ਸਿੰਘ ਦੀ ਸੋਚ ਅਤੇ ਵਿਚਾਰਾਂ ਤੋਂ ਇਲਾਵਾ ਉਹਨਾਂ ਦੇ ਜੀਵਨ ਦਾ ਉਹਨਾਂ ਦੇ ਨਾਲ ਰਹਿ ਰਹੇ ਉਹਨਾਂ ਦੇ ਸਹਿਪਾਠੀ ਉੱਪਰ ਏਨਾ ਪ੍ਰਭਾਵ ਪਿਆ ਕਿ ਛੇਤੀ ਹੀ ਉਸਨੇ ਅੰਮ੍ਰਿਤ ਛਕ ਲਿਆ ਅਤੇ ਭਾਈ ਸਾਹਿਬ ਪਾਸੋਂ ਪੰਜ ਬਾਣੀਆਂ ਦੇ ਨਿੱਤਨੇਮ ਦੀ ਸੰਥਿਆ ਲੈਣੀ ਸ਼ੁਰੂ ਕਰ ਦਿੱਤੀ। ਚੇਤੇ ਰਹੇ ਕਿ ਇਸਤੋਂ ਪਹਿਲਾਂ ਉਹ ਅੰਮ੍ਰਿਤਧਾਰੀ ਨਹੀਂ ਸੀ ਤੇ ਨਾ ਹੀ ਉਸਦਾ ਸਿੱਖੀ ਦੇ ਸੱਚੇ-ਸੁੱਚੇ ਰਸਤੇ ਨੂੰ ਅਪਣਾਉਣ ਦਾ ਕੋਈ ਵਿਚਾਰ ਹੀ ਸੀ ਪਰੰਤੂ ਭਾਈ ਸਾਹਿਬ ਦੇ ਨਾਲ ਰਹਿੰਦਿਆਂ ਉਹ ਉਹਨਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਿਆ।

ਇਕ ਦਿਨ (ਭਾਈ) ਅਮਰੀਕ ਸਿੰਘ ਜਦ ਪੀਰੀਅਡ ਲਗਾ ਕੇ ਕਮਰੇ ਵਿੱਚ ਆਏ ਤਾਂ ਦਰਵਾਜੇ ਨੂੰ ਸਾਹਮਣੇ ਹੀ ਅੰਦਰ ਬਾਬਾ ਬਾਹਰਾ ਸਿੰਘ ਜੀ ਬੈਠੇ ਹੋਏ ਉਹਨਾਂ ਦਾ ਇੰਤਜਾਰ ਕਰ ਰਹੇ ਸਨ। ਫਤਹਿ ਬੁਲਾ ਕੇ ਭਾਈ ਸਾਹਿਬ ਉਹਨਾਂ ਨੂੰ ਗਲਵੱਕੜੀ ਪਾ ਕੇ ਮਿਲੇ। ਸੰਤਾਂ ਬਾਰੇ ਪੁੱਛਣ ਤੋਂ ਬਾਅਦ ਭਾਈ ਸਾਹਿਬ ਨੇ ਜਥੇ ਦੇ ਸਿੰਘਾਂ ਦੇ ਹਾਲ-ਚਾਲ ਅਤੇ ਟਕਸਾਲ ਦੇ ਮਹਿਤਾ ਵਿਖੇ ਬਣ ਰਹੇ ਨਵੇਂ ਹੈੱਡਕੁਆਟਰ ਦੀ ਸੇਵਾ ਬਾਰੇ ਵੀ ਪੁੱਛਿਆ। ਬਾਬਾ ਬਾਹਰਾ ਸਿੰਘ ਜੀ ਨੇ ਸਭ ਸੁੱਖ-ਸਾਂਦ ਦੱਸੀ ਅਤੇ ਚੱਲ ਰਹੀ ਸੇਵਾ ਬਾਰੇ ਵੀ ਵਿਸਥਾਰ ਸਹਿਤ ਭਾਈ ਸਾਹਿਬ ਨੂੰ ਦੱਸਦਿਆਂ ਹੋਇਆਂ ਕਿਹਾਂ ਕਿ 'ਛੱਪੜ ਲਗਭਗ ਪੂਰਿਆ ਗਿਆ ਹੈ, ਬਾਕੀ ਮਿੱਟੀ ਪਾਉਣ ਦੀ ਸੇਵਾ ਹਾਲੇ ਵੀ ਜਾਰੀ ਹੈ ਅਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਵਾਲੇ ਪਾਸੇ ਕੀਰਤਨ ਵਿਦਿਆਲਾ ਬਣਾਉਣ ਤੋਂ ਪਹਿਲਾਂ ਲੰਗਰ ਹਾਲ ਦੀ ਇਮਾਰਤ ਉਸਾਰਨ ਬਾਰੇ ਫੈਸਲਾ ਲਿਆ ਗਿਆ ਹੈ। ਸੰਤ ਇਹ ਸੇਵਾ ਛੇਤੀ ਤੋਂ ਛੇਤੀ ਸਿਰੇ ਲਾਉਣ ਲਈ ਏਨੇ ਉਤਾਵਲੇ ਹਨ ਕਿ ਇਕ ਦਿਨ ਮਹਾਂਪੁਰਖ ਆਪ ਸਿੰਘਾਂ ਨਾਲ ਲੱਗ ਕੇ ਲੰਗਰ ਪਕਾਉਣ ਲਈ ਰੁੱਖਾਂ ਤੋਂ ਛਾਂਗੇ ਗਏ ਵੱਡੇ-ਵੱਡੇ ਛਾਪੇ (ਟਹਿਣੀਆਂ) ਖਿੱਚ-ਖਿੱਚ ਕੇ ਲਿਆਉਂਦੇ ਰਹੇ, ਜਦ ਕੁਝ ਸਿੰਘਾਂ ਨੇ ਮਹਾਂਪੁਰਖਾਂ ਨੂੰ ਅਜਿਹਾ ਨਾ ਕਰਨ ਦੀ ਬੇਨਤੀ ਕੀਤੀ ਤਾਂ ਸੰਤਾਂ ਨੇ ਇਕ ਮਿੱਠੀ ਜਿਹੀ ਝਿੜਕ ਦੇ ਕੇ ਉਹਨਾਂ ਨੂੰ ਇਹ ਕਹਿ ਕੇ ਨਿਰਉੱਤਰ ਕਰ ਦਿੱਤਾ

ਕਿ, 'ਭਾਈ ਮੈਂ ਵੀ ਤੁਹਾਡੇ ਵਰਗਾ ਹੀ ਸਿੰਘ ਹਾਂ, ਤੇ ਮੈਂ ਵੀ ਇਹ ਹੀ ਚਾਹੁੰਦਾ ਹਾਂ ਕਿ ਸੇਵਾ ਕਰਕੇ ਤੁਹਾਡੇ ਵਾਂਗ ਮੇਰੇ ਵੀ ਹੱਥ ਸਫ਼ਲੇ ਹੋ ਜਾਣ ਕਿਤੇ ਇਹ ਨਾ ਹੋਵੇ ਕਿ ਅੱਗੇ ਜਾ ਕੇ ਇਹਨਾਂ ਹੱਥਾਂ ਤੇ ਧਰਮਰਾਜ ਦੇ ਡੰਡੇ ਖਾਣੇ ਪੈਣ।'

ਪਿਤਾ ਜੀ ਦੀ ਏਨੀ ਨਿਰਮਤਾ ਵੇਖ ਕੇ ਭਾਈ ਸਾਹਿਬ ਦਾ ਮਨ ਧੁਰ ਅੰਦਰ ਤੀਕ ਪਸੀਜ ਗਿਆ। ਕਾਫ਼ੀ ਚਿਰ ਵਿਚਾਰਾਂ ਹੁੰਦੀਆਂ ਰਹੀਆਂ ਤੇ ਫਿਰ ਬਾਬਾ ਬਾਹਰਾ ਸਿੰਘ ਜੀ ਨੇ ਹੌਲੀ ਜਿਹੀ ਗੱਲ ਕਰਦਿਆਂ ਆਪਣੇ ਆਉਣ ਦਾ ਅਸਲੀ ਮਕਸਦ ਦੱਸਦਿਆਂ ਕਿਹਾ, 'ਅਮਰੀਕ ਸਿੰਹਾਂ, ਤੇਰੀ ਪੜ੍ਹਾਈ ਲਈ ਮੇਰੇ ਮਨ ਵਿੱਚ ਬੜਾ ਚਾਅ ਸੀ ਪਰ ਨਾਲ ਹੀ ਇਹ ਡਰ ਵੀ ਸੀ ਕਿ ਕਿਤੇ ਖ਼ਰਚੇ ਤੋਂ ਬਿਨਾਂ ਇਹ ਰਸਤੇ ਵਿੱਚ ਹੀ ਨਾ ਛੁੱਟ ਜਾਵੇ। ਉਸ ਦਿਨ ਮਹਾਂਪੁਰਖਾਂ ਦੇ ਬਚਨਾਂ ਕਰਕੇ ਮਨ ਵਿੱਚ ਇਹ ਦ੍ਰਿੜਤਾ ਬੱਝੀ ਕਿ ਹੁਣ ਕਲਗੀਧਰ ਪਾਤਸ਼ਾਹ ਜਰੂਰ ਕੋਈ ਨਾ ਕੋਈ ਹੱਲ ਕੱਢ ਦੇਣਗੇ। ਇਹ ਹੀ ਦੱਸਣ ਮੈਂ ਤੇਰੇ ਕੋਲ ਉਚੇਚੇ ਤੌਰ ਤੇ ਮਹਾਂਪੁਰਖਾਂ ਤੋਂ ਛੁੱਟੀ ਲੈ ਕੇ ਪਹੁੰਚਿਆ ਹਾਂ।'

ਭਾਈ ਸਾਹਬਿ ਉਤਸੁਕਤਾ ਨਾਲ ਬਾਬਾ ਬਾਹਰਾ ਸਿੰਘ ਜੀ ਦੇ ਚਿਹਰੇ ਵੱਲ ਵੇਖਣ ਲਗ ਪਏ। ਭਾਈ ਸਾਹਿਬ ਦੀ ਨਜਰ ਵਿੱਚ ਸਵਾਲੀਆ ਚਿੰਨ੍ਹ ਵੇਖ ਕੇ ਬਾਬਾ ਜੀ ਨੇ ਫਿਰ ਕਿਹਾ, 'ਜਦ ਮਹਾਂਪੁਰਖਾਂ ਨੇ ਉਸ ਦਿਨ ਸੰਗਤ ਦੇ ਪੈਸੇ ਪ੍ਰਤੀ ਸੁਚੇਤ ਕੀਤਾ ਤਾਂ ਮੈਂ ਇਹ ਮਨ ਬਣਾਇਆ ਕਿ ਕੋਈ ਹੋਰ ਤਰੀਕਾ ਲੱਭ ਕੇ ਪੈਸਿਆਂ ਦਾ ਇੰਤਜਾਮ ਜਰੂਰ ਕਰਨਾ ਹੈ। ਸੋ ਇਸੇ ਕਾਰਜ ਲਈ ਮੈਂ ਮਹਿਤਾ ਪਿੰਡ ਦੇ ਹੀ ਇਕ ਗੁਰਸਿੱਖ ਭਰਾ ਨਾਲ ਗੱਲ ਕੀਤੀ। ਉਹ ਵਾਹੀ ਦਾ ਕੰਮ ਕਰਦਾ ਹੈ। ਮੈਂ ਉਸੇ ਦੀ ਮੱਦਦ ਨਾਲ ਪਿੰਡ ਵਿੱਚ ਹੀ ਕੁਝ ਜਮੀਨ ਠੇਕੇ ਤੇ ਲੈ ਕੇ ਅਗਾਂਹ ਫਿਰ ਕਿਸੇ ਲੋੜਵੰਦ ਜਿਮੀਂਦਾਰ ਨੂੰ ਹਿੱਸੇ ਤੇ ਦੇ ਦਿੱਤੀ ਹੈ। ਇਸ ਤਰ੍ਹਾਂ ਹਿਸਾਬ ਲਾਉਣ ਤੋਂ ਬਾਅਦ ਸਾਨੂੰ ਇਸ ਵਿੱਚੋਂ ਖ਼ਰਚਾ ਬਚ ਜਾਂਦਾ ਹੈ ਜਿਹੜਾ ਤੇਰੇ ਪਾਸ ਪਹੁੰਚ ਜਾਇਆ ਕਰੇਗਾ। ਇਸ ਨਾਲ ਤੂੰ ਪੜ੍ਹਾਈ ਦਾ ਖ਼ਰਚਾ ਚਲਾਈ ਜਾਵੀਂ। ਇਸ ਤੋਂ ਬਿਨਾਂ ਹੋਰ ਕੋਈ ਚਾਰਾ ਨਜਰ ਨਹੀਂ ਸੀ ਆਉਂਦਾ।'

(ਭਾਈ) ਅਮਰੀਕ ਸਿੰਘ ਬਾਬਾ ਬਾਹਰਾ ਸਿੰਘ ਜੀ ਦੀ ਸਾਰੀ ਗੱਲ ਸੁਣ ਕੇ ਕੁਝ ਪਲ ਹੈਰਾਨੀ ਨਾਲ ਖਾਮੋਸ਼ ਹੀ ਬੈਠੇ ਰਹੇ ਤੇ ਫਿਰ ਬੋਲੇ, 'ਉਹ ਤਾਂ ਸਭ ਠੀਕ ਹੈ ਬਾਬਾ ਜੀ, ਪਰ ਕਿਤੇ ਸੰਤ ਨਾ ਇਸ ਤੋਂ ਨਰਾਜ ਹੋ ਜਾਣ।'

'ਨਹੀਂ, ਮੈਂ ਸਭ ਕੁਝ ਕਰਕੇ, ਉਹਨਾ ਨੂੰ ਪਹਿਲਾਂ ਹੀ ਦੱਸ ਦਿੱਤਾ ਹੈ। ਉਹਨਾਂ ਦੀ ਖੁਸ਼ੀ ਤੋਂ ਬਗੈਰ ਤਾਂ ਕੋਈ ਵੀ ਕੰਮ ਸਿਰੇ ਲਗਾਉਣਾ ਬਹੁਤ ਔਖਾ ਹੈ, ਉਹਨਾਂ ਨੇ ਸਹਿਮਤੀ ਦੇ ਦਿੱਤੀ ਹੈ ਪਰ ਕੋਈ ਬਚਨ ਨਹੀਂ ਕੀਤਾ, ਕੇਵਲ ਏਨਾ ਹੀ ਕਿਹਾ ਕਿ, 'ਭਾਈ ਬਾਹਰਾ ਸਿੰਘ ਜੀ ਇਹ ਕੰਮ ਮੇਰਾ ਨਹੀਂ ਬਲਕਿ ਦਸ਼ਮੇਸ਼ ਪਿਤਾ ਨੂੰ ਹੀ ਸਾਡੀ

ਸਭ ਦੀ ਚਿੰਤਾ ਹੈ, ਮੈਂ ਤਾਂ ਕੇਵਲ ਇਸੇ ਟਕਸਾਲ ਦੀ ਹੀ ਸੇਵਾ ਪੂਰੀ ਤਨਦੇਹੀ ਨਾਲ ਨਿਭਾ ਕੇ ਸਿੰਘਾਂ ਦੀ ਹੀ ਹਰ ਜਰੂਰਤ ਪੂਰੀ ਕਰਨ ਦੀ ਕੋਸ਼ਿਸ਼ ਕਰਾਂਗਾ।'

(ਭਾਈ) ਅਮਰੀਕ ਸਿੰਘ ਦੇ ਮਨ ਵਿੱਚ ਹੁਣ ਇਹ ਗੱਲ ਪੱਕੀ ਤਰ੍ਹਾਂ ਬੈਠ ਗਈ ਕਿ ਵੱਡੇ ਮਹਾਂਪੁਰਖਾਂ ਦੀਆਂ ਬਖ਼ਸ਼ਿਸ਼ਾਂ ਨਾਲ ਉਹਨਾਂ ਦੀ ਭਰੀ ਹੋਈ ਝੋਲੀ ਕਦੇ ਖ਼ਾਲੀ ਨਹੀਂ ਹੋ ਸਕਦੀ, ਜੀਵਨ ਦੀ ਹਰੇਕ ਬੁਲੰਦੀ ਤੇ ਪਹੁੰਚਣ ਲਈ ਉਹਨਾਂ ਨੇ ਹੀ ਰਸਤਾ ਸਿੱਧਾ ਕਰਨਾ ਹੈ। ਦੋਹਾਂ ਵਿੱਚ ਕੁਝ ਚਿਰ ਇਸੇ ਵਿਸ਼ੇ ਉੱਪਰ ਹੀ ਵਿਚਾਰ ਹੁੰਦੀ ਰਹੀ ਅਤੇ ਫਿਰ ਬਾਬਾ ਥਾਹਰਾ ਸਿੰਘ ਜੀ ਨੇ ਵਾਪਿਸ ਮਹਿਤਾ ਵਿਖੇ ਪਹੁੰਚਣ ਲਈ ਭਾਈ ਸਾਹਿਬ ਨੂੰ ਫਤਹਿ ਬੁਲਾਈ ਅਤੇ ਪੂਰੀ ਲਗਨ ਨਾਲ ਮਿਹਨਤ ਕਰਨ ਦੀ ਨਸੀਹਤ ਵੀ ਦਿੱਤੀ। ਰਾਤ ਨੂੰ ਕੀਰਤਨ ਸੋਹਿਲਾ ਜੀ ਦਾ ਪਾਠ ਕਰਨ ਉਪਰੰਤ ਭਾਈ ਸਾਹਿਬ ਇਹ ਸੋਚ ਰਹੇ ਸਨ ਕਿ ਉਹ ਕਿਹੜੇ ਸ਼ਬਦਾਂ ਰਾਹੀਂ ਵਾਹਿਗੁਰੂ ਅਕਾਲ-ਪੁਰਖ ਦਾ ਸ਼ੁਕਰਾਨਾ ਕਰਨ।

'ਜਿਸ ਕਾ ਕਾਰਜ ਤਿਨ ਹੀ ਕੀਆ
ਮਾਣਸੁ ਕਿਆ ਵੇਚਾਰਾ ਰਾਮ॥'

(ਅੰਗ ੭੮੪)

'ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ
ਸਤਿਗੁਰਿ ਢਾਕ ਲੀਆ ਮੋਹਿ ਪਾਪੀ ਪੜਦਾ॥'

(ਅੰਗ ੧੧੧੭)

ਇਹ ਗੱਲ ਸੋਲਾਂ ਆਨੇ ਸੱਚ ਹੈ ਕਿ ਜਦ ਵੀ ਵਾਹਿਗੁਰੂ ਨੇ ਆਪਣੇ ਪਿਆਰਿਆਂ ਨੂੰ ਕੋਈ ਵਡਿਆਈ ਬਖਸ਼ ਕੇ ਉਸਦੀ ਲਾਜ ਰੱਖਣੀ ਹੁੰਦੀ ਹੈ ਤਾਂ ਉਹ ਆਪ ਹੀ ਕੋਈ ਨਾ ਕੋਈ ਬਿਧ ਬਣਾ ਕੇ ਸਾਰਾ ਕਾਰਜ ਸਿਰੇ ਲਗਾ ਦਿੰਦੇ ਹਨ। ਅਸੀਂ ਅਲਪੱਗ ਜੀਵ ਤਾਂ ਖਾਹ-ਮਖਾਹ ਹੀ ਸੋਚਾਂ ਦੀਆਂ ਪਤਾ ਨਹੀਂ ਕਿਹੜੀਆਂ-ਕਿਹੜੀਆਂ ਜਰਬਾਂ-ਤਕਸੀਮਾਂ ਨੂੰ ਹੱਲ ਕਰਨ ਵਿੱਚ ਖੁਸ਼ ਰਹਿੰਦੇ ਹਾਂ, ਜਦਕਿ ਸਾਡੀ ਜ਼ਿੰਦਗੀ ਵਿੱਚ ਆਉਣ ਵਾਲਾ ਹਰੇਕ ਪਲ ਤੇ ਹਰੇਕ ਛੋਟੀ ਤੋਂ ਛੋਟੀ ਘਟਨਾ ਵੀ ਪਹਿਲਾਂ ਤੋਂ ਹੀ ਸਾਡੇ ਨਸੀਬਾਂ ਵਿੱਚ ਦਰਜ ਹੁੰਦੀ ਹੈ। ਪ੍ਰਾਪਤੀਆਂ ਤਾ ਸਾਡੀ ਉਡੀਕ ਕਰ ਰਹੀਆਂ ਹੁੰਦੀਆਂ ਹਨ, ਫਰਕ ਸਿਰਫ਼ ਇਤਨਾ ਹੀ ਹੁੰਦਾ ਹੈ ਕਿ ਅਸੀਂ ਉਹਨਾਂ ਨੂੰ ਪ੍ਰਾਪਤ ਕਰਨ ਲਈ ਕਿੰਨ੍ਹੀ ਕੁ ਮਿਹਨਤ ਕਰਦੇ ਹੋਏ, ਰਸਤੇ ਦੀਆਂ ਆਉਣ ਵਾਲੀਆਂ ਰੁਕਾਵਟਾਂ ਨਾਲ ਗੁੱਥਮ-ਗੁੱਥਾ ਹੋ ਕੇ ਜ਼ਿੰਦਗੀ ਦੇ ਅਖਾੜੇ ਵਿੱਚ ਉਹਨਾਂ ਦੀ ਪਿੱਠ ਲਵਾਉਂਦੇ ਹੋਏ ਬਖ਼ਸ਼ਿਸ਼ਾਂ ਦੇ ਤਗਮੇਂ ਹਾਸਿਲ ਕਰਦੇ ਹਾਂ। ਸੱਚੇ ਪਾਤਸ਼ਾਹ ਤਾਂ ਹਰੇਕ ਘੜੀ ਆਪਣੇ ਪਿਆਰਿਆਂ ਉੱਪਰ ਬਖਸ਼ਿਸ਼ਾਂ ਕਰਨ ਲਈ ਤਤਪਰ ਹਨ। ਫਰਕ ਹੈ ਤਾਂ ਕੇਵਲ ਸਾਡੇ

ਫਰਿਆਦ ਕਰਨ ਦੇ ਤੌਰ-ਤਰੀਕਿਆਂ ਵਿੱਚ। ਅਸੀਂ ਮੂੰਹ ਤੋਂ ਬਹੁਤ ਕੁਝ ਅਚੇਤ ਹੀ ਮੰਗ ਜਾਂਦੇ ਹਾਂ ਜੇਕਰ ਪੜਚੋਲ ਕੇ ਵੇਖਿਆ ਜਾਵੇ ਤਾਂ ਸਾਡੇ ਵਿੱਚੋਂ ਬਹੁਤੇ ਗੁਰਦੁਆਰੇ ਜਾਂ ਮੰਦਰ ਕੇਵਲ ਸੌਦਾਬਾਜੀ ਕਰਨ ਹੀ ਤਾਂ ਜਾਂਦੇ ਹਨ। ਲੈਣ-ਦੇਣ ਦੀ ਗੱਲ ਦੀ ਗੱਲ ਖ਼ਤਮ ਹੁੰਦਿਆਂ ਹੀ ਭਗਤੀ ਰੂਪੀ ਬਿਰਤੀ ਹੀ ਟੁੱਟ ਜਾਂਦੀ ਹੈ ਤੇ ਸਮਾਧੀ ਰੂਪੀ ਅੱਖਾਂ ਵੀ ਝੱਟ ਖੁੱਲ੍ਹ ਜਾਂਦੀਆਂ ਹਨ। ਅਸੀਂ ਉਤਨਾ ਚਿਰ ਕਿਸੇ ਨੂੰ ਮੱਥਾ ਟੇਕਣ ਲਈ ਅੱਗੇ ਨਹੀਂ ਹੋਣ ਦਿੰਦੇ ਜਿੰਨਾ ਚਿਰ ਆਪਣੀਆਂ ਖਵਾਹਿਸ਼ਾਂ ਅਤੇ ਫਰਮਾਇਸ਼ਾਂ ਦਾ ਤਗੜਾ ਲੰਮਾ ਚਿੱਠਾ ਗੁਰੂ ਅੱਗੇ ਹੌਲੀ-ਹੌਲੀ ਸ਼ਰਧਾ ਵਿੱਚ ਬੁੱਲ ਹਿਲਾ ਕੇ ਪੇਸ਼ ਨਹੀਂ ਕਰ ਦਿੰਦੇ, ਬੇਸ਼ੱਕ ਪਿਛਲਾ ਕੋਈ ਰੱਬ ਦਾ ਬੰਦਾ ਉਸਦੇ ਦੀਦਾਰ ਕਰਨ ਲਈ ਕਿਤਨਾ ਵੀ ਉਤਾਵਲਾ ਕਿਉਂ ਨਾ ਹੋ ਰਿਹਾ ਹੋਵੇ। ਪਰ ਸਾਡੀਆਂ ਇਹਨਾਂ ਕੌੜੀਆਂ ਵਪਾਰਿਕ ਗੱਲਾਂ ਤੋਂ ਵੀ ਵਾਹਿਗੁਰੂ ਸਾਨੂੰ ਕਦੀ ਨਿਰਾਸ਼ ਨਹੀ ਕਰਦੇ, ਬਲਕਿ ਬਿਨਾਂ ਮੰਗਿਆਂ ਇਤਨਾ ਕੁਝ ਦੇ ਦਿੰਦੇ ਹਨ ਕਿ ਇਨਸਾਨ ਲੈਂਦਾ ਹੋਇਆ ਥੱਕ ਜਾਂਦਾ ਹੈ। ਸਾਰੀ ਉਮਰ ਲੈਂਦਾ ਹੀ ਰਹਿੰਦਾ ਹੈ। ਪਹਿਲਾਂ ਉਸਦੀ ਬਖ਼ਸ਼ਿਸ਼ ਨਾਲ ਮਨੁੱਖ ਬਣ ਕੇ ਧਰਤੀ ਉੱਪਰ ਜਨਮ ਲੈਂਦਾ ਹੈ, ਫਿਰ ਉਮਰ ਲੈਂਦਾ ਹੈ, ਖਾਣਾ-ਪੀਣਾ, ਸਵਾਸ ਲੈਣਾ, ਧੀਆਂ-ਪੁੱਤਰ, ਜਾਇਦਾਦਾਂ ਆਦਿਕ ਸਭ ਉਹ ਹੀ ਤਾਂ ਦੇਣ ਵਾਲਾ ਹੈ। ਇਹੀ ਉਸ ਵਾਹਿਗੁਰੂ ਦੀ ਵਡਿਆਈ ਹੈ ਕਿਉਂਕਿ

'ਦੇਦਾ ਦੇ ਲੈਦੇ ਥਕਿ ਪਾਹਿ ਜੁਗਾ ਜੁਗੰਤਰਿ ਖਾਹੀ ਖਾਹਿ॥'

(ਅੰਗ ੨)

ਜੇਕਰ ਉਸ ਵਾਹਿਗੁਰੂ ਦੀ ਵਡਿਆਈ ਲਿਖਣ ਦੀ ਕੋਸ਼ਿਸ਼ ਕਰਾਂ ਤਾਂ ਵਿਚਾਰੀ ਇਸ ਕਲਮ ਦੇ ਵੱਸ ਵਿੱਚ ਨਹੀਂ।

(ਭਾਈ) ਅਮਰੀਕ ਸਿੰਘ ਦੇ ਜੀਵਨ ਦੀ ਹਰ ਮੁਸ਼ਕਿਲ ਆਪਣੇ-ਆਪ ਹੱਲ ਹੋ ਰਹੀ ਸੀ ਕੇਵਲ ਤੇ ਕੇਵਲ ਮਹਾਂਪੁਰਖਾਂ ਦੀਆਂ ਬਖਸ਼ਿਸ਼ਾਂ ਤੇ ਖੁਸ਼ੀਆਂ ਦਾ ਸਦਕਾ ਤੇ ਇਸ ਸੱਚਾਈ ਤੋਂ ਉਹ ਭਲੀ ਪ੍ਰਕਾਰ ਵਾਕਿਫ਼ ਸਨ।

ਭਾਗ - ਚੌਥਾ

ਵਕਤ ਸਿਰਜਣਹਾਰ ਵੀ ਹੈ ਅਤੇ ਸਰਬ-ਨਾਸ਼ਕ ਵੀ। ਹਰੇਕ ਪਲ ਤਬਦੀਲੀਆਂ ਦਾ ਦੌਰ ਚੱਪੇ-ਚੱਪੇ ਵਿੱਚ ਚਲਦਾ ਰਹਿੰਦਾ ਹੈ। ਕੁਝ ਨਾ ਕੁਝ ਨਵਾਂ ਉੱਸਰਦਾ ਹੈ ਤੇ ਕੁਝ ਪੁਰਾਣਾ ਢਹਿ-ਢੇਰੀ ਹੋ ਜਾਂਦਾ ਹੈ। ਪਿਛਲਿਆਂ ਵਾਸਤੇ ਇਹ ਜਰੂਰੀ ਹੈ ਕਿ ਉਹ ਨਵਿਆਂ ਵਾਸਤੇ ਸਥਾਨ ਖ਼ਾਲੀ ਕਰਕੇ ਦੇਣ। ਹਰੇਕ ਬਹਾਰ ਨਵੀਆਂ ਕਰੂੰਬਲਾਂ ਨੂੰ ਜਨਮ ਦਿੰਦੀ ਹੈ ਤੇ ਹਰੇਕ ਬਹਾਰ ਪੁਰਾਣੇ ਪੱਤਿਆਂ ਨੂੰ ਵੀ ਝਾੜ ਕੇ ਮਿੱਟੀ ਬਣਾ ਦਿੰਦੀ ਹੈ। ਹਰੇਕ ਸਾਹ ਅੰਦਰ ਜਾਂਦਾ ਹੈ ਤਾਂ ਕਿ ਅੰਦਰ ਗਈ ਹਵਾ ਨੂੰ ਬਾਹਰ ਖਿੱਚਿਆ ਜਾ ਸਕੇ ਸਾਡੀ ਉਮਰ ਦੇ ਨਾਲ-ਨਾਲ ਸਾਡਾ ਵਿਕਾਸ ਹੁੰਦਾ ਹੈ ਤੇ ਇਸ ਵਿਕਾਸ ਨਾਲ ਸਾਡੇ ਵਿਚਾਰ, ਸਾਡਾ ਵਾਤਾਵਰਣ, ਸਾਡਾ ਰਹਿਣ-ਸਹਿਣ, ਸਾਡਾ ਨਿੱਤ ਦਾ ਨੇਮ ਤੇ ਇੱਥੋਂ ਤੱਕ ਕਿ ਵਕਤ ਦੇ ਨਾਲ ਸਾਡਾ ਸਾਰਾ ਆਲਾ-ਦੁਆਲਾ ਵੀ ਬਦਲਦਾ ਰਹਿੰਦਾ ਹੈ। ਬਦਲਾਓ ਕੁਦਰਤ ਦਾ ਨਿਯਮ ਹੈ ਅਰਥਾਤ Change is the law of nature.. ਸਮਾਂ ਆਪਣੇ ਅਨੁਸਾਰ ਹੀ ਕਈ ਵਿਚਾਰ ਸਾਡੇ ਜ਼ਿਹਨ ਵਿੱਚੋਂ ਕੱਢ ਕੇ ਨਵੇਂ ਖਵਾਬ ਭਰ ਦਿੰਦਾ ਹੈ ਤੇ ਸਾਨੂੰ ਇਹ ਮਹਿਸੂਸ ਹੁੰਦਾ ਹੈ ਕਿ ਅਸੀਂ ਜਮਾਨੇ ਨਾਲ ਰਲਣ ਦੀ ਭਰਪੂਰ ਕੋਸ਼ਿਸ਼ ਕਰ ਰਹੇ ਹਾਂ। ਨਵੀਨ ਤੇ ਉਸਾਰੂ ਸੋਚ ਲਈ ਇੱਕ ਆਧੁਨਿਕ ਤੇ ਸੁਲਝੇ ਹੋਏ ਸਿੱਖਿਆਤਮਿਕ ਵਾਤਾਵਰਣ ਦੀ ਲੋੜ ਮਹਿਸੂਸ ਹੁੰਦੀ ਹੈ ਪਰੰਤੂ ਇੱਥੇ ਇਹ ਵੀ ਇੱਕ ਅਟੱਲ ਸੱਚਾਈ ਹੈ ਕਿ ਅਜਿਹੀ ਉਸਾਰੂ ਸੋਚ ਤੋਂ ਪ੍ਰਭਾਵਿਤ ਹੋਣਾ ਵੀ ਜੀਵਨ ਦੇ ਸਿਖਰਲੇ ਭਾਗ ਦੇ ਹਿੱਸੇ ਹੀ ਆਉਂਦਾ ਹੈ। ਸਾਡੀ ਜ਼ਿੰਦਗੀ ਨੂੰ ਜੇਕਰ ਭਾਗਾਂ ਵਿੱਚ ਵੰਡ ਕੇ ਵੇਖਿਆ ਜਾਵੇ ਤਾਂ ਸਿੱਖਿਆਤਮਿਕ ਦੌਰ ਹੀ ਸਿਖਰਲਾ ਭਾਗ ਕਿਹਾ ਜਾ ਸਕਦਾ ਹੈ। ਉਸ ਵਕਤ ਜੀਵਨ ਦਾ ਇੱਕ ਸੁਨਿਹਰੀ ਦੌਰ ਚੱਲ ਰਿਹਾ ਹੁੰਦਾ ਹੈ ਜਿਸਨੇ ਸਾਨੂੰ ਹਰ ਹਾਲ ਵਿੱਚ ਅੱਗੇ ਵਧਾਉਣਾ ਹੀ ਜਾਰੀ ਰੱਖਿਆ ਹੁੰਦਾ ਹੈ ਅਤੇ ਇਸ ਦੌਰ ਵਿੱਚ ਤਕਰੀਬਨ ਹਰੇਕ ਮਨੁੱਖ ਕਿਸੇ ਨਾ ਕਿਸੇ ਯਥਾਰਥ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ।

ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਬੀ·ਏ· ਕਰਦਿਆਂ ਹੋਇਆਂ (ਭਾਈ) ਅਮਰੀਕ ਸਿੰਘ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਵਿੱਚ ਗਿਣੇ ਜਾਂਦੇ ਸਨ ਤੇ ਇਸੇ ਕਰਕੇ ਹੀ ਭਾਈ ਸਾਹਿਬ ਦੇ ਪ੍ਰੋ: ਸਾਹਿਬਾਨ ਵੀ ਉਹਨਾਂ ਦੀ ਪ੍ਰਸ਼ੰਸ਼ਾ ਕਰਦੇ

ਸਨ। ਇੱਥੇ ਇਹ ਵੀ ਵਰਣਨਯੋ ਹੈ ਕਿ ਜਿੱਥੇ ਉਹਨਾਂ ਦੇ ਪ੍ਰੋ: ਸਾਹਿਬਾਨ ਭਾਈ ਸਾਹਿਬ ਨੂੰ ਇੱਕ ਮਿਹਨਤੀ ਵਿਦਿਆਰਥੀ ਸਮਝਦੇ ਸਨ ਉੱਥੇ ਨਾਲ ਹੀ ਭਾਈ ਸਾਹਿਬ ਵੀ ਆਪਣੇ ਪ੍ਰੋ: ਸਾਹਿਬਾਨ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ। ਬੀ·ਏ· ਕਰਦਿਆਂ ਹੋਇਆਂ ਉਹਨਾਂ ਦੇ ਮਨ ਵਿੱਚ ਪ੍ਰੋਫੈਸਰ ਬਣਨ ਦੀ ਇੱਛਾ ਉੱਭਰ ਰਹੀ ਸੀ। ਉਹ ਇਹ ਚਾਹੁੰਦੇ ਸਨ ਕਿ ਪ੍ਰੋਫੈਸਰ ਬਣ ਕੇ ਉਹ ਇੱਥੇ ਹੀ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੂੰ ਹੀ ਪੜ੍ਹਾਉਣ ਤੇ ਇੰਝ ਇਸ ਸੰਸਥਾ ਨਾਲ ਉਹ ਸਦੀਵੀਂ ਜੁੜੇ ਰਹਿਣ। ਖ਼ਾਲਸਾ ਕਾਲਜ ਦੀ ਹਰੇਕ ਵਸਤੂ ਪ੍ਰਤੀ ਉਹਨਾਂ ਨੂੰ ਇੱਕ ਸਨੇਹ ਜਿਹਾ ਹੋ ਗਿਆ ਸੀ ਤੇ ਉਹ ਇਸ ਸੰਸਥਾ ਨੂੰ ਜੀਵਨ ਦੇ ਹਿੱਸੇ ਦਾ ਇੱਕ ਅੰਗ ਬਣਾਉਣਾ ਲੋਚਦੇ ਸਨ।

ਭਾਈ ਸਾਹਿਬ ਉੱਪਰ ਉਸ ਵਕਤ ਆਪਣੇ ਪ੍ਰੋ: ਸਾਹਿਬਾਨ ਦੀ ਜੀਵਨ-ਜਾਚ, ਉੱਚੇ ਤੇ ਉਸਾਰੂ ਵਿਚਾਰ ਉਹਨਾਂ ਦੀ ਆਪਣੇ-ਆਪਣੇ ਵਿਦਿਅਕ ਵਿਸ਼ਿਆਂ ਵਿੱਚ ਮੁਹਾਰਤ ਦਾ ਬਹੁਤ ਪ੍ਰਭਾਵ ਪਿਆ ਤੇ ਇਸੇ ਕਰਕੇ ਹੀ ਉਹ ਆਪਣੇ ਅਧਿਆਪਕ ਪਾਸੋਂ ਬਹੁਤ ਉਤਸ਼ਾਹਿਤ ਹੁੰਦੇ ਸਨ ਜਿਸਦਾ ਸਦਕਾ ਉਹਨਾਂ ਦਾ ਆਪਸੀ ਮੇਲ-ਜੋਲ ਕਾਫ਼ੀ ਸੀ। (ਭਾਈ) ਅਮਰੀਕ ਸਿੰਘ ਅਕਸਰ ਹੀ ਘਰ ਆ ਕੇ ਪਰਿਵਾਰਿਕ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਅਤੇ ਆਪਣੇ ਸਾਥੀਆਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਕਹਿੰਦੇ ਸਨ ਕਿ, 'ਜ਼ਿੰਦਗੀ ਨੂੰ ਅਸਲ ਵਿੱਚ ਜੀਣਾ ਤਾਂ ਇਹ ਪ੍ਰੋਫੈਸਰ ਸਾਹਿਬਾਨ ਹੀ ਜਾਣਦੇ ਹਨ। ਉੱਚ ਵਿਦਿਅਕ ਮਿਆਰਾਂ ਵਾਲੇ ਸਾਥੀਆਂ ਵਿੱਚ ਹੀ ਘਿਰੇ ਰਹਿੰਦੇ ਹੋਣ ਕਾਰਨ ਉਹਨਾਂ ਦੀ ਗੱਲਬਾਤ ਦਾ ਸਤਰ ਵੀ ਉੱਚਾ ਹੁੰਦਾ ਹੈ ਤੇ ਉਹਨਾਂ ਦੀ ਹਰੇਕ ਮਿਲਨੀ ਵਿੱਚੋਂ ਸਾਨੂੰ ਕੁਝ ਨਾ ਕੁਝ ਸਿੱਖਣ ਨੂੰ ਜਰੂਰ ਮਿਲਦਾ ਹੈ।'

ਉਹਨਾਂ ਦੀ ਸੋਚ ਸੀ ਕਿ ਇੱਕ ਆਦਰਸ਼ ਪ੍ਰੋਫੈਸਰ ਆਪਣੀ ਸੋਚ ਤੇ ਤਜਰਬਿਆਂ ਨਾਲ ਕਈ ਵਿਦਿਆਰਥੀਆਂ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਬਾਹਰ ਕੱਢ ਕੇ ਗਿਆਨ ਦੇ ਚਾਨਣ ਦੀ ਰੁਸ਼ਨਾਈ ਦੇ ਕੇ ਉਸਨੂੰ ਇੱਕ ਆਦਰਸ਼ ਤੇ ਸੱਭਿਅਕ ਇਨਸਾਨ ਬਣਾਉਣ ਦੀ ਸਮਰੱਥਾ ਰੱਖਦਾ ਹੈ। ਸਹੀ ਮਾਅਨ੍ਹਿਆਂ ਵਿੱਚ ਸਾਨੂੰ ਇੱਕ ਜੈਂਟਲਮੈਨ ਬਣਾਉਣ ਪਿੱਛੇ ਕੇਵਲ ਸਾਡੇ ਅਧਿਆਪਕ ਦਾ ਹੀ ਹੱਥ ਹੁੰਦਾ ਹੈ। ਡਿਗਰੀਆਂ ਨਾਲ ਭਰੀ ਹੋਈ ਫਾਈਲ ਤੇ ਸੂਟ-ਬੂਟ ਧਾਰਨ ਕਰਕੇ ਤੇ ਇੱਕ ਆਧੁਨਿਕ ਪਹਿਰਾਵੇ ਮਾਤਰ ਨਾਲ ਹੀ ਵਿਅਕਤੀ ਦਾ ਪੜ੍ਹਿਆ-ਲਿਖਿਆ ਸਾਬਤ ਨਹੀਂ ਹੋ ਸਕਦਾ ਬਲਕਿ ਉਸ ਅੰਦਰਲੇ ਮਾਨਸਿਕ ਵਿਚਾਰ ਵੀ ਵਿੱਦਅਿਕ ਚਾਨਣ ਨਾਲ ਰੁਸ਼ਨਾਏ ਹੋਏ ਨਜਰੀਂ ਆਉਣੇ ਅਤਿ ਜ਼ਰੂਰੀ ਹਨ। ਇੱਕ ਗਿਆਨ-ਵਾਨ ਵਿਅਕਤੀ ਬਣ ਕੇ ਤੇ ਉਸ ਗਿਆਨ ਨੂੰ ਆਪਣੇ ਆਸ-ਪਾਸ ਦੇ ਵਿਅਕਤੀਆਂ ਵਿੱਚ ਫੈਲਾਅ ਕੇ ਆਲਾ-ਦੁਆਲਾ ਜਗ-ਮਗਾ ਦੇਣਾ ਤਾਂ ਹੋਰ ਵੀ ਚੰਗੀ ਗੱਲ ਹੈ। ਜ਼ਿੰਦਗੀ

ਦੀ ਮੁਹਾਰਨੀ ਪੜ੍ਹਨ ਅਤੇ ਪੜ੍ਹਾਉਣ ਵਾਲੀ ਸਮਾਜ ਦੀ ਇਹ ਸਿਰਜਣਾਤਮਿਕ ਜਮਾਤ ਅਸਲ ਵਿੱਚ ਦੇਸ਼ ਦੇ ਕਲਾਤਮਿਕ ਵਿਅਕਤੀਤਵ ਦਾ ਮਾਡਲ ਹਨ। ਜੇਕਰ ਇੱਕ ਘੁਮਿਆਰ ਆਪਣੇ ਹੱਥਾਂ ਦੀ ਛੋਹ ਦੇ ਕੇ ਮਿੱਟੀ ਤੋਂ ਬਰਤਨਾਂ ਦੇ ਰੂਪ ਸਿਰਜਣ ਦਾ ਸਮਰੱਥਾ ਰੱਖਦਾ ਹੈ ਤਾਂ ਸਾਡੇ ਇਹ ਸਤਿਕਾਰਯੋਗ ਅਧਿਆਪਕ ਸਾਡੇ ਵਿਅਕਤੀਤਵ ਨੂੰ ਮਰੋੜ ਕੇ ਨਿਖਾਰਨ ਲਈ ਉਤਾਵਲੇ ਰਹਿੰਦੇ ਹਨ। ਸਾਡੇ ਗੁਣਾਂ ਨੂੰ ਉਭਾਰ ਕੇ ਉਹ ਸਾਡੇ ਵਿਚਲੀਆਂ ਚੰਗਿਆਈਆਂ ਨੂੰ ਲੋਕਾਈ ਦੇ ਸਾਹਮਣੇ ਰੱਖ ਕੇ ਸਾਨੂੰ ਸਾਡੀ ਮੰਜਿਲ ਦੀ ਪ੍ਰਾਪਤੀ ਵਾਲੇ ਸਿੱਧੇ ਰਸਤੇ ਉੱਪਰ ਪਾ ਦਿੰਦੇ ਹਨ। ਅੱਗੇ ਚੱਲਣਾ ਜਾਂ ਨਾ ਚੱਲਣਾ ਸਾਡੇ ਆਪਣੇ ਵੱਸ ਹੈ। ਭਾਈ ਸਾਹਿਬ ਇਹ ਕਹਿੰਦੇ ਸਨ ਕਿ ਜੀਵਨ ਵਿੱਚ ਜੇਕਰ ਅਵਸਰ ਮਿਲਿਆ ਤਾਂ ਉਹ ਖ਼ਾਲਸਾ ਕਾਲਜ ਅਤੇ ਪ੍ਰੋ: ਸਾਹਿਬਾਨ ਬਾਰੇ ਆਪਣੇ ਵਿਚਾਰ ਜਰੂਰ ਲਿਖਣਗੇ ਪਰ ਬੇਦਰਦੇ ਵਕਤ ਨੇ ਉਹਨਾਂ ਦੀ ਖਵਾਹਿਸ਼ ਵੀ ਪੂਰੀ ਨਾ ਹੋਣ ਦਿੱਤੀ।

(ਭਾਈ) ਅਮਰੀਕ ਸਿੰਘ ਆਪਣੀ ਮਾਤ-ਭਾਸ਼ਾ ਤੇ ਬੋਲੀ ਪੰਜਾਬੀ ਨਾਲ ਕਿਤਨਾ ਲਗਾਅ ਰੱਖਦੇ ਸਨ ਇਸ ਗੱਲ ਦਾ ਅੰਦਾਜਾ ਇੱਥੋ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਉਹ ਪੰਜਾਬੀ ਦੇ ਹੀ ਉੱਚ-ਕੋਟੀ ਦੇ ਪ੍ਰੋਫੈਸਰ ਅਤੇ ਖੋਜਕਾਰ ਬਣਨ ਦੀ ਇੱਛਾ ਰੱਖਦੇ ਸਨ। ਉਹਨਾਂ ਨੂੰ ਪੰਜਾਬੀ ਸਾਹਿਤ ਵਿੱਚ ਰੁਚੀ ਹੋਣ ਦੇ ਨਾਲ-ਨਾਲ ਉਹ ਗੁਰਮਤਿ ਸਬੰਧੀ ਲਿਟਰੇਚਰ ਵਿੱਚ ਵੀ ਡੁੱਬੇ ਰਹਿੰਦੇ ਸਨ। ਕਾਲਜ ਦੀ ਲਾਇਬਰੇਰੀ ਵਿੱਚ ਰੋਜਾਨਾਂ ਜਾ ਕੇ ਪ੍ਰਸਿੱਧ ਲੇਖਕਾਂ ਦੀਆਂ ਰਚਨਾਵਾਂ ਵਿੱਚ ਖੁੱਭ ਜਾਣਾ ਉਹਨਾਂ ਦਾ ਨੇਮ ਬਣ ਚੁੱਕਾ ਸੀ। ਖਾਲੀ ਪੀਰੀਅਡ ਦੌਰਾਨ ਉਹਨਾ ਨੂੰ ਕੇਵਲ ਲਾਇਬਰੇਰੀ ਵਿੱਚ ਹੀ ਲੱਭਿਆ ਜਾ ਸਕਦਾ। ਜੇ ਕਦੇ ਕੋਈ ਕਿਤਾਬ ਜਲਦੀ ਖ਼ਤਮ ਕਰਨੀ ਹੁੰਦੀ ਤਾਂ ਉਸਨੂੰ ਕਮਰੇ ਵਿੱਚ ਲੈ ਆਉਂਦੇ ਸਨ। ਭਾਈ ਸਾਹਿਬ ਕਿਤਾਬਾਂ ਦੀ ਬਹੁਤ ਇੱਜਤ ਕਰਦੇ ਸਨ। ਕਦੇ ਜੂਠੇ ਹੱਥਾਂ ਨਾਲ ਕਿਤਾਬ ਨਹੀਂ ਫੜਦੇ ਸਨ। ਉਹ ਕਿਤਾਬਾਂ ਨੂੰ ਏਨਾ ਸੰਭਾਲਦੇ ਕਿ ਉਸਦੇ ਪਹਿਲੇ ਪੰਨੇ ਉੱਪਰ ਕੇਵਲ ਅਮਰੀਕ ਸਿੰਘ ਤੇ ਖ਼ਾਲਸਾ ਕਾਲਜ ਤੋਂ ਲਿਖਣ ਤੋਂ ਸਿਵਾਏ ਸਾਰੀ ਕਿਤਾਬ ਉੱਤੇ ਕੋਈ ਝਰੀਟ ਨਾ ਆਉਣ ਦਿੰਦੇ। ਪਿਛਲੀ ਪੜ੍ਹ ਚੁੱਕੇ ਜਮਾਤ ਦੀਆਂ ਭਰੀਆਂ ਹੋਈਆਂ ਕਾਪੀਆਂ ਅਤੇ ਰਜਿਸਟਰ ਉਹ ਬੈਗ ਵਿੱਚ ਪਾ ਕੇ ਪਿੰਡ ਭੇਜ ਦਿੰਦੇ ਤੇ ਜਦ ਵੀ ਛੁੱਟੀਆਂ ਵਿੱਚ ਘਰ ਆਉਂਦੇ ਤਾਂ ਉਹਨਾਂ ਦੀ ਸਫ਼ਾਈ ਚੇਤੇ ਨਾਲ ਕਰਦੇ ਸਨ। ਸਾਰੀਆਂ ਪੁਰਾਣੀਆਂ ਕਿਤਾਬਾਂ ਉਹ ਇੱਕ ਟਰੰਕ ਵਿੱਚ ਪਾ ਕੇ ਰੱਖਦੇ ਸਨ ਜਿਸਨੂੰ ਉਹ ਜਮੀਨ ਤੋਂ ਕੁਝ ਉੱਚਾ ਹੀ ਰੱਖਣ ਦਾ ਯਤਨ ਕਰਦੇ। ਮਾਤਾ ਜੀ ਦੇ ਮੁਤਾਬਿਕ ਉਹਨਾਂ ਦੀਆਂ ਕਿਤਾਬਾਂ ਵਾਲਾ ਟਰੰਕ ਹਮੇਸ਼ਾ ਉਹਨਾਂ ਦੇ ਲੱਕੜੀ ਦੇ ਬਣੇ ਹੋਏ ਸੰਦੂਕ ਉੱਪਰ ਹੀ ਪਿਆ ਹੁੰਦਾ ਸੀ। ਕਿਤਾਬਾਂ ਦੀ ਅਜਿਹੀ ਸਾਂਭ-ਸੰਭਾਲ ਦੀ ਸਦਕਾ ਉਹਨਾਂ ਦਾ ਉਹ ਖ਼ਜਾਨਾ ਅੱਜ ਵੀ ਘਰ ਵਿੱਚ

ਮੌਜੂਦ ਹੈ ਜਿਸ ਵਿੱਚੋਂ ਸਾਨੂੰ ਕਾਲਜ ਦੀ ਤਕਰੀਬਨ ਹਰੇਕ ਕਲਾਸ (ਜਿਹੜੀ ਭਾਈ ਸਾਹਿਬ ਨੇ ਪਾਸ ਕੀਤੀ) ਦੀਆਂ ਕਿਤਾਬਾਂ ਮਿਲ ਜਾਂਦੀਆਂ ਹਨ। ਏਨਾ ਹੀ ਨਹੀਂ ਉਹਨਾਂ ਦੇ ਕਿਤਾਬਾਂ ਦੇ ਟਰੰਕ ਵਿੱਚੋ ਅਸੀਂ ਉਹਨਾਂ ਦੀਆਂ ਭਰੀਆਂ ਹੋਈਆਂ ਰਫ਼ ਕਾਪੀਆਂ ਅਤੇ ਸਾਫ਼ ਪੇਪਰਾਂ ਉੱਪਰ ਲਿਖੇ ਗਏ ਨੋਟ (Notes) ਵੀ ਵੇਖ ਸਕਦੇ ਹਾਂ। ਪੁਸਤਕਾਂ ਦੇ ਭੰਡਾਰ ਵਿੱਚ ਪੰਜਾਬੀ ਭਾਸ਼ਾ ਨਾਲ ਸਬੰਧਿਤ ਵਿਸ਼ਿਆਂ ਤੋਂ ਇਲਾਵਾ ਕਈ ਪ੍ਰਸਿੱਧ ਵਿਦੇਸ਼ੀ ਲੇਖਕਾਂ ਦੀਆਂ ਪੁਸਤਕਾਂ ਵੀ ਹਨ ਜਿਨ੍ਹਾਂ ਵਿੱਚ ਟਾਲਸਟਾਏ, ਵਿਲੀਅਮ ਸ਼ੇਕਸਪੀਅਰ ਅਤੇ ਕਈ ਹੋਰ ਰੂਸੀ ਲੇਖਕਾਂ ਦੀਆਂ ਪੰਜਾਬੀ ਅਨੁਵਾਦ ਅਤੇ ਅੰਗਰੇਜੀ ਵਿੱਚ ਪੁਸਤਕਾ ਸ਼ਾਮਿਲ ਹਨ। ਇੱਥੋਂ ਸਾਨੂੰ (ਭਾਈ) ਅਮਰੀਕ ਸਿੰਘ ਦੀ ਸਾਹਿਤਿਕ ਰੂਚੀ ਦਾ ਭਲੀ ਪ੍ਰਕਾਰ ਪਤਾ ਲੱਗਦਾ ਹੈ। ਇਨ੍ਹਾਂ ਵਿੱਚੋਂ ਕੁਝ ਕਿਤਾਬਾਂ ਦੇ ਪੰਨੇ ਭਾਵੇਂ ਵਕਤ ਨਾਲ ਪੀਲੇ ਪੈ ਚੁੱਕੇ ਹਨ ਪਰ ਉਹਨਾਂ ਦਾ ਇਹ ਅਨਮੋਲ ਖ਼ਜਾਨਾ ਹਾਲੇ ਵੀ ਉਹਨਾਂ ਦੀ ਪਤਨੀ ਬੀਬੀ ਹਰਮੀਤ ਕੌਰ ਜੀ ਦੀ ਦੇਖ-ਰੇਖ ਵਿੱਚ ਉਹਨਾਂ ਦੀ ਇੱਕ ਕੀਮਤੀ ਨਿਸ਼ਾਨੀ ਵਜੋਂ ਸੰਭਾਲਿਆ ਪਿਆ ਹੈ, ਜਿਸ ਵਿੱਚ ਭਾਈ ਸਾਹਿਬ ਦੀ ਹੱਥ ਲਿਖ਼ਤ ਇੱਕ ਡਾਇਰੀ ਅਤੇ ਖ਼ਾਲਸਾ ਕਾਲਜ ਦਾ ਲਾਇਬਰੇਰੀ ਕਾਰਡ ਵੀ ਸ਼ਾਮਿਲ ਹੈ। ਭਾਈ ਅਮਰੀਕ ਸਿੰਘ ਹੱਥ ਲਿਖਤ ਡਾਇਰੀ ਵਿੱਚ ਉਹਨਾਂ ਦੇ ਕੁਝ ਸਬੰਧੀਆਂ ਅਤੇ ਦੋਸਤਾਂ-ਮਿੱਤਰਾਂ ਤੋਂ ਇਲਾਵਾ ਹੋਰ ਲੋਕਲ ਵਿਅਕਤੀਆਂ (ਅੰਮ੍ਰਿਤਸਰ ਨਿਵਾਸੀਆਂ) ਦੇ ਐਡਰੈੱਸ ਹਨ। ਤਕਰੀਬਨ ਹਰ ਤਿੰਨ-ਚਾਰ ਪੰਨਿਆਂ ਤੋਂ ਬਾਅਦ ਸਾਨੂੰ ਗੁਰਬਾਣੀ ਦੀ ਕੋਈ ਨਾ ਕੋਈ ਪੰਕਤੀ ਜਰੂਰ ਮਿਲ ਜਾਂਦੀ ਹੈ। ਇੱਕ ਹੁਕਮਨਾਮੇ ਦੀ ਵਿਚਾਰ ਵੀ ਅਰਥਾਂ ਸਮੇਤ ਡਾਇਰੀ ਵਿੱਚ ਦਰਜ ਹੈ। (ਭਾਈ) ਅਮਰੀਕ ਸਿੰਘ ਦੀ ਲਿਖਾਈ ਆਪਣੇ ਪਿਤਾ ਜੀ ਵਾਂਗ ਬਹੁਤੀ ਸਾਫ਼-ਸੁਥਰੀ ਨਹੀਂ ਸੀ ਬਲਕਿ ਮੈਚਿਉਰ ਰਾਈਟਿੰਗ ਕਹਿ ਲਈਏ ਤਾਂ ਠੀਕ ਰਹੇਗਾ। ਕੁਝ ਕੁ ਗਾਲਿਬ ਦੀਆਂ ਸ਼ਾਇਰੀ ਪੰਕਤੀਆਂ ਡਾਇਰੀ ਵਿੱਚ ਵਾਰ-ਵਾਰ ਦੁਹਰਾਈਆਂ ਗਈਆਂ ਹਨ। ਕੁਝ ਕੁ ਪੰਕਤੀਆਂ ਤਾਂ ਜਿਵੇਂ ਗਾਲਿਬ ਨੇ ਉਹਨਾਂ ਲਈ ਹੀ ਲਿਖੀਆਂ ਹੋਣ ਜਿਵੇਂ -

"ਹਮੇਂ ਬੀ ਯਾਦ ਰਖਨਾ ਜਬ ਲਿਖੋ ਤਾਰੀਖ਼ ਗੁਲਸ਼ਨ ਕੀ,
ਕਿ ਹਮਨੇ ਬੀ ਲੁਟਾਇਆ ਹੈ, ਚਮਨ ਮੇਂ ਆਸ਼ੀਆਂ ਅਪਨਾ।"

ਇਸ ਤੋਂ ਇਲਾਵਾ (ਭਾਈ) ਅਮਰੀਕ ਸਿੰਘ ਪੰਜਾਬੀ ਇਤਿਹਾਸ ਪੜ੍ਹਨ ਵਿੱਚ ਵੀ ਡੂੰਘੀ ਦਿਲਚਸਪੀ ਲੈਂਦੇ ਸਨ। ਉਹ ਕਾਮਾਗਾਟਾਮਾਰੂ, ਭਗਤ ਸਿੰਘ ਦੀ ਜੀਵਨੀ, ਗਦਰੀ ਬਾਬੇ, ਹਿੰਦੁਸਤਾਨ ਦੀ ਆਜ਼ਾਦੀ ਦੀ ਲੜਾਈ ਅਤੇ ਪ੍ਰਸਿੱਧ ਕ੍ਰਾਂਤੀਆਂ ਤੋਂ ਇਲਾਵਾ ਵਿਸ਼ਵ ਪੱਧਰੀ ਸਮੱਸਿਆਵਾਂ ਬਾਰੇ ਵੀ ਵੱਖ-ਵੱਖ ਲੇਖਕਾਂ ਦੇ ਵਿਚਾਰ ਪੜ੍ਹਦੇ ਰਹਿੰਦੇ ਸਨ। ਇਸਤੋਂ ਇਲਾਵਾ ਉਹਨਾਂ ਦੀਆਂ ਪੁਸਤਕਾਂ ਵਿੱਚ ਇਸਾਈ ਮੱਤ ਦੀ ਉਤਪਤੀ ਅਤੇ ਇਸਦੇ ਇਤਿਹਾਸਕ ਪਿਛੋਕੜ ਤੋਂ ਇਲਾਵਾ ਰਾਧਾ ਸਵਾਮੀ (ਬਿਆਸ)

ਦਾ ਇਤਿਹਾਸ ਵੀ ਸ਼ਾਮਿਲ ਹੈ। ਕਿਤਾਬਾਂ ਰੂਪੀ ਸਿੱਪੀਆਂ ਵਿੱਚ ਛਿਪੇ ਹੋਏ ਗਿਆਨ ਦੇ ਮੋਤੀ ਲੱਭਦਿਆਂ-ਲੱਭਦਿਆਂ ਅਕਸਰ ਹੀ (ਭਾਈ) ਅਮਰੀਕ ਸਿੰਘ ਕਿਹਾ ਕਰਦੇ ਸਨ ਕਿ, 'ਮਹਾਨ ਵਿਦਵਾਨਾਂ ਨੇ ਦਿਨ-ਰਾਤ ਮਿਹਨਤ ਕਰਕੇ ਆਪਣੀ ਸੋਚ ਦਾ ਨਿਚੋੜ ਇਹਨਾਂ ਕਿਤਾਬਾਂ ਵਿੱਚ ਭਰਿਆ ਹੈ ਤਾਂ ਕਿ ਅਸੀਂ ਇਹਨਾਂ ਨੂੰ ਵਿਚਾਰ ਕਰਕੇ ਜੀਵਨ ਵਿੱਚ ਲਾਭ ਪ੍ਰਾਪਤ ਕਰ ਸਕੀਏ। ਸਾਡੇ ਕੋਲ ਯੂਨੀਵਰਸਿਟੀ ਦੀ ਲਾਇਬਰੇਰੀ ਵਿੱਚ ਏਨੀ ਕੀਮਤੀ ਤੇ ਦੁਰਲੱਭ ਜਾਣਕਾਰੀ ਹੋਣ ਦੇ ਬਾਵਜੂਦ ਵੀ ਅਸੀਂ ਉਸ ਤੋਂ ਕੁਝ ਵੀ ਲਾਭ ਪ੍ਰਾਪਤ ਨਾ ਕਰੀਏ ਤਾਂ ਸਾਡਾ ਏਥੇ ਕਾਲਜਾਂ ਵਿੱਚ ਪੜ੍ਹਨ ਦਾ ਕੋਈ ਅਰਥ ਨਹੀਂ।'

ਉਹਨਾਂ ਦੇ ਇਹਨਾਂ ਵਿਚਾਰਾਂ ਦੀ ਪੁਸ਼ਟੀ ਕਰਦਿਆਂ ਲਾਲਾ ਹਰਦਿਆਲ ਦੀਆਂ ਇਹ ਸਤਰਾਂ ਉਹਨਾਂ ਦੀ ਡਾਇਰੀ ਦੇ ਪਹਿਲੇ ਪੰਨੇ ਤੇ ਅੰਕਿਤ ਹਨ '-

To follow knowledge like a sinking star, beyond the outmost bound of human thought. Perhaps, beyond that outmost bound is more knowledge and more and more and more.

As losing says, 'the aim of knowledge is Truth and Truth is a need of the soul.'

ਗਿਆਨ ਜ਼ਿੰਦਗੀ ਦੀ ਇਬਾਦਤ ਹੈ, ਇੱਕ ਤੋਹਫ਼ਾ ਹੈ ਜਿਸਦਾ ਕੋਈ ਦੂਸਰਾ ਬਦਲਾਓ ਨਹੀਂ। ਗਿਆਨ ਹੀ ਸੱਚੀ ਰੋਸ਼ਨੀ ਹੈ, ਗਿਆਨ ਹੈ ਤਾਂ ਸਭ ਕੁਝ ਹੈ, ਅਗਿਆਨਤਾ ਵਿੱਚ ਕੇਵਲ ਹਨੇਰਾ ਹੈ। ਮੁੱਕਦੀ ਗੱਲ ਗਿਆਨ ਹਕੀਕਤ ਹੈ।

ਸਪੱਸ਼ਟ ਹੈ ਕਿ ਖ਼ਾਲਸਾ ਕਾਲਜ ਦੇ ਵਿੱਦਿਅਕ ਕਾਲ ਦੌਰਾਨ (ਭਾਈ) ਅਮਰੀਕ ਸਿੰਘ ਚਾਨਣ ਦੇ ਪਾਂਧੀ ਬਣ ਰਹੇ ਸਨ। ਉਹਨਾਂ ਦਾ ਹਰ ਕਦਮ ਉਜਾਲਿਆਂ ਦੀ ਭਾਲ ਵਿੱਚ ਉੱਠਦਾ ਅਤੇ ਮੰਜਿਲ ਵੱਲ ਵੱਧਦਾ ਜਾਂਦਾ ਸੀ। ਖ਼ਿਆਲਾਂ ਵਿੱਚ ਉਸਾਰੀ ਹੋਈ ਮੰਜਿਲ ਸਾਹਮਣੇ ਸੀ ਪਰ ਜ਼ਿੰਦਗੀ ਦੀ ਹਕੀਕਤ ਕੁਝ ਹੋਰ ਹੀ ਬਿਆਨ ਕਰ ਰਹੀ ਸੀ -

'ਕਬੀ ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ।
ਕਿਸੀ ਕੋ ਜਮੀਂ ਔਰ ਕਿਸੀ ਕੋ ਆਸਮਾਂ ਨਹੀਂ ਮਿਲਤਾ।'

(ਭਾਈ) ਅਮਰੀਕ ਸਿੰਘ ਨੇ ਆਪਣੀ ਡਾਇਰੀ ਵਿੱਚ ਅੰਕਿਤ ਲੇਖਾਂ ਵਿੱਚ ਭਾਰਤ ਤੋਂ ਇਲਾਵਾ ਵਿਸ਼ਵ ਪੱਧਰ ਤੇ ਘੱਟ ਗਿਣਤੀਆਂ ਦੀਆਂ ਸਮੱਸਿਆਵਾਂ ਬਾਰੇ ਵੀ ਖੁੱਲ੍ਹਾ-ਖਲਾਸਾ ਵਰਣਨ ਕੀਤਾ ਹੈ। ਕਾਮਾਗਾਟਾਮਾਰੂ ਇਤਿਹਾਸ ਨੂੰ ਉਹ ਅੰਦਰੋਂ (ਦਿਲੋਂ) ਪੜ੍ਹਦੇ ਸਨ। ਸ਼ਹੀਦ ਭਗਤ ਸਿੰਘ ਜੀ ਦੀ ਸ਼ਹਾਦਤ ਦਾ ਵੀ ਦਿਲੀ ਸਤਿਕਾਰ ਕਰਦੇ ਸਨ। ਪੰਜਾਬ ਦੀ ਧਰਤੀ ਬਾਰੇ (ਭਾਈ) ਅਮਰੀਕ ਸਿੰਘ ਨੇ ਬੜਾ ਹੀ ਸਪੱਸ਼ਟ

ਲਿਖਿਆ ਹੈ ਕਿ, 'ਪੰਜਾਬ ਵੱਸਦਾ ਗੁਰਾਂ ਦੇ ਨਾਂ ਤੇ।'

ਇਸ ਤੱਥ ਨਾਲ ਪੂਰੀ-ਪੂਰੀ ਸਹਿਮਤੀ ਪ੍ਰਗਟ ਕਰਦੇ ਹੋਏ ਉਹ ਕਹਿੰਦੇ ਹਨ ਕਿ, 'ਪੰਜਾਬ ਵਿਚਲੀ ਜਾਗ੍ਰਿਤੀ ਅਤੇ ਆਪਣੇ-ਪਨ ਦੀ ਧਾਰਨਾ ਸਿੱਖ ਗੁਰੂਆਂ ਦੀ ਹੀ ਦੇਣ ਹੈ, ਜਿਨ੍ਹਾਂ ਨੇ ਵਾਰੋ-ਵਾਰੀ ਪੰਜਾਬ ਵਿੱਚ ਆ ਕੇ ਇਸਦੇ ਚੱਪੇ-ਚੱਪੇ ਨੂੰ ਰਬਾਬ ਦੀਆਂ ਦਿਲ ਟੁੰਬਵੀਆਂ ਧੁਨਾਂ ਨਾਲ ਮੰਤਰ-ਮੁਗਧ ਕਰਕੇ 'ਘਰ-ਘਰ ਅੰਦਰ ਧਰਮਸਾਲ' ਕਾਇਮ ਕਰਕੇ ਪੰਜਾਬੀਆਂ ਵਿੱਚ ਨਾਮ-ਜਪਣ, ਕਿਰਤ ਕਰਨ ਅਤੇ ਵੰਡ ਛਕਣ ਵਰਗੀ ਮਾਨਵੀ ਪਿਰਤ ਪਾਈ। ਪੰਜਾਬੀਆਂ ਨੇ ਕਿਰਤ ਕਰਕੇ ਇਸ ਧਰਤੀ ਨੂੰ ਦੱਬ ਵਾਹਿਆ ਤੇ ਹਰੀ ਕ੍ਰਾਂਤੀ ਲਿਆ ਕੇ ਪੰਜਾਬ ਨੂੰ ਵਿਸ਼ਵ ਦੇ ਚੁਣਵੇਂ ਅੰਨ-ਉਪਜਾਊ ਖੇਤਰਾਂ ਵਿੱਚ ਲਿਆ ਖੜਾ ਕੀਤਾ। ਇਹ ਪੰਜਾਬੀ ਹੀ ਹਨ ਜਿਹਨਾਂ ਨੇ ਵਿਸ਼ਵ ਦੇ ਕੋਨੇ-ਕੋਨੇ ਵਿੱਚ ਜਾ ਕੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਦੀਆਂ ਗੂੰਜਾਂ ਫੈਲਾਈਆਂ।' ਸੋ ਪੰਜਾਬ ਬਾਰੇ (ਭਾਈ) ਅਮਰੀਕ ਸਿੰਘ ਦੇ ਵਿਚਾਰ ਬੜੇ ਸਪੱਸ਼ਟ ਸਨ।

ਖ਼ਾਲਸਾ ਕਾਲਜ ਵਿੱਚ (ਭਾਈ) ਅਮਰੀਕ ਸਿੰਘ ਦੀ ਸਲੀਕੇ ਨਾਲ ਬੰਨੀ ਹੋਈ ਪੋਚਵੀਂ ਪੱਗ, ਪਤਲਾ ਗੋਰਾ ਚਿਹਰਾ ਉਹਨਾਂ ਦੀ ਦਿੱਖ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦਾ ਸੀ। ਕਾਲਜ ਤੋਂ ਵਿਹਲੇ ਹੋ ਕੇ ਗੁਰਦੁਆਰਾ ਸਾਹਿਬ ਦੇ ਕਮਰੇ ਵਿੱਚ ਆ ਕੇ ਉਹ ਗੋਲ ਗਲੇ ਵਾਲਾ ਕੁੜਤਾ ਪਜਾਮਾ ਤੇ ਸਿਰ ਉੱਪਰ ਕੇਸਰੀ ਜਾਂ ਨੀਲੇ ਰੰਗ ਦਾ ਪਰਨਾ ਬੰਨ੍ਹ ਲੈਂਦੇ ਸਨ। ਉਹਨਾਂ ਦੀ ਦਿੱਖ ਖਿੱਚ ਭਰਪੂਰ ਸੀ ਤੇ ਛੇਤੀ ਹੀ ਆਪਣੀ ਸੂਝ-ਬੂਝ ਦਾ ਸਦਕਾ ਉਹ ਆਪਣੇ ਸਹਿਪਾਠੀ ਵਿਦਿਆਰਥੀਆਂ ਤੇ ਪ੍ਰੋਫੈਸਰ ਸਾਹਿਬਾਨ ਵਿੱਚ ਹਰਮਨ ਪਿਆਰੇ ਹੋ ਗਏ। ਵਕਤ ਆਪਣੀ ਮਸਤੀ ਵਿੱਚ ਤੁਰ ਰਿਹਾ ਸੀ।

ਇੱਕ ਦਿਨ (ਸੰਤ) ਭਾਈ ਜਰਨੈਲ ਸਿੰਘ ਜੀ ਅਚਾਨਕ ਭਾਈ ਸਾਹਿਬ ਨੂੰ ਮਿਲਣ ਉਹਨਾਂ ਦੇ ਕਮਰੇ ਵਿੱਚ ਆਏ। (ਸੰਤ) ਭਾਈ ਜਰਨੈਲ ਸਿੰਘ ਜੀ ਦੇ ਹੱਥ ਵਿੱਚ ਦੋ ਕਿੱਲੋ ਦੇਸੀ ਘਿਓ ਵਾਲਾ ਡੱਬਾ ਸੀ ਜਿਸ ਵਿੱਚ ਉਹ (ਭਾਈ) ਅਮਰੀਕ ਸਿੰਘ ਲਈ ਦੇਸੀ ਘਿਓ ਨਾਲ ਗਿਰੀਆਂ ਬਦਾਮ ਪਾ ਕੇ ਬਣਾਈ ਹੋਈ ਪੰਜੀਰੀ, ਜਿਹੜੀ ਕਿ ਉਹ ਪਿੰਡ ਰੋਡੇ ਤੋਂ ਬਣਵਾ ਕੇ ਲਿਆਏ ਸਨ। ਗੁਰ ਫਤਹਿ ਬੁਲਾਉਣ ਤੋਂ ਬਾਅਦ (ਸੰਤ) ਭਾਈ ਜਰਨੈਲ ਸਿੰਘ ਜੀ ਨੇ ਆਪਣੇ ਆਉਣ ਦਾ ਮਕਸਦ ਦੱਸਦਿਆਂ ਹੋਇਆ (ਭਾਈ) ਅਮਰੀਕ ਸਿੰਘ ਨੂੰ ਕਿਹਾ, 'ਪਰਸੋਂ ਹੀ ਮੈਂ ਸੰਤਾਂ ਪਾਸੋਂ ਮਹਿਤਾ ਸਾਹਿਬ ਤੋਂ ਛੁੱਟੀ ਲੈ ਕੇ ਰੋਡੀਂ ਗਿਆ ਸੀ, ਆਹ ਤੇਰੇ ਲਈ ਖਾਣ ਨੂੰ ਪੰਜੀਰੀ ਲਿਆਂਦੀ ਹੈ, ਬਾਕੀ ਸੰਤ ਜੀ ਅਤੇ ਸਾਰਾ ਜੱਥਾ ਚੜ੍ਹਦੀ ਕਲਾ ਵਿੱਚ ਹੈ, ਸੇਵਾ ਤੇ ਸਿਮਰਨ ਨਾਲੋ-ਨਾਲ ਚੱਲ ਰਿਹਾ ਹੈ। ਮਹਾਂਪੁਰਖਾਂ ਨੇ ਉਚੇਚੇ ਤੌਰ ਤੇ ਮੈਨੂੰ ਤੇਰੇ ਪਾਸ ਇਸ ਲਈ ਭੇਜਿਆ ਹੈ ਕਿਉਂਕਿ ਪਿੰਡ ਭੂਰਾ ਕੋਹਨਾਂ ਵਿੱਚ ਹੋਣ ਵਾਲਾ ਜੱਥੇ ਦਾ ਸਲਾਨਾ ਪ੍ਰੋਗਰਾਮ ਬਣਾਉਣਾ ਹੈ। ਸੰਤ ਚਾਹੁੰਦੇ ਹਨ ਕਿ ਤੁਸੀਂ ਉੱਥੇ ਜਾਓ ਤੇ ਜਾ ਕੇ ਘਰ ਤੇ

ਪਿੰਡ ਦੇ ਦੂਸਰੇ ਮੁਹਤਬਰ ਸਿੰਘਾਂ ਨਾਲ ਸਲਾਹ ਕਰਕੇ ਛੇਤੀ ਹੀ ਪ੍ਰੋਗਰਾਮ ਦੇ ਦਿਨ ਨਿਸ਼ਚਿਤ ਕਰੋ। ਇਸ ਪ੍ਰਬੰਧ ਦੀ ਜਿੰਮੇਵਾਰੀ ਤੁਹਾਡੀ ਹੀ ਹੋਵੇਗੀ।'

ਉੱਤਰ ਦੀ ਉਡੀਕ ਵਿੱਚ (ਸੰਤ) ਭਾਈ ਜਰਨੈਲ ਸਿੰਘ ਜੀ (ਭਾਈ) ਅਮਰੀਕ ਸਿੰਘ ਵੱਲ ਵੇਖਣ ਲੱਗ ਪਏ। ਦੋ ਕੁ ਪਲ ਖ਼ਾਮੋਸ਼ ਰਹਿਣ ਤੋਂ ਬਾਅਦ (ਭਾਈ) ਅਮਰੀਕ ਸਿੰਘ ਨੇ ਕਿਹਾ, 'ਸਤਿ ਬਚਨ, ਮੈਂ ਪਰਸੋਂ ਹੀ ਪਿੰਡ ਜਾ ਕੇ ਸਾਰੇ ਪ੍ਰੋਗਰਾਮ ਦੀ ਤਿਆਰੀ ਕਰਦਾ ਹਾਂ, ਅਗਲੇ ਹਫ਼ਤੇ ਦਾ ਹੀ ਪ੍ਰੋਗਰਾਮ ਨਿਸ਼ਚਿਤ ਕਰ ਦਿੰਦੇ ਹਾਂ, ਤਾਂ ਕਿ ਕਾਲਜ ਦੀਆਂ ਬਹੁਤੀਆਂ ਗੈਰ-ਹਾਜਰੀਆਂ ਵੀ ਨਾ ਹੋਣ ਤੇ ਸੇਵਾ ਵਿੱਚ ਹਿੱਸਾ ਵੀ ਪਾ ਲਿਆ ਜਾਵੇ।'

ਇੱਥੇ ਇਹ ਵਰਣਨਯੋਗ ਹੈ ਕਿ ਭਾਈ (ਸੰਤ) ਜਰਨੈਲ ਸਿੰਘ ਜੀ ਅਤੇ (ਭਾਈ) ਅਮਰੀਕ ਸਿੰਘ ਵਿੱਚ ਕਾਫ਼ੀ ਡੂੰਘੇ ਸਬੰਧ ਬਣ ਸਨ। ਦੋਵੇਂ ਇੱਕ ਦੂਜੇ ਨਾਲ ਦਿਲ ਦੀਆਂ ਗੱਲਾਂ ਫਰੋਲਣ ਲਈ ਤੱਤਪਰ ਰਹਿੰਦੇ ਸਨ ਤੇ (ਸੰਤ) ਭਾਈ ਜਰਨੈਲ ਸਿੰਘ ਗਾਹੇ-ਬਗਾਹੇ ਅੰਮ੍ਰਿਤਸਰ ਵਿਖੇ ਆ ਕੇ ਭਾਈ ਸਾਹਿਬ ਨੂੰ ਮਿਲਦੇ ਹੀ ਰਹਿੰਦੇ ਸਨ। ਜਦੋਂ ਵੀ ਉਹ ਭਾਈ ਸਾਹਿਬ ਨੂੰ ਮਿਲਣ ਲਈ ਆਉਂਦੇ ਤਾਂ ਘਰੋਂ ਖਾਣ ਲਈ ਕੁਝ ਨਾ ਕੁਝ ਜਰੂਰ ਬਣਵਾ ਕੇ ਲਿਆਉਂਦੇ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਗੁਰਪੁਰੀ ਪਿਆਨਾ ਕਰਨ ਤੋਂ ਬਾਅਦ (ਭਾਈ) ਅਮਰੀਕ ਸਿੰਘ ਦੇ ਵਿਚੋਲੇ ਦੀ ਜਿੰਮੇਵਾਰੀ ਵੀ (ਸੰਤ) ਭਾਈ ਜਰਨੈਲ ਸਿੰਘ ਜੀ ਨੇ ਹੀ ਅਦਾ ਕੀਤੀ ਕਿਉਂਕਿ ਜੱਥੇ ਵਿੱਚ ਰਹਿਣ ਕਾਰਨ ਉਹ ਭਾਈ ਗੁਰਦੀਪ ਸਿੰਘ ਪਿੰਡ ਧੀਰਾ ਪੱਤਰਾ ਦੇ ਪਰਿਵਾਰ ਨੂੰ ਬੜੀ ਚੰਗੀ ਤਰ੍ਹਾਂ ਜਾਣਦੇ ਅਤੇ ਪ੍ਰੇਮ ਰੱਖਦੇ ਸਨ। ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੇ ਜਦ ਵੀ ਪਿੰਡ ਧੀਰਾ ਪੱਤਰਾ ਵਿਖੇ ਕੋਈ ਸੁਨੇਹਾ ਆਦਿਕ ਭੇਜਣਾ ਹੁੰਦਾ ਤਾਂ ਉਹ ਸਾਰੀ ਜਿੰਮੇਵਾਰੀ (ਸੰਤ) ਭਾਈ ਜਰਨੈਲ ਸਿੰਘ ਜੀ ਨੂੰ ਹੀ ਸੌਂਪ ਦਿੰਦੇ ਸਨ। (ਭਾਈ) ਅਮਰੀਕ ਸਿੰਘ ਨੇ ਦੋ ਕਾਗਜ ਦੇ ਵੱਡੇ-ਵੱਡੇ ਟੁਕੜਿਆਂ ਉੱਤੇ ਪੰਜੀਰੀ ਪਾ ਕੇ ਇੱਕ ਭਾਈ (ਸੰਤ) ਜਰਨੈਲੇ ਸਿੰਘ ਜੀ ਅਤੇ ਦੂਸਰਾ ਆਪਣੇ ਨਾਲ ਰਹਿੰਦੇ ਸਹਿਪਾਠੀ ਦੇ ਹੱਥਾਂ ਉੱਤੇ ਟਿਕਾ ਦਿੱਤੀ।

'ਲਓ ਹੁਣ ਪੰਜੀਰੀ ਛਕੋ', ਭਾਈ ਸਾਹਿਬ ਨੇ ਕਿਹਾ ਅਤੇ ਦੋ ਕੌਲ੍ਹਿਆਂ ਵਿੱਚ ਪਾਣੀ ਪਾ ਕੇ ਲਾਗੇ ਰੱਖ ਦਿੱਤਾ। ਫਿਰ ਆਪ ਵੀ ਪੰਜੀਰੀ ਖਾਧੀ ਅਤੇ ਭਰਜਾਈ (ਮਾਤਾ ਪ੍ਰੀਤਮ ਕੌਰ ਜੀ) ਦੀ ਬਣਾਈ ਹੋਈ ਪੰਜੀਰੀ ਦੀ ਪ੍ਰਸ਼ੰਸ਼ਾ ਕੀਤੀ। (ਭਾਈ) ਅਮਰੀਕ ਸਿੰਘ ਤੇ (ਸੰਤ) ਭਾਈ ਜਰਨੈਲ ਸਿੰਘ ਜੀ ਇੱਕ ਦੂਜੇ ਨੂੰ ਭਰਾ ਹੀ ਸਮਝਦੇ ਸਨ। ਆਪਣਾ ਵੱਡਾ ਭਰਾ ਸਮਝਦੇ ਹੋਏ (ਭਾਈ) ਅਮਰੀਕ ਸਿੰਘ ਉਹਨਾਂ ਦੀ ਧਰਮ ਸੁਪਤਨੀ ਬੀਬੀ ਪ੍ਰੀਤਮ ਕੌਰ ਜੀ ਨੂੰ ਭਾਬੀ ਜੀ ਕਹਿੰਦੇ ਸਨ। ਇਸ ਉਪਰੰਤ ਭਾਈ ਸਾਹਿਬ (ਸੰਤ) ਭਾਈ ਜਰਨੈਲ ਸਿੰਘ ਜੀ ਨੂੰ ਨਾਲ ਲੈ ਕੇ ਕਾਲਜ ਦਿਖਾਉਣ ਚਲੇ

ਗਏ। ਤੁਰਦਿਆਂ ਹੋਇਆਂ ਉਹ ਜੱਥੇ ਦੇ ਪ੍ਰੋਗਰਾਮ ਦੀਆਂ ਵਿਚਾਰਾਂ ਵਿੱਚ ਮਗਨ ਰਹੇ। ਸ਼ਾਮ ਨੂੰ ਪੈਦਲ ਹੀ ਦੋਵੇਂ ਸ੍ਰੀ ਦਰਬਾਰ ਸਾਹਿਬ ਪਹੁੰਚ ਗਏ। ਰਹਿਰਾਸ ਸਾਹਿਬ ਦੇ ਪਾਠ ਉਪਰੰਤ ਹੁਕਮਨਾਮੇ ਤੋਂ ਬਾਅਦ ਆਰਤੀ ਸਰਵਣ ਕੀਤੀ ਤੇ ਲੰਗਰ ਛਕ ਕੇ ਵਾਪਸ ਕਮਰੇ ਵਿੱਚ ਪਰਤ ਆਏ। (ਭਾਈ) ਅਮਰੀਕ ਸਿੰਘ ਆ ਕੇ ਕਿਤਾਬਾਂ ਵਿੱਚ ਗੁਆਚ ਗਏ ਤੇ ਲਾਗੇ ਬੈਠੇ (ਸੰਤ) ਭਾਈ ਜਰਨੈਲ ਸਿੰਘ ਜੀ ਅੱਖਾਂ ਬੰਦ ਕਰਕੇ ਰਹਿੰਦਾ ਹੋਇਆ ਨਿੱਤਨੇਮ ਕਰਨ ਲੱਗ ਪਏ। ਰਾਤ ਕਾਫ਼ੀ ਦੇਰ ਤੱਕ ਦੋਹਾਂ ਵਿਚਕਾਰ ਗੱਲਾਂ ਬਾਤਾਂ ਹੁੰਦੀਆਂ ਰਹੀਆਂ ਜਿਨ੍ਹਾਂ ਦਾ ਵਿਸ਼ਾ ਘਰੇਲੂ ਕੰਮਾਂ, ਸਮੱਸਿਆਵਾਂ, ਜੱਥੇ ਦੇ ਸਿੰਘਾਂ ਤੇ ਬਣ ਰਹੇ ਡੇਰੇ ਦੀ ਸੇਵਾ ਸੀ। ਇਸ ਤੋਂ ਇਲਾਵਾ ਗੁਰਮਤਿ ਰਹਿਤ ਮਰਿਆਦਾ ਸਬੰਧੀ ਵਿਚਾਰਾਂ ਹੁੰਦੀਆਂ ਸੀ। ਉਪਰੰਤ ਦੋਵਾਂ ਨੇ ਰਲ ਕੇ ਕੀਰਤਨ ਸੋਹਿਲਾ ਜੀ ਦਾ ਪਾਠ ਕੀਤਾ ਅਤੇ ਸੰਖੇਪ ਜਿਹੀ ਅਰਦਾਸ ਕਰਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਛੇਤੀ ਹੀ ਦੋਵੇਂ ਰੂਹਾਂ ਸੁਪਨਿਆਂ ਦੇ ਸੰਸਾਰ ਵਿੱਚ ਵਿਚਰ ਰਹੀਆਂ ਸਨ।

ਅਗਲੇ ਦਿਨ ਸਵੇਰੇ ਹੀ (ਸੰਤ) ਭਾਈ ਜਰਨੈਲ ਸਿੰਘ ਜੀ ਪਿੰਡ ਮਹਿਤਾ ਵਾਪਿਸ ਰਵਾਨਾ ਹੋ ਗਏ। (ਭਾਈ) ਅਮਰੀਕ ਸਿੰਘ ਵੀ ਇੱਕ ਦਿਨ ਬਾਅਦ ਕਾਲਜ ਵਿੱਚੋਂ ਕੁਝ ਦਿਨਾ ਦੀਆਂ ਛੁੱਟੀਆਂ ਲੈ ਕੇ ਪਿੰਡ ਭੂਰਾ ਕੋਹਨਾਂ ਵਿਖੇ ਆ ਗਏ। ਰਾਤ ਨੂੰ ਉਹਨਾਂ ਪਰਿਵਾਰ ਦੇ ਵੱਡੇ ਜੀਆਂ (ਚਾਚਿਆਂ-ਤਾਇਆਂ) ਨੂੰ ਅਤੇ ਪਿੰਡ ਦੇ ਹੋਰ ਗੁਰਸਿੱਖ ਵਿਅਕਤੀ ਨੂੰ ਬੁਲਾ ਕੇ ਮਹਾਂਪੁਰਖਾਂ ਦਾ ਹੁਕਮ ਸੁਣਾ ਕੇ ਜੱਥੇ ਦਾ ਪ੍ਰੋਗਰਾਮ ਬਣਾਉਣ ਬਾਰੇ ਵਿਚਾਰ ਕੀਤੀ। ਸਾਰਿਆਂ ਦੀ ਸਲਾਹ ਨਾਲ ਕੁਝ ਕੁ ਦਿਨਾਂ ਵਿੱਚ ਹੀ ਜੱਥੇ ਸੰਗਤ ਦਾ ਪ੍ਰੋਗਰਾਮ ਪਿੰਡ ਭੂਰਾ ਕੋਹਨਾਂ ਵਿਖੇ ਬਣਾਉਣਾ ਨਿਸ਼ਚਿਤ ਕਰਕੇ ਸੰਤਾਂ ਨੂੰ ਮਹਿਤੇ ਸੁਨੇਹਾ ਭੇਜ ਦਿੱਤਾ ਗਿਆ।

ਮਿੱਥੇ ਹੋਏ ਸਮੇਂ ਮੁਤਾਬਿਕ ਪ੍ਰੋਗਰਾਮ ਤੋਂ ਇੱਕ ਦਿਨ ਪਹਿਲਾਂ ਹੀ ਸ਼ਾਮ ਨੂੰ ਜੱਥੇ ਦੇ ਸਿੰਘਾਂ ਸਮੇਤ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਪਿੰਡ ਭੂਰਾ ਕੋਹਨਾਂ ਵਿਖੇ ਪਹੁੰਚ ਗਏ। ਵੱਡੇ ਸੰਤਾਂ ਦੇ ਚੜ੍ਹਾਈ ਕਰਨ ਤੋਂ ਬਾਅਦ ਜੱਥੇ ਦਾ ਪਿੰਡ ਵਿੱਚ ਇਹ ਪਹਿਲਾ ਪ੍ਰੋਗਰਾਮ ਸੀ। ਸਾਰੇ ਪਿੰਡ ਨੂੰ ਇਹ ਬੜਾ ਚਾਅ ਸੀ ਕਿ ਉਹਨਾਂ ਦੇ ਪਿੰਡ ਦੇ ਇੱਕ ਗੁਰਸਿੱਖ ਤੇ ਵਾਹਿਗੁਰੂ ਦੀ ਏਨੀ ਵੱਡੀ ਬਖਸ਼ਿਸ਼ ਹੋਈ ਹੈ ਕਿ ਟਕਸਾਲ ਦੀ ਸੇਵਾ ਨਿਭਾਉਣ ਦੀ ਜਿੰਮੇਵਾਰੀ ਮਿਲੀ ਹੈ। ਇਹ ਵਰਣਨ ਕਰਨਾਂ ਜਰੂਰੀ ਹੈ ਕਿ ਸੰਤ ਬਾਬਾ ਖੜਕ ਸਿੰਘ ਜੀ ਕਾਰ ਸੇਵਾ ਵਾਲੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦਾ ਬੜਾ ਸਤਿਕਾਰ ਕਰਦੇ ਸਨ। ਜਦ ਵੱਡੇ ਮਹਾਂਪੁਰਖਾਂ ਨੇ ਟਕਸਾਲ ਦੀ ਜਿੰਮੇਵਾਰੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਸੌਂਪੀ ਤਾਂ ਬਾਬਾ ਜੀ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ। ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਵਿਸ਼ਾਲ ਅੰਮ੍ਰਿਤ ਸੰਚਾਰ ਉਪਰੰਤ ਬੋਲਦਿਆਂ ਉਹਨਾ ਨੇ ਬਚਨ ਕੀਤਾ ਕਿ, 'ਭਾਈ ਮੇਰੀ ਸਾਰੀ ਸੰਗਤ ਨੂੰ

ਬੇਨਤੀ ਹੈ ਕਿ ਉਹ ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲਿਆਂ ਨੂੰ ਭਿੰਡਰਾਂ ਵਾਲੇ ਸੰਤ ਕਹਿਣ ਦੀ ਬਜਾਏ ਭੂਰਿਆਂ ਵਾਲੇ ਸੰਤ ਕਿਹਾ ਕਰਨ, ਕਿਉਂਕਿ ਮੈਨੂੰ ਬੜੀ ਖੁਸ਼ੀ ਹੈ ਕਿ ਇਸ ਇਲਾਕੇ ਦਾ ਵੀ ਕੋਈ ਐਸੀ ਬਖ਼ਸ਼ਿਸ਼ ਵਾਲਾ ਸੰਤ ਹੋਇਆ ਹੈ ਜਿਸਨੇ ਪਿੰਡ ਭੂਰੇ ਦਾ ਨਾਮ ਰੋਸ਼ਨ ਕੀਤਾ ਹੈ।'

ਪਹਿਲਾਂ ਵਾਂਗ ਰਾਤ ਦੀ ਕਥਾ ਗੁਰਦੁਆਰਾ ਸਾਹਿਬ ਦੇ ਨੇੜੇ ਬਾਰਾਂਦਰੀ ਵਿੱਚ ਹੋਈ ਅਤੇ ਗੁਰੂ ਕੇ ਲੰਗਰ ਦਾ ਅਤੁੱਟ ਭੰਡਾਰਾ ਚੱਲਿਆ। ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੂੰ ਕਥਾ ਕਰਦਿਆਂ ਵੇਖਣ ਸਾਰਾ ਪਿੰਡ ਤੇ ਨੇੜੇ-ਤੇੜੇ ਦੇ ਹੋਰਨਾ ਪਿੰਡਾਂ ਤੋਂ ਵੀ ਬੇ-ਸ਼ੁਮਾਰ ਸੰਗਤ ਆਉਂਦੀ। ਸਾਰੇ ਪ੍ਰੋਗਰਾਮ ਦਾ ਪ੍ਰਬੰਧ (ਭਾਈ) ਅਮਰੀਕ ਸਿੰਘ ਆਪ ਵੇਖਦੇ ਸਨ। ਭਾਈ ਸਾਹਿਬ ਸਾਰਾ ਦਿਨ ਸੇਵਾ ਵਿੱਚ ਜੁੜੇ ਰਹਿੰਦੇ ਤਾਂ ਕਿ ਸੰਗਤ ਤੇ ਜੱਥੇ ਦੀ ਸੇਵਾ ਵਿੱਚ ਕੋਈ ਕਮੀ ਨਾ ਰਹੇ ਅਤੇ ਰਾਤ ਨੂੰ ਮਹਾਂਪੁਰਖਾਂ ਦੇ ਹੁਕਮ ਮੁਤਾਬਿਕ ਦੀਵਾਨ ਵਿੱਚ ਹਾਜਰੀ ਵੀ ਭਰਦੇ। ਪਹਿਲਾਂ ਦੀ ਤਰ੍ਹਾਂ ਹੀ ਕਥਾ ਦੇ ਦੌਰਾਨ ਜੱਥੇ ਦੇ ਵਿਦਿਆਰਥੀ ਪੋਥੀਆਂ ਪ੍ਰਕਾਸ਼ ਕਰਕੇ ਸੰਥਿਆ ਲੈਂਦੇ। ਸੰਤਾਂ ਦਾ ਆਸਣ ਰਾਤ ਨੂੰ ਘਰ ਹੀ ਹੁੰਦਾ ਸੀ। ਉਹਨਾਂ ਦਾ ਮੰਜਾ ਵਿਹੜੇ ਦੇ ਵਿਚਕਾਰ ਹੁੰਦਾ ਅਤੇ ਆਲੇ-ਦੁਆਲੇ ਕੁਝ ਕੁ ਸਿੰਘਾਂ ਦਾ ਆਸਣ ਹੁੰਦਾ ਸੀ। (ਭਾਈ) ਅਮਰੀਕ ਸਿੰਘ ਤੇ ਸਾਰਾ ਪਰਿਵਾਰ ਰਾਤ ਨੂੰ ਮਹਾਂਪੁਰਖਾਂ ਕੋਲ ਬੈਠ ਕੇ ਘਰੇਲੂ ਅਤੇ ਹੋਰ ਵਿਚਾਰਾਂ ਕਰਦੇ ਸਨ। (ਭਾਈ) ਅਮਰੀਕ ਸਿੰਘ ਆਪਣੇ ਦੂਸਰੇ ਭਰਾਵਾਂ ਨਾਲ ਸੰਤਾਂ ਦੀਆਂ ਲੱਤਾ ਘੁੱਟਣ ਦੀ ਸੇਵਾ ਕਰਦੇ। ਸੰਤ ਇਸ ਦੌਰਾਨ ਭਾਈ ਸਾਹਿਬ ਨੂੰ ਉਹਨਾਂ ਦੇ ਕਾਲਜ ਅਤੇ ਪੜ੍ਹਾਈ ਬਾਰੇ ਪੁੱਛਦੇ ਰਹਿੰਦੇ।

ਕੁਝ ਕੁ ਦਿਨ ਪਿੰਡ ਭੂਰਾ ਕੋਹਨਾਂ ਵਿਖੇ ਬਾਣੀ ਦੇ ਪ੍ਰਵਾਹ ਚਲਾਉਣ ਤੋਂ ਬਾਅਦ ਜਥਾ ਮਹਿਤਾ ਸਾਹਿਬ ਲਈ ਰਵਾਨਾ ਹੋ ਗਿਆ। (ਭਾਈ) ਅਮਰੀਕ ਸਿੰਘ ਵਾਪਸ ਖ਼ਾਲਸਾ ਕਾਲਜ ਵਿਖੇ ਪਹੁੰਚ ਗਏ ਅਤੇ ਆਪਣੀ ਪੜ੍ਹਾਈ ਦੀ ਲੜੀ ਦੁਬਾਰਾ ਜੋੜ ਲਈ।

ਸੰਤਾਂ ਨੇ ਭਾਈ ਅਮਰੀਕ ਸਿੰਘ ਨੂੰ ਅੰਮ੍ਰਿਤਸਰ ਜਾ ਕੇ ਭਾਈ ਅਵਤਾਰ ਸਿੰਘ ਜੀ (ਜੋ ਕਿ ਟਕਸਾਲ ਨਾਲ ਜੁੜੇ ਮਹਾਂਪੁਰਖਾਂ ਦੇ ਪ੍ਰੇਮੀ ਤੇ ਸਾਰਾ ਪਰਿਵਾਰ ਗੁਰਸਿੱਖ ਰਹਿਤ-ਮਰਿਆਦਾ ਵਿੱਚ ਪਰਪੱਕ) ਨੂੰ ਮਿਲਣ ਲਈ ਕਿਹਾ। ਉਹਨਾਂ ਦਾ ਘਰ ਖ਼ਾਲਸਾ ਕਾਲਜ ਦੇ ਨੇੜੇ ਹੀ ਸੀ, ਮਹਾਂਪੁਰਖਾਂ ਦਾ ਵਿਚਾਰ ਸੀ ਕਿ ਵੇਲੇ-ਕੁਵੇਲੇ ਲੋੜ ਪੈਣ ਤੇ ਜੇਕਰ ਕਿਸੇ ਪ੍ਰਕਾਰ ਦੀ ਕੋਈ ਸਹਾਇਤਾ ਦੀ ਜਰੂਰਤ ਹੋਵੇ ਤਾਂ ਭਾਈ ਅਵਤਾਰ ਸਿੰਘ ਜੀ ਨੂੰ ਮਿਲ ਲੈਣਾ। ਉਹਨਾਂ ਨਾਲ ਜਾਣ-ਪਹਿਚਾਣ ਕਰ ਲੈਣਾ। ਭਾਈ ਸਾਹਿਬ ਇੱਕ ਦਿਨ ਆਪਣੇ ਸਹਿਪਾਠੀ ਨੂੰ ਨਾਲ ਲੈ ਕੇ ਉਹਨਾਂ ਦੇ ਘਰ ਪਹੁੰਚ ਗਏ। ਮਹਾਂਪੁਰਖਾਂ ਨੇ ਪਹਿਲਾਂ ਹੀ (ਭਾਈ) ਅਮਰੀਕ ਸਿੰਘ ਦੇ ਖ਼ਾਲਸਾ ਕਾਲਜ

ਰਹਿਣ ਬਾਰੇ ਉਹਨਾਂ ਨੂੰ ਦੱਸਿਆ ਸੀ। ਸਾਰਾ ਪਰਿਵਾਰ ਭਾਈ ਸਾਹਿਬ ਨੂੰ ਮਿਲ ਕੇ ਬੜਾ ਖੁਸ਼ ਹੋਇਆ। ਉਸ ਰਾਤ ਭਾਈ ਸਾਹਿਬ ਨੂੰ ਪ੍ਰਸ਼ਾਦਾ ਛਕਾ ਕੇ ਹੀ ਵਾਪਸ ਜਾਣ ਦਿੱਤਾ। ਭਾਈ ਅਵਤਾਰ ਸਿੰਘ ਜੀ ਦੀ ਸਪੁੱਤਰੀ ਬੀਬੀ ਅਜੀਤ ਕੌਰ ਜੀ (ਜਿੰਨ੍ਹਾਂ ਨੂੰ ਅਸੀਂ ਸਾਰੇ ਪਿਆਰ ਨਾਲ ਭੂਆ ਜੀਤੋ ਆਖਦੇ ਹਾਂ) ਨੇ ਭਾਈ ਸਾਹਿਬ ਨੂੰ ਭਰਾ ਬਣਾ ਲਿਆ ਤੇ ਇੰਝ ਭਾਈ ਸਾਹਿਬ ਦਾ ਪਰਿਵਾਰ ਨਾਲ ਹੌਲੀ-ਹੌਲੀ ਗੂੜ੍ਹਾ ਪ੍ਰੇਮ ਪੈ ਗਿਆ। ਭਾਈ ਸਾਹਿਬ ਲਈ ਅਕਸਰ ਹੀ ਭੂਆ ਜੀਤੋ ਪ੍ਰਸ਼ਾਦਾ ਤਿਆਰ ਕਰਕੇ ਖ਼ਾਲਸਾ ਕਾਲਜ ਭੇਜ ਦਿੰਦੇ ਸਨ। ਵਕਤ ਨੇ ਭਾਵੇਂ ਬਹੁਤ ਕੁਝ ਬਦਲ ਦਿੱਤਾ ਹੈ ਤੇ ਬਹੁਤ ਕੁਝ ਸਾਡੇ ਕੋਲੋਂ ਖੋਹ ਵੀ ਲਿਆ ਹੈ ਪਰ ਯਾਦਾਂ ਨੂੰ ਦਿਲਾਂ ਵਿੱਚੋਂ ਮਿਟਾਉਣ ਲਈ ਹਮੇਸ਼ਾ ਵਕਤ ਨੂੰ ਵੀ ਬਹੁਤ ਇੰਤਜਾਰ ਕਰਨਾ ਪੈਂਦਾ ਹੈ ਤੇ ਕਦੇ-ਕਦੇ ਤਾਂ ਉਹ ਵੀ ਹਾਰ ਜਾਂਦਾ ਹੈ। ਭੂਆ ਜੀ ਦੀਆਂ ਅੱਖਾਂ ਅੱਜ ਵੀ ਭਾਈ ਸਾਹਿਬ ਨੂੰ ਚੇਤੇ ਕਰਦਿਆਂ ਆਪ-ਮੁਹਾਰੇ ਛਲਕ ਜਾਂਦੀਆਂ ਹਨ। ਜਦੋਂ ਉਹ ਭਾਈ ਸਾਹਿਬ ਨਾਲ ਬਿਤਾਏ ਹੋਏ ਉਹਨਾਂ ਪਿਛਲੇ ਪਲਾਂ ਨੂੰ ਯਾਦ ਕਰਦੇ ਹਨ ਤਾਂ ਉਹਨਾਂ ਦਾ ਗੱਚ ਭਰ ਜਾਂਦਾ ਹੈ ਤੇ ਆਵਾਜ ਵੀ ਸਾਥ ਨਹੀਂ ਦਿੰਦੀ। ਬਸ ਹੌਲੀ ਜਿਹੀ ਏਨਾ ਹੀ ਕਹਿ ਪਾਉਂਦੇ ਹਨ ਕਿ ਭਾਈ ਅਮਰੀਕ ਸਿੰਘ ਵਰਗਾ ਕੋਈ ਹੋਰ ਸਾਨੂੰ ਨਹੀਂ ਲੱਭਣਾ।

(ਭਾਈ) ਅਮਰੀਕ ਸਿੰਘ ਦੀ ਸ਼ਖਸੀਅਤ ਵਿੱਚ ਇਹ ਵੀ ਇੱਕ ਵਲੱਖਣਤਾਈ ਸੀ ਕਿ ਜਿਸਨੂੰ ਵੀ ਉਹ ਮਿਲਦੇ ਸਨ ਦਿਲੋਂ ਆਪਣਾ ਬਣਾ ਲੈਂਦੇ ਸਨ। ਉਹਨਾਂ ਦੇ ਨਾਲ ਰਹੇ ਉਹਨਾਂ ਦੇ ਦੋਸਤਾਂ ਅਤੇ ਹੋਰਨਾ ਸੰਗੀਆਂ-ਸਾਥੀਆਂ ਨੂੰ ਜਦ ਅਸੀਂ ਮਿਲ ਕੇ ਉਹਨਾਂ ਬਾਰੇ ਪੁੱਛਦੇ ਹਾਂ ਤਾਂ ਸਾਰੇ ਹੀ ਅੱਖਾਂ ਨਮ ਕਰਕੇ ਇੱਕ ਡੂੰਘਾ ਸਾਹ ਲੈ ਕੇ ਅਤੀਤ ਵਿੱਚ ਗੁਆਚ ਜਾਂਦੇ ਹਨ ਤੇ ਫਿਰ ਇੱਕ-ਇੱਕ ਕਰਕੇ ਉਹਨਾਂ ਦੀਆਂ ਚੰਗਿਆਈਆਂ ਦੱਸਦੇ ਹਨ ਤੇ ਅਖੀਰ ਤੇ ਸਾਰੇ ਇੱਕ ਹੀ ਗੱਲ ਜਰੂਰ ਦੁਹਰਾਉਂਦੇ ਹਨ ਕਿ ਭਾਈ ਸਾਹਿਬ ਨਾਲ ਮੇਰਾ ਅੰਦਰੂਨੀ ਪਿਆਰ ਸੀ ਉਹ ਮੇਰੇ ਸਭ ਤੋਂ ਵਧੇਰੇ ਨਜਦੀਕ ਸਨ। ਅਜੀਬ ਦਾਸਤਾਨ ਹੈ ਇਹ।

ਕਹਿੰਦੇ ਹਨ ਕਿ ਮਨੁੱਖ ਆਪਣੀ ਸੰਗਤ ਤੋਂ ਭਲੀ-ਭਾਂਤ ਪਛਾਣਿਆ ਜਾ ਸਕਦਾ ਹੈ। ਉਸਦੀ ਸੰਗਤ ਉਸਦੇ ਜੀਵਨ ਆਧਾਰ ਦਾ ਦਰਪਣ ਹੁੰਦੀ ਹੈ। ਮਹਾਂਪੁਰਖਾਂ ਵੱਲੋਂ ਪਹਿਲਾਂ ਹੀ ਭਾਈ ਸਾਹਿਬ ਨੂੰ ਨਾਸਤਿਕ, ਵਿਹਲੜ ਅਤੇ ਨਾਲਾਇਕ ਵਿਦਿਆਰਥੀਆਂ ਦੀ ਸੰਗਤ ਨਾ ਕਰਨ ਦੀ ਸਖ਼ਤ ਹਦਾਇਤ ਸੀ। ਭਾਈ ਸਾਹਿਬ ਦੇ ਬਹੁਤ ਸਾਰੇ ਸਾਥੀ ਉਹਨਾਂ ਦੀ ਸੰਗਤ ਵਿੱਚ ਆ ਕੇ ਗੁਰੂ ਵਾਲੇ ਬਣੇ ਅਤੇ ਧਰਮ ਦਾ ਮਾਰਗ ਚੁਣ ਕੇ ਸਿੱਧਾ ਰਸਤਾ ਅਪਣਾਇਆ। ਇੱਥੇ ਇਹ ਗੱਲ ਵਰਣਨਯੋਗ ਹੈ ਕਿ ਉਹਨਾਂ ਦੇ ਨਾਲ ਰਿਹਾ ਉਹਨਾਂ ਦਾ ਹਰੇਕ ਨਜਦੀਕੀ ਸਾਥੀ ਅੱਜ ਕਿਸੇ ਨਾ ਕਿਸੇ ਪਦਵੀ ਤੇ ਬਿਰਾਜਮਾਨ ਹੋ ਕੇ ਸਮਾਜ ਵਿੱਚ ਸਤਿਕਾਰਿਆ ਜਾ ਰਿਹਾ ਹੈ। ਉਹਨਾਂ

ਦੇ ਜੀਵਨ ਵਿੱਚ ਆਉਣ ਵਾਲਾ ਹਰੇਕ ਨਜਦੀਕੀ ਸਾਥੀ ਉਹਨਾਂ ਦੀ ਡੂੰਘੀ ਸੋਚ ਦਾ ਇੱਕ ਨਤੀਜਾ ਹੈ।

ਇਮਤਿਹਾਨਾਂ ਦੇ ਦਿਨ ਨੇੜੇ ਆ ਰਹੇ ਸਨ। (ਭਾਈ) ਅਮਰੀਕ ਸਿੰਘ ਪੂਰੀ ਤਨਦੇਹੀ ਨਾਲ ਤਿਆਰੀ ਵਿੱਚ ਜੁੱਟ ਗਏ। ਵਿੱਚੋਂ ਕੁਝ ਕੁ ਦਿਨਾ ਲਈ ਮਹਿਤਾ ਵਿਖੇ ਵੀ ਮਹਾਂਪੁਰਖਾਂ ਅਤੇ ਜੱਥੇ ਦੇ ਦਰਸ਼ਨਾਂ ਲਈ ਗਏ। ਬੀ·ਏ· ਦੇ ਇਮਤਿਹਾਨ (ਭਾਈ) ਅਮਰੀਕ ਸਿੰਘ ਨੇ ਪੂਰੀ ਤਿਆਰੀ ਨਾਲ ਦਿੱਤੇ ਅਤੇ ਫਿਰ ਪਿੰਡ ਭੂਰਾ ਕੋਹਨਾਂ ਵਿਖੇ ਪਹੁੰਚ ਗਏ। ਕੁਝ ਕੁ ਦਿਨ ਪਿੰਡ ਲਗਾਉਣ ਤੋਂ ਬਾਅਦ ਭਾਈ ਸਾਹਿਬ ਫਿਰ ਮਹਿਤਾ ਸਾਹਿਬ ਵਿਖੇ ਪਹੁੰਚ ਗਏ। ਗੁਰਦੁਆਰਾ ਸਾਹਿਬ ਦੀ ਸੁੰਦਰ ਤੇ ਵਿਸ਼ਾਲ ਇਮਾਰਤ ਤੋਂ ਇਲਾਵਾ ਸੰਗਤ ਦੇ ਅਥਾਹ ਸਹਿਯੋਗ ਦਾ ਸਦਕਾ ਇੱਕ ਖੁੱਲ੍ਹਾ ਲੰਗਰ ਹਾਲ ਤੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਪਾਸੇ ਦੋ ਮੰਜਿਲੀ ਇਮਾਰਤ ਕੀਰਤਨ-ਵਿਦਿਆਲਾ ਵੀ ਲਗਭਗ ਉੱਸਰ ਜਾ ਚੁੱਕਾ ਸੀ। ਥੋੜ੍ਹੇ ਜਿਹੇ ਵਕਤ ਵਿੱਚ ਹੀ ਇਹ ਉਪਲਬਧੀ ਵਾਕਿਆ ਹੀ ਹੈਰਾਨੀਜਨਕ ਸੀ। ਜੱਥੇ ਦੇ ਵਿਦਿਆਰਥੀਆਂ ਨੂੰ ਰੋਜਾਨਾਂ ਸਹੀ ਵਕਤ ਉੱਪਰ ਅਨੁਸ਼ਾਸ਼ਨ ਸਹਿਤ ਸੰਥਿਆ ਦਿੱਤੀ ਜਾ ਰਹੀ ਸੀ। ਉਸਤਾਦ ਉਹਨਾਂ ਦੀਆਂ ਕਲਾਸਾਂ ਲਗਾਉਂਦੇ ਅਤੇ ਇਸ ਤਰ੍ਹਾਂ ਗੁਰਮਤਿ ਦੀ ਪੜ੍ਹਾਈ ਵੀ ਨਿਰੰਤਰ ਚੱਲ ਰਹੀ ਸੀ। ਛੁੱਟੀਆਂ ਵਿੱਚ ਭਾਈ ਸਾਹਿਬ ਮਹਿਤੇ ਵਿਖੇ ਗੁਰਬਾਣੀ ਦੀ ਸੰਥਿਆ ਅਤੇ ਕਥਾ ਵਿਚਾਰ ਵੀ ਸਿੱਖਦੇ ਸਨ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦੀ ਰਹਿਨੁਮਾਈ ਵਿੱਚ ਸਿੱਖਾਂ ਦੀ ਯੂਨੀਵਰਸਿਟੀ 'ਦਮਦਮੀ ਟਕਸਾਲ' ਦਿਨ-ਰਾਤ ਗੁਰਮਤਿ ਪ੍ਰਚਾਰ ਕਰਕੇ ਨਵੀਆਂ ਪਿਰਤਾ ਪਾ ਰਹੀ ਸੀ। ਮਹਾਂਪੁਰਖਾਂ ਦਾ ਪ੍ਰਤਾਪ ਸੰਗਤਾਂ ਵਿੱਚ ਦਿਨ-ਬ-ਦਿਨ ਵੱਧਦਾ ਜਾ ਰਿਹਾ ਸੀ ਤੇ ਵਿਰੋਧੀਆਂ ਦੀ ਢਹਿੰਦੀ ਕਲਾ ਹੋ ਰਹੀ ਸੀ। ਸੰਤ ਡੇਰੇ ਦੀ ਸੇਵਾ ਦਾ ਪ੍ਰਬੰਧ ਵੀ ਵੇਖਦੇ ਅਤੇ ਥਾਵਾਂ-ਥਾਵਾਂ ਉੱਪਰ ਜਾ ਕੇ ਕਥਾ-ਕੀਰਤਨ ਦਾ ਇਲਾਹੀ ਪ੍ਰਵਾਹ ਚਲਾ ਕੇ ਲੋਕਾਈ ਨੂੰ ਰੱਬ ਨਾਲ ਜੋੜਨ ਲਈ ਭਾਰੀ ਗਿਣਤੀ ਵਿੱਚ ਅੰਮ੍ਰਿਤ ਸੰਚਾਰ ਕਰਕੇ ਗੁਰੂ ਕੇ ਜਹਾਜ ਤੇ ਵੀ ਚੜ੍ਹਾਉਂਦੇ।

ਇਹ ਉਹ ਵਕਤ ਸੀ ਜਦ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਪੰਜਾਬ ਤੋਂ ਇਲਾਵਾ ਪੂਰੇ ਭਾਰਤ ਵਿੱਚ ਹੀ ਨਿਰੰਕਾਰੀਆਂ ਤੇ ਹੋਰ ਦੰਭੀ ਗੁਰੂਆਂ ਦੇ ਝੂਠੇ ਗੁਰੂ ਡੰਮ ਦੇ ਇਸ ਰੇਤੀਲੇ ਮਹਿਲ ਨੂੰ ਢਹਿ-ਢੇਰੀ ਕਰਨ ਲਈ ਕਮਰ-ਕੱਸਾ ਕਰ ਲਿਆ। ਉਹਨਾਂ ਥਾਵਾਂ-ਥਾਵਾਂ ਤੇ, ਪਿੰਡ-ਪਿੰਡ ਜਾ ਕੇ ਗੁਰਸਿੱਖੀ ਦਾ ਹੋਕਾ ਦੇ ਕੇ ਉੱਚੀ ਆਵਾਜ ਵਿੱਚ ਇਹ ਆਖਿਆ,

'ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ।।'

ਜਿਸ ਦੀਆਂ ਧੁਨਾਂ ਨੇ ਪੰਜਾਬ ਤੇ ਇਸ ਤੋਂ ਬਾਹਰ ਬੰਬਈ ਤੇ ਕਲਕੱਤੇ ਆਦਿ

ਵਰਗੇ ਦੂਰ-ਦੁਰਾਡੇ ਇਲਾਕਿਆਂ ਵਿੱਚ ਬੈਠੇ ਸਿੱਖਾਂ ਵਿੱਚ ਗੁਰਮਤਿ ਪ੍ਰਤੀ ਖਿੱਚ ਪੈਦਾ ਕਰ ਦਿੱਤੀ।

ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਬੜੀ ਤੇਜੀ ਨਾਲ ਪੰਥ ਅੱਗੇ ਇੱਕ ਮਹਾਨ ਸ਼ਖਸੀਅਤ ਤੇ ਉਸਾਰੂ ਆਗੂ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਏ। ਵੱਡੇ ਮਹਾਂਪੁਰਖਾਂ ਦੀਆਂ ਖੁਸ਼ੀਆਂ ਅਤੇ ਅਕਾਲ-ਪੁਰਖ ਦੀ ਬਖਸ਼ਿਸ਼ ਦਾ ਸਦਕਾ ਜੱਥੇ ਸੰਗਤ ਦੀ ਦਿਨ-ਰਾਤ ਚੜ੍ਹਦੀ ਕਲਾ ਹੋ ਰਹੀ ਸੀ। ਸੰਤਾਂ ਨੇ ਪੰਜਾਬ (ਖ਼ਾਸ ਤੌਰ ਤੇ ਮਾਝੇ ਵਿੱਚ) ਨਸ਼ਿਆਂ ਅਤੇ ਪਤਿਤਪੁਣੇ ਵਿਰੁੱਧ ਪ੍ਰਚੰਡ ਲਹਿਰ ਸ਼ੁਰੂ ਕਰ ਦਿੱਤੀ। ਖ਼ਾਸ ਤੌਰ ਤੇ ਦੰਭੀ ਗੁਰੂਆਂ ਤੇ ਨਿਰੰਕਾਰੀਆਂ ਵਿਰੁੱਧ ਚੇਤਨਤਾ ਲਹਿਰ ਚਲਾਈ। ਪੰਥ ਨੂੰ ਢਾਹ ਲਾ ਰਹੇ ਇਹਨਾਂ ਦੰਭੀ ਗੁਰੂਆਂ ਦੇ ਰੇਤੀਲੇ ਮਹਿਲਾਂ ਦੀਆਂ ਨੀਹਾਂ ਮਹਾਂਪੁਰਖਾਂ ਨੇ ਹਿਲ੍ਹਾ ਕੇ ਰੱਖ ਦਿੱਤੀਆਂ। ਉਸ ਵਕਤ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਰਗੀ ਪੰਥਕ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨ ਵਾਲੀ ਤੇ ਕੌਮੀ ਤਵਾਰੀਖ਼ ਵਿੱਚ ਲਗਾਤਾਰ ਜਦੋ-ਜਹਿਦ ਦੀ ਤਵਾਰੀਖ਼ ਅਖਵਾਉਣ ਵਾਲੀਆਂ ਜੱਥੇਬੰਦੀਆਂ ਕੇਵਲ ਕੁਝ ਵਰਕਰਾਂ ਅਤੇ ਕਾਗਜਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਈਆਂ ਸਨ। ਕਮਿਊਨਿਸਟ ਵਿਚਾਰਧਾਰਾ ਦਾ ਬੋਲਬਾਲਾ ਸਿਖ਼ਰ ਤੇ ਪਹੁੰਚ ਚੁੱਕਾ ਸੀ। ਸਾਰੇ ਪੰਥਕ ਹਿਤੈਸ਼ੀ ਅਤੇ ਬੁੱਧੀਜੀਵੀ ਚਿੰਤਾ ਵਿੱਚ ਸਨ। ਉਸ ਵਕਤ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਹਲੂਣ ਕੇ ਸੁੱਤੀ ਪਈ ਸਿੱਖ ਕੌਮ ਨੂੰ ਗਾਫ਼ਲਤਾ ਦੀ ਗੂੜ੍ਹੀ ਨੀਂਦ ਵਿੱਚੋਂ ਕੱਢਿਆ ਤੇ ਇੱਕ ਨਵੀਂ ਸਵੇਰ, ਨਵੀਂ ਕਿਰਨ ਤੇ ਸੱਚੀ-ਸੁੱਚੀ ਮੰਜਿਲ ਦਾ ਗਾਡੀ-ਰਾਹ ਕੌਮ ਦੇ ਸਾਹਮਣੇ ਰੱਖਿਆ। ਸਿੱਖੀ ਦੇ ਅਖੌਤੀ ਪਹਿਰੇਦਾਰਾਂ ਨੂੰ ਪੰਥਕ ਹਿਤਾਂ ਪ੍ਰਤੀ ਜ਼ੋਰਦਾਰ ਸ਼ਬਦਾਂ ਵਿੱਚ ਸੁਚੇਤ ਕੀਤਾ ਅਤੇ ਨਰਕਧਾਰੀਆਂ ਦੀਆਂ ਬਣਾਈਆਂ ਹੋਈਆਂ ਘੁੰਮਣ-ਘੇਰੀਆਂ ਵਿੱਚ ਫਸ ਕੇ ਡੁੱਬਦੀ ਜਾ ਰਹੀ ਪੰਥ ਦੀ ਬੇੜੀ ਦਾ ਚੱਪੂ ਘੁੱਟ ਕੇ ਆਪਣੇ ਹੱਥ ਵਿੱਚ ਫੜਿਆ ਤੇ ਉਸਨੂੰ ਕੰਢੇ ਲਾ ਕੇ ਸਿੱਖ ਕੌਮ ਨੂੰ ਡੁੱਬਣ ਤੋਂ ਬਚਾਇਆ। ਕਈ ਵਾਰ ਮਹਾਂਪੁਰਖ ਦਿਨ ਵਿੱਚ 8-9 ਵਾਰ ਕਥਾ ਕਰਦੇ। ਪੰਜ-ਪਿਆਰਿਆਂ, ਇੱਕ ਰਾਗੀ ਜੱਥੇ ਤੇ ਇੱਕ ਗਿਆਨੀ ਦਾ ਜੱਥਾ ਬਣਾ ਕੇ ਅੱਡ-ਅੱਡ ਪ੍ਰੋਗਰਾਮਾਂ ਤੇ ਭੇਜਦੇ ਸਨ। ਦਿਨ-ਰਾਤ ਇੱਕ ਕਰਕੇ ਮਹਾਂਪੁਰਖ ਦਿਨ ਵਿੱਚ ਤਿੰਨ-ਤਿੰਨ ਵਾਰ ਅੱਡ-ਅੱਡ ਸ਼ਹਿਰਾਂ ਵਿੱਚ ਜਾ ਕੇ ਕਥਾ ਦੇ ਦੀਵਾਨਾਂ ਵਿੱਚ ਹਾਜਰੀ ਭਰਦੇ ਸਨ। ਝੂਠ ਦੇ ਬੱਦਲਾਂ ਵੱਲ ਖਿੱਚੀ ਜਾ ਰਹੀ ਸਿੱਖ ਮਾਨਸਿਕਤਾ ਨੂੰ ਇੱਕ ਚਾਨਣ ਮੁਨਾਰਾ ਮਿਲ ਗਿਆ ਸੀ। ਪੰਥਕ ਹਿਤੈਸ਼ੀਆਂ ਨੂੰ ਕੁੱਝ ਧੀਰਜ ਬੱਝ ਗਿਆ। ਹਕੀਕਤ ਵਿੱਚ ਨਿਰੰਕਾਰੀਆਂ ਦੇ ਸਿਧਾਂਤਿਕ ਵਾਰ ਨੂੰ ਸਭ ਤੋਂ ਪਹਿਲਾਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਹੀ ਅਮਲੀ ਰੂਪ ਵਿੱਚ ਵੰਗਾਰਿਆ। ਸਿੱਖੀ ਵਿਰੋਧੀ ਲਹਿਰ ਅਤੇ ਪੰਥਕ ਵਿਰੋਧੀ ਸਰਗਰਮੀਆਂ ਨੂੰ ਠੱਲ੍ਹ ਪਾਉਣ ਲਈ ਉਹਨਾਂ 37 ਮਹਾਨ

ਨਗਰ ਕੀਰਤਨ ਕੱਢੇ। ਨਗਰ ਕੀਰਤਨ ਦੀ ਸਭ ਤੋਂ ਵੱਡੀ ਮਹਾਨਤਾ ਇਹ ਹੁੰਦੀ ਸੀ ਕਿ ਪੰਜ ਪਿਆਰਿਆਂ ਤੋਂ ਬਾਅਦ ਸਭ ਤੋਂ ਪਹਿਲੀ ਸਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੁੰਦੀ ਉਸ ਉਪਰੰਤ ਮਹਾਂਪੁਰਖਾਂ ਅਤੇ ਗਿਆਨੀ, ਵਿਦਵਾਨਾਂ ਦੀਆਂ ਕਾਰਾਂ ਆਦਿਕ ਤੇ ਪਿੱਛੇ ਦੂਜੇ ਸਿਆਸੀ ਅਹੁਦੇਦਾਰ ਜਾਂ ਸਮੁੱਚੀ ਸੰਗਤ ਹੁੰਦੀ ਸੀ। ਕਿਸੇ ਵੀ ਰਾਜਨੀਤਿਕ ਆਗੂ ਜਾਂ ਸਰਕਾਰੀ ਵਜੀਰ ਆਦਿ ਨੂੰ ਉਸਦੀ ਪਦਵੀ ਵੇਖ ਕੇ ਅੱਗੇ ਲੱਗਣ ਦਾ ਹੁਕਮ ਨਹੀਂ ਸੀ। ਮਹਾਂਪੁਰਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਿੱਚ ਭੋਰਾ ਵੀ ਫਰਕ ਨਹੀਂ ਸੀ ਪੈਣ ਦਿੰਦੇ। (ਭਾਈ) ਅਮਰੀਕ ਸਿੰਘ ਵੀ ਪੁਰਾਣੇ ਭੂਰੇ, ਬਾਬਾ ਬਕਾਲਾ, ਕਾਦੀਆਂ, ਖਡੂਰ ਸਾਹਿਬ, ਗੁਰਦਾਸਪੁਰ ਤੇ ਸ੍ਰੀ ਅੰਮ੍ਰਿਤਸਰ ਆਦਿ ਨਗਰਾਂ ਵਿੱਚ ਆਉਣ ਵਾਲੇ ਤੇ ਸੰਤਾਂ ਵੱਲੋਂ ਕੱਢੇ ਗਏ ਸਫ਼ਲ, ਭਾਰੀ ਅਤੇ ਮਹਾਨ ਨਗਰ-ਕੀਰਤਨਾਂ ਵਿੱਚ ਸ਼ਾਮਿਲ ਹੋਏ। (ਭਾਈ) ਅਮਰੀਕ ਸਿੰਘ ਦੀ ਡਿਊਟੀ ਸੇਵਾਦਾਰਾਂ ਵਿੱਚ ਲਗਾਈ ਜਾਂਦੀ ਜਿਸਨੂੰ ਉਹ ਪੂਰੀ-ਪੂਰੀ ਤਨਦੇਹੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰਦੇ ਸਨ। ਕਈ ਵਾਰ ਸੰਤ ਆਪ ਪੈਦਲ ਤੁਰ-ਤੁਰ ਕੇ ਨਗਰ ਕੀਰਤਨ ਦੌਰਾਨ ਬੱਸਾਂ, ਕਾਰਾਂ, ਜੀਪਾਂ ਆਦਿਕ ਦੀ ਲਾਈਨ ਸਿੱਧੀ ਕਰਵਾਉਂਦੇ ਤੇ ਕਿੰਨ੍ਹਾ-ਕਿੰਨ੍ਹਾ ਰਸਤਾ ਪੈਦਲ ਹੀ ਚਲਦੇ ਸਨ। ਭਾਈ ਸਾਹਿਬ ਤੋਂ ਇਲਾਵਾ ਸਾਰਾ ਪਰਿਵਾਰ ਇਲਾਕੇ ਵਿੱਚ ਕੱਢੇ ਗਏ ਜਲੂਸਾਂ ਵਿੱਚ ਸ਼ਾਮਿਲ ਹੋ ਕੇ ਗੁਰੂ ਸਾਹਿਬਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਦਾ ਸੀ।

(ਭਾਈ) ਅਮਰੀਕ ਸਿੰਘ ਦੇ ਮਨ ਵਿੱਚ ਆਪਣੇ ਪਿਤਾ ਜੀ ਪ੍ਰਤੀ ਅਥਾਹ ਸ਼ਰਧਾ ਅਤੇ ਸਤਿਕਾਰ ਹੋਰ ਵੀ ਵਧੀਕ ਹੁੰਦਾ ਜਾ ਰਿਹਾ ਸੀ। ਦੇਸ਼ ਭਰ ਵਿੱਚ ਜਦ ਲੋਕਾਂ ਨੂੰ ਐਮਰਜੈਂਸੀ ਦੇ ਭਾਰ ਹੇਠ ਦੱਬਿਆ ਜਾ ਰਿਹਾ ਸੀ ਤਾਂ ਮਹਾਂਪੁਰਖਾਂ ਨੇ ਇਸ ਡਿਕਟੇਟਰੀ ਹੁਕਮ ਦੀਆਂ ਧੱਜੀਆਂ ਉਡਾ ਦਿੱਤੀਆਂ।

ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 300 ਸਾਲਾ ਦਿਵਸ ਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਸਾਹਿਬਾਨਾਂ ਦੇ ਸਹਿਯੋਗ ਨਾਲ ਇੱਕ ਮਹਾਨ ਨਗਰ ਕੀਰਤਨ ਸ੍ਰੀ ਆਨੰਦਪੁਰ ਸਾਹਿਬ ਤੋਂ ਦਿੱਲੀ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਕੱਢਣ ਦਾ ਉਪਰਾਲਾ ਕੀਤਾ ਗਿਆ। ਇਸ ਮਹਾਨ ਅਤੇ ਵਿਸ਼ਾਲ ਨਗਰ-ਕੀਰਤਨ ਨੂੰ ਸਫ਼ਲ ਬਣਾਉਣ ਲਈ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਸੁਯੋਗ ਪ੍ਰਬੰਧ ਕੀਤੇ। ਇੱਥੇ ਇਹ ਵੀ ਵਰਣਨਯੋਗ ਹੈ ਕਿ ਸਿੱਖਾਂ ਦੇ ਹੀਰੋ ਬਣਨ ਦੀ ਇੱਛਾ ਰੱਖਣ ਵਾਲੇ ਗਿਆਨੀ ਜੈਲ ਸਿੰਘ ਨੇ ਜਦ ਇਸ ਮਹਾਨ ਨਗਰ ਕੀਰਤਨ ਦੇ ਪ੍ਰਬੰਧ ਦੀ ਵਾਗਡੋਰ ਆਪਣੇ ਹੱਥ ਵਿੱਚ ਲੈਣੀ ਚਾਹੀ ਤਾਂ ਉਸਨੂੰ ਮਹਾਂਪੁਰਖਾਂ ਪਾਸੋਂ ਕਰਾਰੀ ਝਾੜ ਖਾ ਕੇ ਲਾਂਭੇ ਹੋਣਾ ਪਿਆ। ਗੁਰੂ ਡੰਮ ਦੇ ਰੇਤੀਲੇ ਮਹਿਲ ਨੂੰ ਢਾਹ ਲਾਉਣ ਲਈ ਸਿੱਖੀ ਦਾ ਹੋਕਾ ਦਿੰਦਾ ਹੋਇਆ ਇਹ ਮਹਾਨ ਨਗਰ-

ਕੀਰਤਨ ਦਿੱਲੀ ਦੇ ਰਾਮ-ਲੀਲਾ ਗਰਾਊਂਡ ਵਿੱਚ ਜਾ ਕੇ ਸਮਾਪਤ ਹੋਇਆ। ਜਿੱਥੇ ਬਹੁਤ ਸਾਰੇ ਪੰਥਕ ਆਗੂਆਂ, ਦਿੱਲੀ ਦੀਆਂ ਸਿੱਖ ਸੰਗਤਾਂ ਤੇ ਕੁਝ ਕੁ ਰਾਜਨੀਤਿਕ ਵਿਅਕਤੀਆਂ ਨੇ ਇਸਦਾ ਸਵਾਗਤ ਕੀਤਾ ਅਤੇ ਉਪਰੰਤ ਵਿਸ਼ਾਲ ਦੀਵਾਨ ਸਜਾਇਆ ਗਿਆ। ਦੀਵਾਨ ਵਿੱਚ ਭਾਰਤ ਦੀ ਤੱਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੀ ਆਪਣੇ ਪੂਰੇ ਲਾਹੋ-ਲਸ਼ਕਰ ਸਮੇਤ ਕਾਲੇ ਲਿਬਾਸ ਵਿੱਚ ਪਹੁੰਚੀ। ਪ੍ਰਧਾਨ ਮੰਤਰੀ ਦੀਵਾਨ ਵਿੱਚ ਪਹੁੰਚਣ ਤੇ ਉੱਥੇ ਹਾਜਰ ਬਹੁਤ ਸਾਰੇ ਲੋਕ (ਜਿਨ੍ਹਾਂ ਵਿੱਚ ਕਈ ਆਪਣੇ ਆਪ ਨੂੰ ਕਹਿੰਦੇ-ਕਹਾਉਂਦੇ ਸਿੱਖ ਆਗੂ ਵੀ ਸ਼ਾਮਿਲ ਸਨ) ਸਟੇਜ ਤੋਂ ਉੱਠ ਕੇ ਪ੍ਰਧਾਨ ਮੰਤਰੀ ਦੇ ਸਵਾਗਤ ਵਿੱਚ ਖੜੇ ਹੋ ਗਏ। ਇਸ ਤੇ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਨੇ ਮਾਈਕ ਵਿੱਚ ਉਹਨਾਂ ਨੂੰ ਕਰੜੀ ਝਾੜ ਪਾਉਂਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚੋਂ ਉੱਠ ਕੇ ਕਿਸੇ ਇੱਕ ਵਿਅਕਤੀ ਦੇ ਸਵਾਗਤ ਲਈ ਖੜੇ ਹੋਣਾ ਗੁਰੂ ਸਾਹਿਬ ਦੀ ਭਾਰੀ ਬੇਅਦਬੀ ਤੇ ਸਿੱਖੀ ਮਰਿਆਦਾ ਦੇ ਉਲਟ ਹੈ। ਗੁਰੂ ਕੀ ਹਜੂਰੀ ਵਿੱਚ ਸਾਰੇ ਵੱਡੇ-ਛੋਟੇ ਵਿਅਕਤੀ ਸੰਗਤ ਰੂਪ ਹਨ। ਸੰਤਾਂ ਦੇ ਏਨੀ ਨਿਰਭੈਤਾ ਤੇ ਨਿਡਰਤਾ ਵਾਲੇ ਬਚਨ ਸੁਣ ਕੇ ਸਾਰੀ ਸੰਗਤ ਹੈਰਾਨ ਰਹਿ ਗਈ।

ਇਸ ਉਪਰੰਤ ਦੀਵਾਨ ਵਿੱਚ ਬੋਲਦਿਆਂ ਸ੍ਰੀਮਤੀ ਗਾਂਧੀ ਨੇ ਕਿਹਾ ਕਿ, 'ਦਿੱਲੀ ਸਰਕਾਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੀ ਹੈ। ਉਹਨਾਂ ਦੀ ਸਰਕਾਰ ਦਾ ਮੁੱਖ ਮੰਤਵ ਦੇਸ਼ ਵਿੱਚੋਂ ਗਰੀਬੀ ਨੂੰ ਖ਼ਤਮ ਕਰਕੇ ਭਾਰਤ ਨੂੰ ਵਿਕਾਸਸ਼ੀਲ ਦੇਸ਼ ਬਣਾਉਣ ਦਾ ਉਪਰਾਲਾ ਕਰਨਾ ਹੈ।'

ਪ੍ਰਧਾਨ ਮੰਤਰੀ ਦੇ ਇਹ ਵਿਚਾਰ ਸੁਣਨ ਤੋਂ ਬਾਅਦ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਆਪਣੇ ਨਿਰਭੈਤਾ ਭਰੇ ਅੰਦਾਜ ਵਿੱਚ ਗੱਜ ਕੇ ਕਿਹਾ, 'ਪ੍ਰਧਾਨ ਮੰਤਰੀ ਨੂੰ ਅੱਜ ਦਿੱਲੀ ਦਾ ਇਹ ਤਖ਼ਤ ਕੇਵਲ ਤੇ ਕੇਵਲ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦਾ ਸਦਕਾ ਹੀ ਪ੍ਰਾਪਤ ਹੋਇਆ ਹੈ। ਜੇਕਰ ਗੁਰੂ ਜੀ ਅਜਿਹਾ ਨਾ ਕਰਦੇ ਤਾਂ ਬੀਬੀ ਜੀ ਅੱਜ ਬੁਰਕੇ ਵਿੱਚ ਹੁੰਦੇ ਤੇ ਇੱਥੇ ਦੀਵਾਨ ਵਿੱਚ ਹਾਜਰ ਸਾਰੇ ਹੀ ਸੱਜਣ ਸੁੰਨਤ ਦੇ ਧਾਰਨੀ ਹੁੰਦੇ। ਬਹੁਤ ਹੀ ਚੰਗਾ ਹੁੰਦਾ ਜੇਕਰ ਪ੍ਰਧਾਨ ਮੰਤਰੀ ਆਪਣੇ ਇਸ ਸਰਕਾਰੀ ਲਹੂ-ਲਸ਼ਕਰ ਨੂੰ ਤਿਆਗ ਕੇ ਨਿੱਜੀ ਰੂਪ ਵਿੱਚ ਇੱਥੇ ਗੁਰੂ ਤੇਗ ਬਹਾਦੁਰ ਜੀ ਦੇ ਚਰਨਾਂ ਵਿੱਚ ਹਾਜਰੀ ਲਵਾਉਣ ਵਾਸਤੇ ਆਉਂਦੇ।'

ਭਾਰਤ ਵਿੱਚੋਂ ਗਰੀਬੀ ਦੇ ਖ਼ਾਤਮੇ ਬਾਰੇ ਕੀਤੇ ਜਾਣ ਵਾਲੇ ਉਪਰਾਲੇ ਦੀ ਗੱਲ ਕਰਦਿਆਂ ਉਹਨਾਂ ਨੇ ਕਿਹਾ ਕਿ, 'ਜਦ ਤੱਕ ਇਸ ਦੇਸ਼ ਦੇ ਹੁਕਮਰਾਨ ਆਪਣੇ ਖ਼ਰਚਿਆਂ ਦਾ ਹਿਸਾਬ-ਕਿਤਾਬ ਨਹੀਂ ਰੱਖਦੇ, ਇਸ ਦੇਸ਼ ਵਿੱਚੋਂ ਗਰੀਬੀ ਖ਼ਤਮ ਨਹੀਂ ਹੋ ਸਕਦੀ।'

ਸੰਤਾਂ ਦੀ ਇਹ ਦਿਲ ਖਿੱਚਵੀਂ ਅਤੇ ਨਿਰਭੈਤਾ ਪੂਰਵਕ ਤਕਰੀਰ ਸ੍ਰੀਮਤੀ

ਇੰਦਰਾ ਗਾਂਧੀ ਨੇ ਬੜੇ ਧਿਆਨ ਨਾਲ ਸੁਣੀ ਤੇ ਕਾਫ਼ੀ ਚਿਰ ਸੋਚਾਂ ਵਿੱਚ ਡੁੱਬੀ ਰਹੀ।

ਮਹਾਂਪੁਰਖਾਂ ਨੇ ਆਪਣੇ ਦਲੀਲ ਭਰਪੂਰ ਵਿਚਾਰਾਂ ਅਤੇ ਤਰਕਾਂ ਦਾ ਸਦਕਾ ਬਹੁਤ ਸਾਰੇ ਗੁਰਮਤਿ ਸਬੰਧੀ ਪਏ ਹੋਏ ਭੁਲੇਖਿਆਂ ਅਤੇ ਭਰਮਾਂ ਨੂੰ ਵੀ ਦੂਰ ਕੀਤਾ। ਸੰਤਾਂ ਦੀ ਰਹਿਨੁਮਾਈ ਵਿੱਚ ਦਮਦਮੀ ਟਕਸਾਲ ਦਿਨ ਦੁੱਗਣੀ ਰਾਤ ਚੌਗੁਣੀ ਸਫ਼ਲਤਾ ਪ੍ਰਾਪਤ ਕਰ ਰਹੀ ਸੀ।

ਇਸ ਦੌਰਾਨ (ਭਾਈ) ਅਮਰੀਕ ਸਿੰਘ ਜੀ ਨੇ ਮਹਿਤਾ ਡੇਰੇ ਵਿਖੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਪਾਸੇ ਅਤੇ ਕੀਰਤਨ ਵਿਦਿਆਲੇ ਦੇ ਅੱਗੇ ਖ਼ਾਲੀ ਪਈ ਜਗ੍ਹਾ ਵਿੱਚ ਫੁੱਲ-ਬੂਟੇ ਲਗਾ ਕੇ ਇੱਕ ਸੁੰਦਰ ਬਗੀਚਾ ਤਿਆਰ ਕਰਵਾਇਆ। ਭਾਈ ਸਾਹਿਬ ਨੇ ਸਾਰੇ ਡੇਰੇ ਵਿੱਚ ਥਾਈਂ-ਥਾਈਂ ਹਰੇ ਛਾਂ ਵਾਲੇ ਪੌਦੇ ਲਗਾਏ ਜਿਹਨਾਂ ਦੀ ਦੇਖਭਾਲ ਉਹ ਸਿੰਘਾਂ ਨੂੰ ਨਾਲ ਲੈ ਕੇ ਆਪ ਕਰਦੇ ਸਨ। ਉਹਨਾਂ ਨੇ ਬਗੀਚੇ ਵਿੱਚ ਛੋਟੀਆਂ ਛੋਟੀਆਂ ਕਿਆਰੀਆਂ ਬਣਾ ਕੇ ਘਾਹ ਲਗਾਇਆ ਤਾਂ ਕਿ ਵਿਦਿਆਰਥੀ ਸਿਆਲਾਂ ਵਿੱਚ ਧੁੱਪੇ ਘਾਹ ਉੱਪਰ ਬੈਠ ਕੇ ਗੁਰਬਾਣੀ ਅਭਿਆਸ ਆਦਿਕ ਕਰਿਆ ਕਰਨ। ਭਾਈ ਸਾਹਿਬ ਦੇ ਹੱਥੀਂ ਲਗਾਇਆ ਸੁੰਦਰ ਬਗੀਚਾ ਅੱਜ ਵੀ ਮਹਿਤਾ ਸਾਹਿਬ ਵਿਖੇ ਉਸੇ ਤਰ੍ਹਾਂ ਮੌਜੂਦ ਹੈ ਜਿਸਨੂੰ ਸਮੇਂ ਅਨੁਸਾਰ ਹੋਰ ਵੀ ਵਧਾਇਆ ਜਾ ਗਿਆ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਬੀ·ਏ· ਭਾਗ ਪਹਿਲਾ ਦਾ ਨਤੀਜਾ ਆ ਚੁੱਕਾ ਸੀ। (ਭਾਈ) ਅਮਰੀਕ ਸਿੰਘ ਨੇ ਚੰਗੇ ਨੰਬਰ ਲੈ ਕੇ ਪਹਿਲੇ ਰੈਂਕ ਵਿੱਚ ਇਹ ਇਮਤਿਹਾਨ ਪਾਸ ਕੀਤਾ ਸੀ ਜਿਸ ਤੋਂ ਬਾਬਾ ਥਾਹਰਾ ਸਿੰਘ ਬਹੁਤ ਖੁਸ਼ ਹੋਏ। (ਭਾਈ) ਅਮਰੀਕ ਸਿੰਘ ਜੀ ਆਪਣੀ ਸਫ਼ਲਤਾ ਦਾ ਸਿਹਰਾ ਬਾਬਾ ਥਾਹਰਾ ਸਿੰਘ ਜੀ ਨੂੰ ਹੀ ਦਿੰਦੇ ਸਨ ਜਿਹਨਾਂ ਦੇ ਉਪਰਾਲੇ ਸਦਕਾ ਉਹਨਾਂ ਦੀ ਪੜ੍ਹਾਈ ਅੱਗੇ ਵਧ ਸਕੀ। ਭਾਈ ਸਾਹਿਬ ਨੂੰ ਸਫ਼ਲਤਾ ਹੁਣ ਵਧੇਰੇ ਨਜਦੀਕ ਜਾਪਣ ਲੱਗੀ। ਮਨ ਵਿੱਚ ਉਤਸ਼ਾਹ ਦੁੱਗਣਾ-ਚੌਗੁਣਾ ਹੋ ਗਿਆ ਸੀ ਤੇ ਮੰਜਿਲ ਵੱਲ ਇੱਕ ਕਦਮ ਹੋਰ ਅੱਗੇ ਨੂੰ ਪੁੱਟਦਿਆਂ ਉਹਨਾ ਨੇ ਖ਼ਾਲਸਾ ਕਾਲਜ ਵਿੱਚ ਬੀ·ਏ· ਭਾਗ ਦੂਜਾ ਦੀ ਪੜ੍ਹਾਈ ਆਰੰਭ ਕਰ ਦਿੱਤੀ ਪਰੰਤੂ ਪਿੰਡ ਭੂਰਾ ਕੋਹਨਾਂ ਵਿਖੇ ਮਾਤਾ ਜੀ ਦੀ ਸਿਹਤ ਢਿੱਲੀ ਹੋਣ ਕਾਰਨ ਉਹਨਾਂ ਨੂੰ ਕੁਝ ਦਿਨ ਪਿੰਡ ਹੀ ਰੁਕਣਾ ਪਿਆ। ਸੰਤ ਕਰਤਾਰ ਸਿੰਘ ਜੀ ਨੇ ਪਿੰਡ ਭੂਰਾ ਕੋਹਨਾਂ ਵਿਖੇ ਘਰ ਅਖੰਡ ਪਾਠ ਸਾਹਿਬ ਕਰਵਾਉਣ ਦਾ ਹੁਕਮ ਦੇ ਕੇ ਬਾਬਾ ਥਾਹਰਾ ਸਿੰਘ ਜੀ ਸਮੇਤ ਕੁਝ ਕੁ ਸਿੰਘਾਂ ਨੂੰ ਪਿੰਡ ਭੇਜ ਦਿੱਤਾ ਅਤੇ ਨਾਲ ਹੀ ਪਿੰਡ ਵਿੱਚ ਬਣੀ ਛੋਟੀ ਜਿਹੀ ਸਮਾਧ, ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਸੀ, ਦੀ ਸੇਵਾ ਕਰਵਾਉਣ ਦਾ ਹੁਕਮ ਦਿੱਤਾ।

ਬਾਬਾ ਜੀ ਨੇ ਘਰ ਆ ਕੇ ਅਖੰਡ ਪਾਠ ਸਾਹਿਬ ਆਰੰਭ ਕਰਵਾ ਦਿੱਤਾ ਅਤੇ

ਨਾਲ ਹੀ ਸਮਾਧ ਦੀ ਸੇਵਾ ਵੀ ਆਰੰਭ ਕਰਵਾਈ। (ਭਾਈ) ਅਮਰੀਕ ਸਿੰਘ ਨਾਲ ਸੇਵਾ ਕਰਵਾਉਂਦੇ ਰਹੇ, ਘਰ ਦੇ ਦੂਸਰੇ ਕੰਮਾਂ ਦੀ ਜਿੰਮੇਵਾਰੀ (ਭਾਈ) ਮਨਜੀਤ ਸਿੰਘ ਦੇ ਜਿੰਮੇ ਹੀ ਸੀ, ਜਿਨ੍ਹਾਂ ਨੂੰ ਸੰਤ ਪਿਆਰ ਨਾਲ ਕਦੇ-ਕਦੇ ਮੁਨਸ਼ੀ ਜੀ ਵੀ ਕਹਿੰਦੇ ਸਨ। ਮਾਤਾ ਜੀ ਦੀ ਸਿਹਤ ਦਾ ਖਿਆਲ ਕਰਦਿਆਂ ਉਸ ਵਕਤ ਸਾਰੇ ਪਰਿਵਾਰ ਦੇ ਜੀਆਂ ਦੇ ਮਨ ਵਿੱਚ ਇਹ ਵਿਚਾਰ ਆਇਆ ਕਿ (ਭਾਈ) ਅਮਰੀਕ ਸਿੰਘ ਜੀ ਦੀ ਸ਼ਾਦੀ ਜਲਦੀ ਕਰ ਦੇਣੀ ਚਾਹੀਦੀ ਹੈ। ਉਸ ਵਕਤ (ਭਾਈ) ਅਮਰੀਕ ਸਿੰਘ ਦੇ ਮਨ ਵਿੱਚ ਇਹ ਵਿਚਾਰ ਆਇਆ ਕਿ ਉਨ੍ਹਾ ਦੀ ਹੋਣ ਵਾਲੀ ਧਰਮ ਸੁਪੱਤਨੀ ਵੀ ਪੜ੍ਹੀ-ਲਿਖੀ ਤੇ ਸੁਲਝੇ ਹੋਏ ਆਧੁਨਿਕ ਵਿਚਾਰਾਂ ਦੀ ਤੇ ਉੱਚੀ ਰਹਿਣੀ-ਬਹਿਣੀ ਵਾਲੀ ਹੋਣੀ ਚਾਹੀਦੀ ਹੈ ਪਰੰਤੂ ਮਹਾਂਪੁਰਖਾਂ ਦੇ ਬਚਨਾਂ ਅਤੇ ਹੁਕਮ ਨੂੰ ਟਾਲਣ ਦੀ ਸ਼ਕਤੀ ਉਹਨਾਂ ਵਿੱਚ ਨਹੀਂ ਸੀ, ਇਸ ਲਈ ਉਹ ਦੁਚਿੱਤੀ ਵਿੱਚ ਸਨ। ਇੱਥੇ ਇਹ ਵੀ ਵਰਣਨਯੋਗ ਹੈ ਕਿ ਬੀਬੀ ਮਹਿੰਦਰ ਕੌਰ (ਜਿੰਨ੍ਹਾਂ ਦਾ ਨਾਮ ਬਦਲ ਕੇ ਬਾਅਦ ਵਿੱਚ ਬੀਬੀ ਹਰਮੀਤ ਕੌਰ ਕਰ ਦਿੱਤਾ ਗਿਆ) ਪਿੰਡ ਦੇ ਸਕੂਲ ਵਿੱਚੋਂ ਕੇਵਲ ਪ੍ਰਾਇਮਰੀ ਪਾਸ ਹੀ ਸਨ। ਉਸ ਤੋਂ ਅੱਗੇ ਪੜ੍ਹਨ ਲਈ ਪਿੰਡੋਂ ਕਾਫ਼ੀ ਦੂਰ ਜਾਣਾ ਪੈਂਦਾ ਸੀ ਜਿਸਦੀ ਇਜਾਜਤ ਨਾ ਮਿਲਣ ਤੇ ਉਹਨਾਂ ਸਕੂਲੀ ਪੜ੍ਹਾਈ ਪੰਜਵੀਂ ਤੋਂ ਹੀ ਛੱਡ ਦਿੱਤੀ ਸੀ।

(ਭਾਈ) ਅਮਰੀਕ ਸਿੰਘ ਜੀ ਦੇ ਮਨ ਦੀ ਇਹ ਦੁਬਿਧਾ ਨੂੰ ਦੂਰ ਕਰਨ ਲਈ ਉਹਨਾਂ ਦੇ ਛੋਟੇ ਭਰਾਤਾ (ਭਾਈ) ਮਨਜੀਤ ਸਿੰਘ ਨੇ ਉਸ ਵਕਤ ਪਿੰਡ ਸਮਾਧ ਦੀ ਸੇਵਾ ਕਰਵਾ ਰਹੇ ਬਾਬਾ ਥਾਹਰਾ ਸਿੰਘ ਜੀ ਕੋਲ ਗੱਲ ਕੀਤੀ ਕਿ, 'ਚੰਗਾ ਹੋਵੇ ਜੇਕਰ ਆਪਾਂ ਮਹਾਂਪੁਰਖਾਂ ਨੂੰ ਬੇਨਤੀ ਕਰਕੇ ਕੋਈ ਪੜ੍ਹੀ-ਲਿਖੀ ਬੀਬੀ ਨਾਲ ਇਹ ਰਿਸ਼ਤਾ ਕਰ ਲਈਏ ਕਿਉਂਕਿ ਭਾਈ ਸਾਹਿਬ ਖ਼ਾਲਸਾ ਕਾਲਜ ਵਿਖੇ ਪੜ੍ਹਾਈ ਕਰ ਰਹੇ ਹਨ ਤੇ ਕਿਤੇ ਇਹਨਾਂ ਦੇ ਵਿਚਾਰਾਂ ਵਿੱਚ ਅੰਤਰ ਨਾ ਹੋਵੇ।'

(ਭਾਈ) ਮਨਜੀਤ ਸਿਘ ਦੇ ਮੂੰਹੋਂ ਇਹ ਗੱਲ ਸੁਣਦਿਆਂ, ਬਾਬਾ ਥਾਹਰਾ ਸਿੰਘ ਜੀ ਮੁਸਕੁਰਾ ਕੇ ਕਹਿਣ ਲੱਗੇ, 'ਭੋਲਿਆ ਉਹਨੇ ਈ ਚੰਗੀ ਰਹਿਣਾਂ ਈ, ਮਹਾਂਪੁਰਖ ਸੰਯੋਗ ਮੇਲ ਗਏ ਹਨ।'

ਬਾਬਾ ਜੀ ਦਾ ਉੱਤਰ ਸੁਣ ਕੇ (ਭਾਈ) ਮਨਜੀਤ ਸਿਘ ਨੇ ਇਸ ਬਾਰੇ ਕੋਈ ਗੱਲ ਨਾ ਕੀਤੀ। ਪਰ ਬਾਬਾ ਥਾਹਰਾ ਸਿੰਘ ਜੀ ਦੇ ਮੂੰਹੋ ਨਿਕਲੇ ਅਚਨਚੇਤ ਹੀ ਇਹਨਾਂ ਭਾਵ-ਪੂਰਵਕ ਬਚਨਾਂ ਦੀ ਅਹਿਮੀਅਤ ਅੱਜ ਮਹਿਸੂਸ ਹੁੰਦੀ ਹੈ। ਨਿਰਸੰਦੇਹ ਉਹਨਾਂ ਨੇ ਆਉਣ ਵਾਲੇ ਸਮੇਂ ਵਿੱਚ (ਭਾਈ) ਅਮਰੀਕ ਸਿੰਘ ਦੀ ਧਰਮ ਸੁਪੱਤਨੀ ਦੇ ਰਸਤੇ ਵਿੱਚ ਉਹਨਾਂ ਦੀ ਸ਼ਹੀਦੀ ਤੋਂ ਬਾਅਦ ਆਉਣ ਵਾਲੀਆਂ ਮੁਸ਼ਕਿਲਾਂ ਤੇ ਮੁਸੀਬਤਾਂ ਨੂੰ ਵਿਚਾਰ ਕੇ ਹੀ ਇਹ ਭਵਿੱਖ ਦਰਸਾਉਂਦੇ ਬਚਨ ਕੀਤੇ ਸਨ। ਕੇਵਲ ਇੱਕ ਸਹਿਣਸ਼ੀਲ ਅਤੇ ਗੰਭੀਰ ਸੋਚ ਤੋਂ ਇਲਾਵਾ ਉੱਚੇ-ਸੁੱਚੇ, ਗੁਰਸਿੱਖੀ ਸੋਚ ਤੇ

ਸਾਦੇ ਤੇ ਜਿਹੇ ਜੀਵਨ ਢੰਗ ਵਾਲੀ ਇਸਤਰੀ ਹੀ ਇਹ ਬਿਖੜਾ ਰਸਤਾ ਤਹਿ ਕਰ ਸਕਦੀ ਸੀ ਜਿਸ ਉੱਪਰ ਤੁਰਨਾ ਅਤਿ ਮੁਸ਼ਕਿਲ ਹੈ। ਸ਼ਾਇਦ ਇਸੇ ਕਰਕੇ ਹੀ ਮਹਾਂਪੁਰਖਾਂ ਨੇ (ਭਾਈ) ਅਮਰੀਕ ਸਿੰਘ ਦੇ ਨਾਲ-ਨਾਲ (ਵਿਆਹ ਉਪਰੰਤ) ਬੀਬੀ ਹਰਮੀਤ ਕੌਰ ਜੀ ਨੂੰ ਵੀ ਅਨੇਕਾਂ ਵਾਰ ਖੁਸ਼ੀਆਂ ਬਖਸ਼ਿਸ਼ ਕੀਤੀਆਂ। ਸੰਤ ਗਿਆਨੀ ਕਰਤਾਰ ਸਿੰਘ ਨੂੰ ਇਹ ਭਲੀ ਪ੍ਰਕਾਰ ਪਤਾ ਸੀ ਕਿ ਉਹਨਾਂ ਦਾ ਭੁਝੰਗੀ ਇੱਕ ਆਧੁਨਿਕ ਮਾਹੌਲ ਵਿੱਚ ਵਿਚਰ ਕੇ ਵਿੱਦਿਆ ਹਾਸਲ ਕਰ ਰਿਹਾ ਹੈ। ਸੋ ਸਪੱਸ਼ਟ ਸੀ ਕਿ ਭਾਈ ਸਾਹਿਬ ਦੀ ਸੋਚ ਦਾ ਦਾਇਰਾ ਵੀ ਓਨਾ ਹੀ ਵਿਸ਼ਾਲ ਹੋਵੇਗਾ ਪਰ ਦੂਜੇ ਪਾਸੇ ਇੱਕ ਸਾਦੇ ਜਿਹੇ ਪਰ ਗੁਰਸਿੱਖੀ ਨਾਲ ਪੋਟਾ-ਪੋਟਾ ਰੰਗੇ ਹੋਏ ਮਿਹਨਤੀ ਅਤੇ ਅਤਿ ਦਰਜੇ ਦੇ ਸਾਊ ਪਰਿਵਾਰ ਦੀ ਲੜਕੀ ਕੇਵਲ ਪਿੰਡ ਦੇ ਸਰਕਾਰੀ ਸਕਲ ਦੀਆਂ ਪੰਜ ਜਮਾਤਾਂ ਹੀ ਪਾਸ। ਪਰ ਸ਼ਾਇਦ ਸਾਡੀ ਸੋਚ ਤੇ ਬੁੱਧੀ ਕਿਸੇ ਵਿੱਦਿਅਕ ਸੰਸਥਾ ਦੇ ਘੇਰੇ ਅਤੇ ਡਿਗਰੀਆਂ ਦੀ ਮੁਹਤਾਜ ਨਹੀਂ ਹੁੰਦੀ, ਇਸੇ ਗੱਲ ਨੂੰ ਹੀ ਬਾਬਾ ਥਾਹਰਾ ਸਿੰਘ ਜੀ ਨੇ ਵੀ ਮੁੱਖ ਰੱਖ ਕੇ ਬਚਨ ਕੀਤਾ ਸੀ।

"ਏਥੇ ਸਿਰਫ ਓਹ ਈ ਨਿਭਾ ਸਕਦੀ ਹੈ।" ਸੰਤ ਜੀ ਨੇ ਬਸ ਏਨੇ ਸ਼ਬਦ ਹੀ ਕਹੇ। (ਜਿਨ੍ਹਾਂ ਵਿੱਚ ਉਹ ਬਹੁਤ ਵੱਡੀ ਤੇ ਭਵਿੱਖ ਗੱਲ ਕਰ ਗਏ ਸਨ, ਇਹ ਹੁਣ ਸਮਝ ਆਉਂਦੀ ਹੈ।)

ਬੇਸ਼ੱਕ ਸੰਤ ਕਰਤਾਰ ਸਿੰਘ ਜੀ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਸੀ ਕਿ ਉਹਨਾਂ ਦੀ ਹੋਣ ਵਾਲੀ ਨੂੰਹ ਉਹਨਾ ਦੇ ਸਪੁੱਤਰ ਨਾਲੋਂ ਦੁਨਿਆਵੀ ਵਿੱਦਿਆ ਵਿੱਚ ਬਹੁਤ ਪਿੱਛੇ ਹੈ ਪਰ ਉਹਨਾਂ ਦੀ ਇਹ ਦਿਲੀਂ ਤਮੰਨਾ ਸੀ ਕਿ ਉਹਨਾਂ ਦੇ ਇਸ ਹੋਣਹਾਰ ਸਪੁੱਤਰ ਦੀ ਧਰਮ-ਸੁਪੱਤਨੀ ਗੁਰਮਤਿ ਵਿੱਦਿਆ ਅਤੇ ਕੀਰਤਨ ਵਿੱਚ ਪਰਪੱਕ ਹੋਵੇ। ਸੋ ਮਹਾਂਪੁਰਖਾਂ ਨੇ ਇੱਕ ਪਰਿਵਾਰਕ ਰਾਗੀ ਜੱਥਾ ਹਰਮੋਨੀਅਮ ਅਤੇ ਜੋੜੀ ਸਮੇਤ ਪਿੰਡ ਧੀਰਾ ਪੱਤਰਾ ਵਿਖੇ ਭਾਈ ਗੁਰਦੀਪ ਸਿੰਘ ਜੀ ਦੇ ਘਰ ਭੇਜਿਆ ਤੇ ਨਾਲ ਹੀ ਇਹ ਸੁਨੇਹਾ ਦਿੱਤਾ ਕਿ, 'ਬੀਬੀ ਮਹਿੰਦਰ ਕੌਰ ਨੂੰ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਪੂਰੀ ਸ਼ੁੱਧ ਗੁਰਮੁਖੀ ਵਿੱਚ ਅਤੇ ਕੀਰਤਨ ਦੀ ਸਿਖਲਾਈ ਦੇਣੀ ਵੀ ਜਰੂਰੀ ਹੈ। ਵੱਧ ਤੋਂ ਵੱਧ ਬਾਣੀਆਂ ਜੁਬਾਨੀ ਕੰਠ ਹੋਣੀਆਂ ਚਾਹੀਦੀਆਂ ਹਨ ਅਤੇ ਗੁਰਬਾਣੀ ਦਾ ਉਚਾਰਨ ਟਕਸਾਲੀ ਰਹਿਤ ਮਰਿਆਦਾ ਅਨੁਸਾਰ ਸਪੱਸ਼ਟ ਲਗਾਂ-ਮਾਤਰਾਂ ਅਨੁਸਾਰ ਹੋਵੇ।'

ਤਕਰੀਬਨ ਇੱਕ-ਡੇਢ ਸਾਲ ਇਹ ਰਾਗੀ ਸਿੰਘ ਤੇ ਉਹਨਾਂ ਦੀ ਸਿੰਘਣੀ ਭਾਈ ਗੁਰਦੀਪ ਸਿੰਘ ਜੀ ਦੇ ਘਰ ਪਿੰਡ ਧੀਰਾ ਪੱਤਰਾ ਵਿਖੇ ਬੀਬੀ ਮਹਿੰਦਰ ਕੌਰ ਤੇ ਪਰਿਵਾਰ ਦੇ ਦੂਜੇ ਸਾਰੇ ਭੁਝੰਗੀਆਂ ਅਤੇ ਭੁਝੰਗਣਾਂ ਨੂੰ ਕੀਰਤਨ ਸਿਖਾਉਣ ਦੇ ਨਾਲ-ਨਾਲ ਗੁਰਬਾਣੀ ਦੀ ਸੰਥਿਆ ਦਾ ਅਭਿਆਸ ਵੀ ਕਰਵਾਉਂਦੇ ਰਹੇ। ਬੀਬੀ ਮਹਿੰਦਰ

ਕੌਰ ਅਤੇ ਉਹਨਾਂ ਦੀਆਂ ਦੂਸਰੀਆਂ ਭੈਣਾਂ ਅਤੇ ਭਰਾ ਮਿਲਕੇ ਆਪਣੇ ਉਸਤਾਦ ਜੀ ਦੀ ਸੇਵਾ ਵਿੱਚ ਕੋਈ ਕਸਰ ਬਾਕੀ ਨਾ ਰਹਿਣ ਦਿੰਦੇ, ਉਹਨਾਂ ਦੇ ਬਸਤਰ ਆਦਿਕ ਵੀ ਖੁਦ ਹੀ ਧੋਂਦੇ ਅਤੇ ਹੱਥੀਂ ਪ੍ਰਸ਼ਾਦਾ ਆਦਿਕ ਤਿਆਰ ਕਰਨ ਤੋਂ ਇਲਾਵਾ ਉਹਨਾਂ ਦਾ ਮੰਜਾ-ਬਿਸਤਰਾ ਵੀ ਖੁਦ ਹੀ ਵਿਛਾਉਂਦੇ ਸਨ। ਇਸ ਤਰ੍ਹਾਂ ਬੀਬੀ ਮਹਿੰਦਰ ਕੌਰ ਤੇ ਉਹਨਾਂ ਦੇ ਸਾਰੇ ਭੈਣ-ਭਰਾਵਾਂ ਨੇ ਕੀਰਤਨ ਦੇ ਨਾਲ-ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਸੰਪੂਰਨ ਕੀਤੀ ਅਤੇ ਮਹਾਂਪੁਰਖਾਂ ਦੀ ਹਦਾਇਤ ਦੇ ਮੁਤਾਬਿਕ ਬਾਣੀ ਦਾ ਉਚਾਰਨ ਸਪੱਸ਼ਟ ਅਤੇ ਸ਼ੁੱਧ ਰੱਖਣ ਦਾ ਪੂਰਾ ਯਤਨ ਕੀਤਾ। ਇੰਝ ਬੀਬੀ ਮਹਿੰਦਰ ਕੌਰ ਵੀ ਸੇਵਾ ਦੇ ਧਿਆਨ ਦੇ ਵਾਤਾਵਰਣ ਵਿੱਚ ਰਹਿ ਕੇ ਆਉਣ ਵਾਲੇ ਸਮੇਂ ਦਾ ਮਾਨਸਿਕ ਅਤੇ ਅਧਿਆਤਮਿਕ ਤੌਰ ਤੇ ਸਾਹਮਣਾ ਕਰਨ ਦੀ ਤਿਆਰੀ ਕਰਨ ਵਿੱਚ ਰੁੱਝੇ ਸਨ। ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਜਦ ਵੀ ਜੱਥੇ ਸਮੇਤ ਪਿੰਡ ਧੀਰਾ ਪੱਤਰਾ ਵਿਖੇ ਆਉਂਦੇ ਤਾਂ ਜੱਥੇਦਾਰ ਗੁਰਦੀਪ ਸਿੰਘ ਜੀ ਦੇ ਘਰ ਜਾ ਕੇ ਬੀਬੀ ਮਹਿੰਦਰ ਕੌਰ ਪਾਸੋਂ ਕੰਠ ਕੀਤੀਆਂ ਹੋਈਆਂ ਬਾਣੀਆਂ ਸੁਣਦੇ ਅਤੇ ਕੀਰਤਨ ਦਾ ਅਭਿਆਸ ਵੱਧ ਤੋਂ ਵੱਧ ਕਰਨ ਲਈ ਜ਼ੋਰ ਦਿੰਦੇ। ਸ਼ੁੱਧ ਅਤੇ ਸਪੱਸ਼ਟ ਗੁਰਬਾਣੀ ਉਚਾਰਨ ਸੁਣ ਕੇ ਮਹਾਂਪੁਰਖ ਅਤਿ ਪ੍ਰਸੰਨ ਹੁੰਦੇ ਸਨ ਅਤੇ ਇਨਾਮ ਵਜੋਂ ਦੋ ਜਾਂ ਪੰਜ ਰੁਪਏ ਵੀ ਆਪਣੀ ਜੇਬ ਵਿੱਚੋਂ ਕੱਢ ਕੇ ਦਿੰਦੇ ਸਨ।

ਇਸ ਤਰ੍ਹਾਂ ਬੀਬੀ ਮਹਿੰਦਰ ਕੌਰ ਭਾਵੇਂ ਸੰਸਾਰਿਕ ਵਿੱਦਿਆ ਕਰਕੇ ਕੇਵਲ ਪ੍ਰਾਇਮਰੀ ਹੀ ਪਾਸ ਸਨ ਪਰ ਗੁਰਤਿ ਦੀ ਵਿਦਿਆ ਹਾਸਲ ਕਰਕੇ ਉਹ (ਭਾਈ) ਅਮਰੀਕ ਸਿੰਘ ਦੇ ਵਿਚਾਰਾਂ ਦੀ ਚੋਟੀ ਨੂੰ ਸਰ ਕਰਨ ਲਈ ਯਤਨ ਜਰੂਰ ਕਰ ਰਹੇ ਸਨ। ਮਹਾਂਪੁਰਖ ਸੱਚੀ ਵਿੱਦਿਆ ਬੀਬੀ ਮਹਿੰਦਰ ਕੌਰ ਨੂੰ ਦਿਵਾਉਣਾ ਚਾਹੁੰਦੇ ਸਨ ਜਿਸ ਅੱਗੇ ਦੁਨਿਆਵੀ ਵਿੱਦਿਆ ਵੀ ਝੁਕਣ ਲਈ ਮਜਬੂਰ ਹੋ ਜਾਂਦੀ ਹੈ।

(ਭਾਈ) ਅਮਰੀਕ ਸਿੰਘ ਨੇ ਖ਼ਾਲਸਾ ਕਾਲਜ ਜਾ ਕੇ ਬੀ·ਏ· ਭਾਗ ਦੂਜਾ ਦੀ ਪੜ੍ਹਾਈ ਆਰੰਭ ਕਰ ਲਈ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਇਨ੍ਹੀ ਦਿਨੀਂ ਜੱਥੇ ਸਮੇਤ ਬੰਬਈ ਅਤੇ ਕਲਕੱਤਾ ਵਰਗੇ ਦੂਰ-ਦੁਰਾਡੇ ਦੇ ਮਹਾਂਨਗਰਾਂ ਵਿੱਚ ਵਿਚਰ ਕੇ ਕਥਾ-ਕੀਰਤਨ ਦਾ ਨਿਰੰਤਰ ਪ੍ਰਵਾਹ ਚਲਾ ਰਹੇ ਸਨ ਅਤੇ ਇਹਨਾਂ ਵੱਡੇ ਸ਼ਹਿਰਾਂ ਵਿੱਚ ਆ ਕੇ ਵਸੇ ਸਿੱਖਾਂ (ਪੰਜਾਬੀਆਂ) ਵਿੱਚ ਨਸ਼ੇ ਅਤੇ ਨਾਸਤਿਕਪੁਣੇ ਵਿਰੋਧੀ ਜੋਰਦਾਰ ਹੋਕਾ ਦੇ ਕੇ ਅਨੇਕਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦੀ ਪਾਹੁਲ ਤਿਆਰ ਕਰਕੇ ਛਕਾ ਰਹੇ ਸਨ। ਪੰਜਾਬ ਤੋਂ ਬਾਹਰ ਵਸੇ ਹੋਏ ਪੰਜਾਬੀ ਸਿੱਖਾਂ ਵਿੱਚ ਜਿਆਦਾਤਰ ਟਰਾਂਸਪੋਰਟਰਾਂ ਦਾ ਕੰਮ ਕਰਨ ਵਾਲੇ ਡਰਾਇਵਰ ਸਿੰਘ ਹੀ ਸਨ, ਜਿਹਨਾਂ ਵਿੱਚ ਕੇਸਾਂ ਦੀ ਬੇਅਦਬੀ ਕਰਨਾ, ਅਲੱਗ-ਅਲੱਗ ਨਸ਼ਿਆਂ ਦੀ ਵਰਤੋਂ ਕਰਨਾ ਅਤੇ ਸ਼ਰਾਬ ਨਾਲ ਡੱਕੋ-ਡੱਕ ਹੋ ਕੇ ਗੱਡੀਆਂ ਆਦਿਕ ਚਲਾਉਣਾ ਆਮ ਗੱਲ ਸੀ। ਭਾਵੇਂ ਇਹਨਾਂ

ਸਿੱਖਾਂ ਦਾ ਵਾਸ ਵੱਡੇ-ਵੱਡੇ ਆਧੁਨਿਕ ਸ਼ਹਿਰਾਂ ਵਿੱਚ ਹੀ ਸੀ ਤੇ ਆਰਥਿਕ ਪੱਖ ਵੀ ਮਜਬੂਤ ਸੀ ਪਰ ਸਿੱਖੀ ਵਿਚਾਰਧਾਰਾ ਤੇ ਗੁਰਮਤਿ ਦੇ ਗਿਆਨ ਪੱਖੋਂ ਇਹ ਸਿੱਖ ਬਿਲਕੁਲ ਗਿਆਨਹੀਣ ਅਤੇ ਨੈਤਿਕਤਾ ਦੀ ਸੂਝ-ਬੂਝ ਤੋਂ ਹੀਣੇ ਸਨ। ਮਹਾਂਪੁਰਖਾਂ ਦੇ ਪ੍ਰਚਾਰ ਵਿੱਚ ਏਨੀ ਖਿੱਚ ਏਨੀ ਸ਼ਕਤੀ ਹੁੰਦੀ ਸੀ ਕਿ ਉਹਨਾ ਦੀਆਂ ਦਲੀਲਾਂ ਸੁਣ ਕੇ ਬੰਬਈ ਅਤੇ ਕਲਕੱਤੇ ਵਿੱਚ ਕਈ ਸਿੱਖ ਪਰਿਵਾਰ ਅੰਮ੍ਰਿਤ ਛਕ ਕੇ ਸਦੀਵੀਂ ਰੂਪ ਵਿੱਚ ਦਮਦਮੀਂ ਟਕਸਾਲ ਨਾਲ ਜੁੜ ਗਏ। ਮਹਾਂਨਗਰਾਂ ਵਿੱਚ ਸੰਤਾਂ ਦੇ ਪ੍ਰਚਾਰ ਦਾ ਅਸਰ ਅਤਿਅੰਤ ਜਿਕਰਯੋਗ ਹੈ। ਏਨੇ ਸਿੱਖਾਂ ਵਿੱਚ ਇਹ ਤਬਦੀਲੀ ਕੇਵਲ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਹੀ ਲਿਆ ਸਕਦੇ ਸਨ। ਗਿਆਨ ਦੇ ਚਾਨਣ ਨੇ ਉਹਨਾਂ ਦੇ ਘਰਾਂ ਵਿੱਚ ਰੋਸ਼ਨੀ ਕਰ ਦਿੱਤੀ ਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਹਿੰਦੋਸਤਾਨ ਦੇ ਇੱਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਗੂੰਜਣ ਲੱਗ ਪਏ।

ਇੱਥੇ ਇਹ ਪ੍ਰਮਾਣ ਦੇਣਾ ਬਿਲਕੁਲ ਢੁੱਕਵਾਂ ਹੋਵੇਗਾ ਕਿ ਸਵ: ਸ੍ਰ ਗੁਰਮੀਤ ਸਿੰਘ ਬਰਾੜ ਮੁਕਤਸਰ (ਸਾਬਕਾ ਮੰਤਰੀ ਸ਼੍ਰੋਮਣੀ ਅਕਾਲੀ ਦਲ) ਗੁਰਸਿੱਖੀ ਪ੍ਰਤੀ ਖਿੱਚ ਤੇ ਦਿਲੀਂ ਤਾਂਘ ਰੱਖਦੇ ਹੋਣ ਕਰਕੇ ਅਕਸਰ ਹੀ ਦਮਦਮੀ ਟਕਸਾਲ ਦੇ ਦੀਵਾਨਾਂ ਵਿੱਚ ਜਾ ਕੇ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦਾ ਪ੍ਰਚਾਰ ਅਤੇ ਗੁਰਬਾਣੀ ਦੀ ਕਥਾ ਸੁਣਿਆ ਕਰਦੇ ਸਨ। ਮਹਾਂਪੁਰਖਾਂ ਨਾਲ ਪ੍ਰੇਮ ਰੱਖਣ ਕਾਰਨ ਉਹਨਾਂ ਨੇ ਕਈ ਵਾਰ ਸੰਤਾਂ ਨਾਲ ਨਿੱਜੀ ਰੂਪ ਵਿੱਚ ਪੰਥ ਸਬੰਧੀ ਸਮੱਸਿਆਵਾਂ ਬਾਰੇ ਵਿਚਾਰਾਂ ਕੀਤੀਆਂ ਸਨ। ਇਸੇ ਦੌਰਾਨ ਹੀ ਉਹ ਕਈ ਵਾਰ (ਭਾਈ) ਅਮਰੀਕ ਸਿੰਘ ਨੂੰ ਵੀ ਮਿਲੇ। ਸ੍ਰ: ਗੁਰਮੀਤ ਸਿੰਘ ਸੰਤਾਂ ਤੋਂ ਬਹੁਤ ਪ੍ਰਭਾਵਿਤ ਸਨ। ਉਹਨਾਂ ਨੇ ਚੰਡੀਗੜ੍ਹ ਵਿਖੇ ਆਪਣੇ ਇੱਕ ਅਜੀਜ਼ ਦੋਸਤ ਨੂੰ ਚੰਡੀਗੜ੍ਹ ਸ਼ਹਿਰ ਵਿੱਚ ਚਲ ਰਹੀ ਦਮਦਮੀ ਟਕਸਾਲ ਦੇ ਪ੍ਰੋਗਰਾਮ ਵਿੱਚ ਸ਼ਾਮਿਲ ਹੋ ਕੇ ਸੰਤਾਂ ਦਾ ਪ੍ਰਚਾਰ ਸੁਨਣ ਲਈ ਪ੍ਰੇਰਿਆ।

ਪਰੰਤੂ ਉਸ ਬੁੱਧੀਜੀਵੀ ਦੋਸਤ ਜਿਹੜੇ ਕਿ ਪਹਿਲਾਂ ਹੀ ਕਈ ਸਾਧਾ ਸੰਤਾਂ ਨੂੰ ਮਿਲ ਚੁੱਕੇ ਸਨ ਤੇ ਕਿਹਾ ਕਿ, 'ਮੈਂ ਅਜਿਹੇ ਬਥੇਰੇ ਸੰਤਾਂ ਨੂੰ ਮਿਲ-ਮਿਲ ਕੇ ਥੱਕ ਚੁੱਕਾ ਹਾਂ ਤੇ ਹੁਣ ਮੈਂ ਕਿਸੇ ਸਾਧ ਦੇ ਝਮੇਲੇ ਨਹੀਂ ਪੈਣਾ ਚਾਹੁੰਦਾ।'

ਪਰ ਸ੍ਰ: ਗੁਰਮੀਤ ਸਿੰਘ ਦੇ ਵਾਰ-ਵਾਰ ਸਿਫ਼ਾਰਿਸ਼ ਕਰਨ ਤੇ ਉਹ ਸੰਤਾਂ ਦਾ ਇੱਕ ਦੀਵਾਨ ਸੁਨਣ ਲਈ ਮੰਨ ਗਏ। ਅਗਲੇ ਦਿਨ ਹੀ ਉਹਨਾਂ ਨੇ ਦੀਵਾਨ ਵਿੱਚ ਜਾ ਕੇ ਮਹਾਂਪੁਰਖਾਂ ਦਾ ਪ੍ਰਚਾਰ ਸੁਣਿਆ ਤਾਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ। ਉਹ ਸ੍ਰ: ਗੁਰਮੀਤ ਸਿੰਘ ਨੂੰ ਕਹਿਣ ਲੱਗੇ, 'ਅੱਜ ਜਿੰਦਗੀ ਵਿੱਚ ਪਹਿਲੀ ਵਾਰ ਕਿਸੇ ਪੂਰਨ ਸੰਤ ਨਾਲ ਵਾਹ ਪਿਆ ਹੈ। ਬ੍ਰਹਮਗਿਆਨੀ ਦਾ ਪੂਰਨ ਰੂਪ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਵਿੱਚ ਵੇਖਿਆ ਹੈ।'

ਨਿਰਸੰਦੇਹ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਤੋਂ

ਉਹ ਬੇਹੱਦ ਪ੍ਰਭਾਵਿਤ ਹੋਏ ਸਨ। ਇਸ ਉਪਰੰਤ ਸ੍ਰ: ਗੁਰਮੀਤ ਸਿੰਘ ਬਰਾੜ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਲਗਾਏ ਜਾਂਦੇ ਗੁਰਮਤਿ ਸਟੱਡੀ ਕੈਂਪਾਂ ਅਤੇ ਹੋਰ ਪੰਥਕ ਚਿੰਤਕਾਂ ਅਤੇ ਬੁੱਧੀ-ਜੀਵੀਆਂ ਨਾਲ ਵਿਚਾਰ ਕਰਦੇ ਹੋਏ ਅਕਸਰ ਹੀ ਇਹ ਕਿਹਾ ਕਰਦੇ ਸਨ ਕਿ, 'ਜੇਕਰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਵਰਗਾ ਇਕ ਹੋਰ ਸੰਤ ਸਿੱਖ ਕੌਮ ਨੂੰ ਮਿਲ ਜਾਵੇ ਤਾਂ ਕੌਮ ਦੀ ਗੱਲ ਬਹੁਤ ਬੁਲੰਦੀਆਂ ਤੇ ਪਹੁੰਚ ਸਕਦੀ ਹੈ। ਮਹਾਂਪੁਰਖਾਂ ਦੀ ਇੱਕ ਉਤਸ਼ਾਹ ਭਰੀ ਹੱਲਾਸ਼ੇਰੀ ਹੀ ਕੌਮ ਦਾ ਨਕਸ਼ਾ ਬਦਲ ਕੇ ਝੂਠੇ ਡੰਮ ਨੂੰ ਢਹਿ-ਢੇਰੀ ਕਰਨ ਲਈ ਕਾਫ਼ੀ ਹੈ।'

ਪੰਥਕ ਸੋਚ ਅਤੇ ਸਿੱਖੀ ਪ੍ਰਤੀ ਨਿਰੋਲ ਉਦਾਰਚਿਤ ਵਿਚਾਰ ਰੱਖਣ ਵਾਲਾ ਸ਼ਾਇਦ ਕੋਈ ਵੀ ਅਜਿਹਾ ਬੁੱਧੀਜੀਵੀ ਨਹੀਂ ਹੋਵੇਗਾ ਜਿਹੜਾ ਕਿ ਉਸ ਵਕਤ ਸੰਤਾਂ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋਏ ਬਿਨਾਂ ਰਹਿ ਗਿਆ ਹੋਵੇ। ਮਹਾਂਪੁਰਖ ਗੁਰਬਾਣੀ ਰੂਪੀ ਵਿਚਾਰ ਕਰਦਿਆਂ ਸੁਗੰਧੀਆਂ ਚਾਰ-ਚੁਫੇਰੇ ਫੈਲਾਉਂਦੇ ਅਤੇ ਦੂਰੋਂ-ਦੂਰੋਂ ਇਸ ਅਗੰਮੀ ਰਸ ਦਾ ਆਨੰਦ ਲੈਣ ਲਈ ਭੌਰੇ ਖਿੱਚੇ ਆਉਂਦੇ ਸਨ। ਸਿੱਖ ਕੌਮ ਵਾਸਤੇ ਹਰ ਦਿਨ, ਹਰ ਸੱਜਰੀ ਸਵੇਰ ਇੱਕ ਨਵੀਂ ਸਫ਼ਲਤਾ ਲੈ ਕੇ ਆਉਂਦੀ ਹੈ ਤੇ ਹਰ ਬੀਤਿਆ ਹੋਇਆ ਦਿਨ ਨਵੀਂ ਪਿਰਤ ਪਾ ਕੇ ਵਕਤ ਦੇ ਮਾਰੂਥਲ ਉੱਪਰ ਸੁਨਿਹਰੀ ਪੈੜਾਂ ਛੱਡ ਰਿਹਾ ਸੀ।

ਇਸ ਦੌਰਾਨ (ਭਾਈ) ਅਮਰੀਕ ਸਿੰਘ ਭਾਵੇਂ ਖ਼ਾਲਸਾ ਕਾਲਜ ਵਿਖੇ ਹੀ ਰਹਿੰਦੇ ਸਨ ਪਰ ਮਹਾਂਪੁਰਖ ਥੋੜ੍ਹੇ-ਥੋੜ੍ਹੇ ਦਿਨਾਂ ਬਾਅਦ ਉਹਨਾਂ ਨੂੰ ਚਿੱਠੀ ਰਾਹੀਂ ਜਾਂ (ਸੰਤ) ਭਾਈ ਜਰਨੈਲ ਸਿੰਘ ਜੀ ਰਾਹੀਂ ਸੁਨੇਹੇ ਆਦਿਕ ਭੇਜ ਕੇ ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਦੀ ਕਾਰ ਸੇਵਾ ਅਤੇ ਜੱਥੇ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਦਿੰਦੇ ਰਹਿੰਦੇ ਸਨ ਜਿਸ ਕਾਰਨ ਭਾਈ ਸਾਹਿਬ ਅੰਮ੍ਰਿਤਸਰ ਰਹਿੰਦਿਆਂ ਹੋਇਆਂ ਵੀ ਜੱਥੇ ਸੰਗਤ ਨਾਲ ਨਿਰੰਤਰ ਜੁੜੇ ਰਹੇ। ਮਹਾਂਪੁਰਖਾਂ ਨੇ ਭਾਈ ਸਾਹਿਬ ਨੂੰ ਅਨੇਕਾਂ ਚਿੱਠੀਆਂ ਬੰਬਈ, ਕਲਕੱਤੇ, ਪਟਨਾ ਸਾਹਿਬ ਅਤੇ ਹੋਰਨਾਂ ਸ਼ਹਿਰਾਂ ਤੋਂ ਲਿਖੀਆਂ ਜਿਨ੍ਹਾਂ ਨੂੰ ਭਾਈ ਸਾਹਿਬ ਨੇ ਬੜੀ ਹਿਫ਼ਾਜਤ ਨਾਲ ਸੰਭਾਲ ਕੇ ਰੱਖਿਆ ਸੀ। ਮਹਾਂਪੁਰਖ ਚਿੱਠੀ ਵਿੱਚ ਜੱਥੇ ਸੰਗਤ ਦੇ ਪ੍ਰੋਗਰਾਮ ਦਾ ਪੂਰਾ-ਪੂਰਾ ਵੇਰਵਾ ਸਾਰੇ ਸਿੰਘਾਂ ਦੀ ਚੜ੍ਹਦੀ ਕਲਾ ਲਿਖਣ ਤੋਂ ਇਲਾਵਾ ਜਰੂਰੀ ਹਦਾਇਤਾਂ ਲਿਖਣਾ ਕਦੀ ਨਾ ਭੁੱਲਦੇ। ਤਕਰੀਬਨ ਹਰੇਕ ਚਿੱਠੀ ਉਹਨਾਂ ਆਪਣੇ ਹੱਥੀਂ ਲਿਖ ਕੇ ਭਾਈ ਸਾਹਿਬ ਨੂੰ ਭੇਜੀ, ਜਿਸਦੀ ਸ਼ੁਰੂਆਤ ਉਹ ਹਮੇਸ਼ਾ ਸਤਿਗੁਰ ਪ੍ਰਸਾਦਿ ਤੋਂ ਹੀ ਕਰਦੇ ਤੇ ਜਿਸਦਾ ਅਖੀਰਲਾ ਸ਼ਬਦ ਗੁਰ ਫਤਹਿ ਹੀ ਹੁੰਦਾ। ਇਹਨਾਂ ਭਾਵਪੂਰਕ ਅਤੇ ਡੂੰਘੇ ਅਰਥਾਂ ਵਾਲੀਆਂ ਚਿੱਠੀਆਂ ਵਿੱਚ ਮਹਾਂਪੁਰਖ ਭਾਈ ਸਾਹਿਬ ਨੂੰ ਵੱਧ ਤੋਂ ਵੱਧ ਨਿੱਤਨੇਮ ਕਰਨ ਅਤੇ ਗੁਰਬਾਣੀ ਦੀ ਮਹਾਨਤਾ ਤੋਂ ਇਲਾਵਾ ਰਹਿਤ ਮਰਿਆਦਾ ਵਿੱਚ ਪਰਪੱਕਤਾ

ਰੱਖਣ ਲਈ ਵਾਰ-ਵਾਰ ਸੁਚੇਤ ਕਰਦੇ ਸਨ। ਸੰਤ ਭਾਈ ਸਾਹਿਬ ਨੂੰ ਉੱਚੇ-ਸੁੱਚੇ ਵਿਚਾਰ ਤੇ ਉੱਚਾ-ਸੁੱਚਾ ਜੀਵਨ ਜਿਉਣ ਦੀ ਪ੍ਰੇਰਨਾ ਅਤੇ ਦੁਨਿਆਵੀ ਵਿੱਦਿਆ ਵਿੱਚ ਧਿਆਨ ਲਗਾਉਣ ਤੋਂ ਇਲਾਵਾ ਧਾਰਮਿਕ ਇਤਿਹਾਸ ਅਤੇ ਕਾਲਜ ਦੀਆਂ ਹੋਰ ਗਤੀਵਿਧੀਆਂ ਵਿੱਚ ਵੀ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੇ ਸਨ। ਕਈ ਚਿੱਠੀਆਂ ਬਹੁਤ ਹੀ ਉੱਚ-ਪੱਧਰ ਦੀ ਕਵਿਤਾ ਦੇ ਰੂਪ ਵਿੱਚ ਵੀ ਲਿਖੀਆਂ। ਮਹਾਂਪੁਰਖਾਂ ਦੀਆਂ ਚਿੱਠੀਆਂ ਦੀ ਇੱਕ-ਇੱਕ ਤੁਕ ਕੁੱਜੇ ਵਿੱਚ ਸਮੁੰਦਰ ਬੰਦ ਸੀ। ਜਿੰਨੀ ਸ਼ਿੱਦਤ ਨਾਲ ਮਹਾਂਪੁਰਖ ਉਹਨਾਂ ਨੂੰ ਪੱਤਰ ਲਿਖਦੇ ਸਨ ਭਾਈ ਸਾਹਿਬ ਉਤਲੇ ਹੀ ਸਤਿਕਾਰ ਨਾਲ ਆਪਣੇ ਪਿਤਾ ਜੀ ਦੀਆਂ ਹੱਥ ਲਿਖਤ ਚਿੱਠੀਆਂ ਨੂੰ ਸੰਭਾਲ ਕੇ ਰੱਖਦੇ ਸਨ।

ਉਹਨਾਂ ਕਵਿਤਾ ਦੇ ਰੂਪ ਵਿੱਚ ਲਿਖੀਆਂ ਚਿੱਠੀਆਂ ਵਿੱਚੋਂ ਇੱਕ ਚਿੱਠੀ ਹੂ-ਬ-ਹੂ ਸੰਗਤਾਂ ਦੇ ਸਨਮੁੱਖ ਕਰ ਰਹੇ ਹਾਂ :-

ਮਿਲੇ
ਭਾਈ ਅਮਰੀਕ ਸਿੰਘ ਭੂਰੇ ਸੈਂਕਡ ਈਅਰ
ਗੁਰਦਵਾਰਾ ਕਮਰਾ ਨੰ : 3
ਖਾਲਸਾ ਕਾਲਜ
ਅੰਮ੍ਰਿਤਸਰ

ਭੇਜਣ ਵਾਲੇ ਦਾ ਪਤਾ :-
ਸੰਤ ਕਰਤਾਰ ਸਿੰਘ ਜੀ 'ਖਾਲਸਾ'
ਜਥਾ ਭਿੰਡਰਾਂ (ਮਹਿਤਾ)

ੴ ਸਤਿਗੁਰ ਪ੍ਰਸਾਦਿ।।
ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤੇਹ।
ਭਾਈ ਅਮਰੀਕ ਸਿੰਘ ਜੀ ਤੇ ਦੂਜਾ ਨਾਲ ਦਾ ਜੋ ਸਿੰਘ ਹੈ,
ਪ੍ਰੇਮ ਸਹਿਤ ਬੁਲਾਈ ਫਤੇ ਪਰਵਾਨ ਹੋਵੇ।

ਦਾਸ ਗੁਰੂ ਕਾ ਆਖਦਾ ਬੜੇ ਪਿਆਰ ਸੇਤੀ, ਮੇਰੀ ਸਿਖਿਆ ਰਿਦੇ ਤੂੰ ਧਾਰ ਬੀਬਾ।।
ਸੁਭਾ ਉਠਕੇ ਨਿੱਤ ਇਸ਼ਨਾਨ ਕਰਨਾ, ਗੁਰੂ ਗ੍ਰੰਥ ਦਾ ਕਰੋ ਦੀਦਾਰ ਬੀਬਾ।।
ਸੁਭਾ ਜਪੁਜੀ ਤੇ ਸ਼ਾਮ ਰਹਿਰਾਸ ਪੜਨੀ, ਰਾਤੀਂ ਸੋਹਿਲੇ ਦਾ ਕਰੋ ਉਚਾਰ ਬੀਬਾ।।
ਰਾਤ ਸੌਣ ਵੇਲੇ ਸਾਰੇ ਦਿਨ ਭਰ ਦੇ, ਕੀਤੇ ਕਰਮਾਂ ਦਾ ਕਰੋ ਵੀਚਾਰ ਬੀਬਾ।।
ਪਛੋਤਾਵਣਾ ਜੋ ਖੋਟਾ ਕਰਮ ਹੋਇਆ, ਅਗੇ ਵਾਸਤੇ ਰਹਿਣਾ ਹੁਸ਼ਿਆਰ ਬੀਬਾ।।
ਨੇਕ ਕਰਮਾਂ ਦਾ ਤੁਸਾਂ ਨੇ ਜਤਨ ਕਰਨਾ, ਬੁਰੇ ਕਰਮਾਂ ਦਾ ਕਰੋ ਸੰਘਾਰ ਬੀਬਾ।।
ਮਾਤਾ-ਪਿਤਾ ਦੇ ਹੁਕਮ ਨੂੰ ਮੋੜਨਾ ਨਾ, ਸਰਵਨ ਵਾਂਗ ਹੋ ਕੇ ਆਗਿਆਕਾਰ ਬੀਬਾ।।
ਪੁੱਤਰ ਇਕ ਹੋਵੇ ਐਪਰ ਨੇਕ ਹੋਵੇ, ਚੰਦ ਵਾਂਗ ਜੋ ਕਰੇ ਉਜਿਆਰ ਬੀਬਾ।।
ਪੁੱਤਰ ਮਾਤਾ ਤੇ ਪਿਤਾ ਦੀ ਕਰੇ ਸੇਵਾ, ਸੋ ਕਪੂਤ ਕਰੇ ਇਨਕਾਰ ਬੀਬਾ।।
ਮਾਤਾ ਪਿਤਾ ਦੀ ਆਗਿਆ ਪਾਲਣੀ ਜੀ, ਕਰਨਾ ਵਡਿਆਂ ਦਾ ਸਤਿਕਾਰ ਬੀਬਾ।।
ਸੰਤਾਂ ਭਗਤਾਂ ਦੇ ਨਾਲ ਪ੍ਰੇਮ ਕਰਨਾ, ਹਥ ਜੋੜ ਕਰਨੀ ਨਮਸਕਾਰ ਬੀਬਾ।।
ਧੀਰਜ ਧਰਮ ਤੇ ਸਤਿ, ਸੰਤੋਖ ਸ਼ਾਂਤੀ, ਕਰਨੀ ਦਇਆ ਤੇ ਪਰਉਪਕਾਰ ਬੀਬਾ।।
ਸਤ ਸੰਤੋਖ ਤੇ ਧਰਮ ਉਪਕਾਰ ਕਰਨਾ, ਏਹੋ ਕਰਨਗੇ ਭਵਜਲੋ ਪਾਰ ਬੀਬਾ।।
ਕਟੋ ਰੋਜ਼ ਸਫ਼ਾਈ ਦੇ ਨਾਲ ਏਥੇ, ਛਡੋ ਦਗੇ ਫਰੇਬ ਦੀ ਕਾਰ ਬੀਬਾ।।
ਚੋਰੀ ਯਾਰੀ ਤੇ ਜੂਏ ਦੀ ਖੇਡ ਖੇਡੇ, ਨਿੰਦਾ ਓਸਦੀ ਹੋਵੇ ਬਾਜਾਰ ਬੀਬਾ।।
ਜੈਸਾ ਕਰੇ ਕੋਈ ਤੈਸਾ ਭਰੇ ਓਹੀ, ਨਾਰਾਂ ਚਾਰ ਛੀ ਕਰਨ ਪੁਕਾਰ ਬੀਬਾ।।
ਛਲ ਕਪਟ ਤੇ ਮਸ਼ਕਰੀ ਝੂਠ ਨਿੰਦਾ, ਲਾਲਚ, ਚੋਰੀ ਤੇ ਬੁਰਾ ਹੰਕਾਰ ਬੀਬਾ।।
ਹਾਸੀ ਮਸ਼ਕਰੀ ਕਿਸੇ ਨੂੰ ਨਹੀਂ ਕਰਨੀ, ਬੜਾ ਦੁੱਖ ਮਿਲਦਾ ਆਖਰਕਾਰ ਬੀਬਾ।।
ਹਾਸੀ ਕਰੀ ਸੀ ਦ੍ਰੋਪਦਾਂ ਨਾਲ ਦੇਵਰ, ਹੋਈ ਸਭਾ ਦੇ ਵਿਚ ਲਾਚਾਰ ਬੀਬਾ।।
'ਸਾਂਭੇ' ਕੀਤੀ ਦੁਰਬਾਸ਼ਾ ਨੂੰ ਮਸ਼ਕਰੀ ਸੀ, ਬੰਸ ਯਾਦਵਾਂ ਗਈ ਸਿਧਾਰ ਬੀਬਾ।।
ਆਵੇ ਕਰੋਧ ਤਾਂ ਸ਼ਾਂਤੀ ਤੋਂ ਕੰਮ ਲੈਣਾ, ਕ੍ਰੋਧ ਕਲਾ ਦਾ ਹਈ ਭੰਡਾਰ ਬੀਬਾ।।
ਲੜਕੇ ਕੋਈ ਜੇ ਤੈਨੂੰ ਕੁਬਚਨ ਬੋਲੇ, ਨਾਲ ਨਿਮ੍ਰਤਾ ਕਰੀਂ ਗੁਫਤਾਰ ਬੀਬਾ।।

ਸਚੀ ਗਲ ਮਿਠਾਸ ਦੇ ਨਾਲ ਭਰੀ, ਕਰਕੇ ਲਈ ਅਸੀਸ ਹਜਾਰ ਬੀਬਾ।।
ਮੂਰਖ ਕਪਟੀ ਦਾ ਸੰਗ ਨਾ ਮੂਲ ਕਰਨਾ, ਖੋਟੇ ਕੰਮਾਂ ਤੋਂ ਰਹੀਂ ਖ਼ਬਰਦਾਰ ਬੀਬਾ।।
ਬਚਨ ਕਰਕੇ ਖਿਸਕਣਾ ਜੋਗ ਨਹੀਂਓਂ, ਨੀਅਤ ਸਾਫ਼ ਤੇ ਸੁਧ ਵਿਹਾਰ ਬੀਬਾ।।
ਝਗੜਾ ਕਿਸੇ ਨਾਲ ਨਾ ਮੂਲ ਕਰਨਾ, ਦੋਖੀ ਨਾਲ ਵੀ ਕਰੀਂ ਪਿਆਰ ਬੀਬਾ।।
ਜਿੰਨੀ ਵਧੇ ਮਾਇਆ, ਬਣੀ ਨੇਕ ਓਨਾ, ਸੰਪਤ ਦੇਖ ਕੇ ਨਾ ਕਰੀਂ ਹੰਕਾਰ ਬੀਬਾ।।
ਜਿਹੜਾ ਦੇਂਵਦਾ ਏ ਓਹੀ ਖੋਂਵਦਾ ਹੈ, ਸਾਰੀ ਉਸਦੇ ਹਥ ਹੈ ਕਾਰ ਬੀਬਾ।।
ਕਾਹਦੇ ਵਾਸਤੇ ਵੈਰ-ਵਿਰੋਧ ਕਰੀਏ, ਜਦ ਕਿ ਰਹਿਣਾਂ ਨਹੀਂ ਵਿਚ ਸੰਸਾਰ ਬੀਬਾ।।
ਖ਼ਾਲੀ ਹੱਥ ਆਇਓਂ ਖ਼ਾਲੀ ਹੱਥ ਜਾਣਾ, ਕਦੀਂ ਬਣੀਂ ਨਾ ਸੂਮ ਦਾ ਯਾਰ ਬੀਬਾ।।
ਲਖ ਲਾਣਤਾਂ ਚੰਦਰੇ ਸੂਮ ਤਾਈਂ, ਉਸਦੇ ਜੀਵਨੇ ਨੂੰ ਧ੍ਰਿਗਕਾਰ ਬੀਬਾ।।
ਲੱਖ ਵਾਰ ਮੈਂ ਹਾਂ ਧੰਨਵਾਦੀ ਉਸਦਾ, ਜਿਹੜਾ ਲਵੇ ਗਰੀਬਾਂ ਦੀ ਸਾਰ ਬੀਬਾ।।
ਏਹੋ ਧਰਮ ਹੈ ਨੇਕ ਹਸਤੀਆਂ ਦਾ, ਲਿਖਿਆ ਵੇਦ ਪੁਰਾਣ ਵਿਚਕਾਰ ਬੀਬਾ।।
ਸਾਧ ਸੰਗਤ ਨੂੰ ਛਕੌਣਾ ਅੰਨ ਪਾਣੀ, ਸੇਵਾ ਕਰੀਂ ਅਨੇਕ ਪ੍ਰਕਾਰ ਬੀਬਾ।।
ਜਿਸਨੂੰ ਰਬ ਦਿਤਾ ਖਾਵੇ ਵੰਡ ਕੇ ਓਹ, ਸੁਖੀ ਰਹੇਗਾ ਸਣੇ ਪਰਵਾਰ ਬੀਬਾ।।
ਦਾਨ ਪੁੰਨ ਕਰਕੇ ਖਰਚਾ ਬੰਨ੍ਹ ਲੈਣਾ, ਅਗੇ ਮਿਲੇ ਨਾ ਕੁਝ ਉਧਾਰ ਬੀਬਾ।।
ਜਸ ਉਨਾਂ ਦਾ ਗਾਂਵਦਾ ਜਗ ਸਾਰਾ, ਕੀਤੇ ਜਿਨਾਂ ਨੇ ਪਰਉਪਕਾਰ ਬੀਬਾ।।
ਸਾਥੀ ਹੋਣਗੇ ਨੇਕ ਅਸਮਾਲ ਤੇਰੇ, ਕੋਈ ਹੋਰ ਨਾਹੀ ਮਦਦਗਾਰ ਬੀਬਾ।।
ਵਿਰਲਾ ਸੁਖੀ ਗਿਆਨ ਵੀਚਾਰ ਵਾਲਾ, ਭਰਿਆ ਦੁਖਾਂ ਦਾ ਕੁਲ ਸੰਸਾਰ ਬੀਬਾ।।
ਚੁਗਲੀ ਈਰਖ਼ਾ ਕਿਸੇ ਦੀ ਨਹੀਂ ਕਰਨੀ, ਤੈਨੂੰ ਦਸਿਆ ਵੇਦ ਦਾ ਸਾਰ ਬੀਬਾ।।
ਇਨਾਂ ਵਾਕਾਂ ਤੇ ਕਰੇਗਾ ਅਮਲ ਜੇਹੜਾ, ਉਸਦੀ ਰਖਿਆ ਕਰੇ ਕਰਤਾਰ ਬੀਬਾ।।
ਜਿਹੜਾ ਭਗਤਾਂ ਦੀ ਨਿੰਦਿਆ ਕਰਨ ਵਾਲਾ, ਬੇੜਾ ਡੁਬੇਗਾ ਉਸਦਾ ਵਿਚਕਾਰ ਬੀਬਾ।।
ਪਰਾਲਬਧ ਅਨੁਸਾਰ ਜੋ ਮਿਲ ਜਾਵੇ, ਕਰਨਾ ਉਸ ਵਿਚ ਸ਼ੁਕਰ ਗੁਜਾਰ ਬੀਬਾ।।
ਬੁਰੀ ਨਜਰ ਨ ਧਰੀ ਪਰਨਾਰੀਆਂ ਤੇ, ਪੜੋ ਟੀਕੇ ਵਾਲੀ ਆਸਾ ਵਾਰ ਬੀਬਾ।।
ਨਜਰ ਸਾਫ ਤੇ ਨਿਓਂ ਕੇ ਚਲਣਾ ਏ, ਮਾਤਾ ਸਮਝਣੀ ਗੈਰ ਦੀ ਨਾਰ ਬੀਬਾ।।
ਬਿਨਾਂ ਦਾਵਿਓਂ ਉਮਰ ਗੁਜਾਰ ਇੱਥੇ, ਬਿਨਸਨਹਾਰ ਹੈ ਸਭ ਸੰਸਾਰ ਬੀਬਾ।।
ਥੋੜਾ ਸੌਨ ਕਰਨਾ, ਥੋੜਾ ਖ਼ਾਵਣਾ ਏ, ਮੀਠਾ ਬੋਲਣਾ ਰਹਿਣਾ ਸਚਿਆਰ ਬੀਬਾ।।
ਤੁਰਦੇ ਫਿਰਦਿਆਂ ਅੰਨ ਨਾ ਮੂਲ ਖ਼ਾਣਾ, ਨਾਲ ਧੀਰਜ ਦੇ ਕਰੋ ਆਹਾਰ ਬੀਬਾ।।
ਓਨੀ ਬਾਤ ਕਰਨੀ ਜਿੰਨੀ ਜਾਣਦੇ ਹੋ, ਝੂਠ ਬਾਲੜੀ ਛੱਡ ਗੁਫਤਾਰ ਬੀਬਾ।।
ਗੱਲ ਓਹੀ ਕਰਨੀ ਜਿਹੜੀ ਠੀਕ ਹੋਵੇ, ਮੁਖੋਂ ਬੋਲਣਾ ਆਦਿ ਬੀਚਾਰ ਬੀਬਾ।।
ਗਲ ਕਿਸੇ ਦੀ ਵਿਚ ਨਾ ਗਲ ਕਰਨੀ, ਕਰਨਾ ਕਿਸੇ ਨੂੰ ਨਹੀਂ ਦੁਖਿਆਰ ਬੀਬਾ।।
ਆਪੇ ਗੱਲ ਕਰਕੇ ਆਪੇ ਹਸਣਾ ਨਹੀਂ, ਇਕ ਬਾਤ ਨਾ ਕਹੁ ਬਾਰ ਬਾਰ ਬੀਬਾ।।

ਇਸ ਬਾਤ ਦਾ ਕਦਰ ਜਿਸ ਨਹੀਂ ਕੀਤਾ, ਓਹੋ ਮੂਰਖਾਂ ਦਾ ਹਈ ਸਰਦਾਰ ਬੀਬਾ।।
ਭੇਤ ਕਿਸੇ ਦਾ ਕਿਸੇ ਨੂੰ ਦਸਣਾ ਨਹੀਂ, ਭੇਤ ਦਸਣਾਂ ਬੁਰੇ ਦੀ ਕਾਰ ਬੀਬਾ।।
ਨਹੀਂ ਆਪਣੀ ਆਪ ਤਾਰੀਫ਼ ਕਰਨੀ, ਕਰਨਾਂ ਦੂਸਰੇ ਦਾ ਸਤਿਕਾਰ ਬੀਬਾ।।
ਸੁਆਲ ਕਰਨ ਤੋਂ ਜਰਾ ਸੰਕੋਚ ਰਖੀਂ, ਬਣੀ ਦੁਖੀਆਂ ਦਾ ਗਮਖਾਰ ਬੀਬਾ।।
ਕਿਸੇ ਹੋਰ ਦੀ ਰੀਸ ਨਾ ਕਦੇ ਕਰਨੀ, ਪੱਲਾ ਆਪਣਾ ਲਈ ਵੀਚਾਰ ਬੀਬਾ।।
ਅਉਗੁਣ ਦੂਜੇ ਦੇ ਦੇਖ ਅਣਡਿਠ ਕਰਲੋ, ਔਗੁਣ ਆਪਣੇ ਲਵੋ ਚਿਤਾਰ ਬੀਬਾ।।
ਡਰਦਾ ਰਹੀਂ ਤੂੰ ਪਾਪ ਦੇ ਕਰਨ ਵਲੋਂ, ਜਾਣੀ ਜਾਣ ਤੂੰ ਸਮਝ ਕਰਤਾਰ ਬੀਬਾ।।
ਗੁਝੇ ਛਿਪੇ ਭੀ ਕਰਮਾਂ ਨੂੰ ਜਾਣਦਾ ਏ, ਉਹਦੀ ਨਜਰ ਵਿਚ ਸਾਰਾ ਸੰਸਾਰ ਬੀਬਾ।।
ਜਿਥੋਂ ਤੀਕ ਹੋਵੇ ਕਰੀਂ ਭਲਾ ਸਭ ਦਾ, ਬੁਰਾ ਕਿਸੇ ਦਾ ਨਹੀਂ ਚਿਤਾਰ ਬੀਬਾ।।
ਜੇਹੀ ਆਏ ਬਣੇ ਓਸੇ ਤੇ ਖੁਸ਼ ਰਹਿਣਾ, ਵਿਚ ਫਿਕਰ ਨਾ ਉਮਰ ਗੁਜਾਰ ਬੀਬਾ।।
ਘਾਟਾ ਪਵੇ ਨਾ ਓਨਾਂ ਵਪਾਰੀਆਂ ਨੂੰ, ਸੁਧ ਜਿਨਾਂ ਦਾ ਹੈ ਵਿਹਾਰ ਬੀਬਾ।।
ਮਨ ਰਹੇ ਪਰਮਾਤਮਾ ਨਾਲ ਜੁੜਿਆ, ਹਥਾਂ ਨਾਲ ਕਰੀਏ ਸਭ ਕਾਰ ਬੀਬਾ।।
ਵਾਹਿਗੁਰੂ ਨਾਮ ਨੂੰ ਕਦੇ ਭੁਲਾਵਣਾ ਨਹੀਂ, ਜਿਹੜਾ ਸਾਰਿਆਂ ਦਾ ਰਚਨਹਾਰ ਬੀਬਾ।।
ਪੰਜ ਤਤ ਦੀ ਦੇਹ ਨੇ ਬਿਨਸ ਜਾਣਾ, ਆਤਮ ਦੇਹ ਨਾ ਬਿਨਸਨੇਹਾਰ ਬੀਬਾ।।
ਆਪਣਾ ਰੂਪ ਪਛਾਣ ਕੇ ਸਾਰਿਆਂ ਨੂੰ, ਕਰਨਾ ਸਭ ਦੇ ਨਾਲ ਹਿਤਕਾਰ ਬੀਬਾ।।
ਦਾਸ ਗੁਰੂ ਕੇ ਕਹੇ ਨੇ ਵਾਕ ਅਨੇਕ ਤੈਨੂੰ, ਬਚਨ ਕੋਈ ਤਾਂ ਰਿਦੈ 'ਚ ਧਾਰ ਬੀਬਾ।।
ਏਹ ਬਚਨ ਧਾਰੇ ਰਿਦੇ ਵਿਚ ਜੇਹੜਾ, ਉਹਨੂੰ ਦੇਵੇਗਾ ਪ੍ਰਭੂ ਦੀਦਾਰ ਬੀਬਾ।।
ਰਹਿਤ ਵਿਚ ਤਿਆਰ ਬਰ ਤਿਆਰ ਰਹਿਣਾ। ਤਰਕ ਦ੍ਰਿਸ਼ਟੀ ਤੋਂ ਸੰਕੋਚ ਰੱਖਣਾ।
ਸਰਬਤ ਨੂੰ ਗੁਰ ਫਤੇ ਪਰਵਾਨ ਹੋਵੇ।

ਗੁਰੂ ਪੰਥ ਦਾ ਦਾਸ :-
ਕਰਤਾਰ ਸਿੰਘ 'ਖਾਲਸਾ'



ਇਕ ਓਅੰਕਾਰ ਸਤਿਗੁਰ ਪ੍ਰਸਾਦਿ ।।

ਸਾਡਾ ਪਤਾ
ਸਤਿਗੁਰੂ ਜੀ ਕੀ ਖਾਲਸਾ ਸਤਿਗੁਰੂ ਜੀ ਕੀ ਫਤਹ ।। 4/6/73.

ਭਾਈ ਸਾਹਿਬ ਸਿੰਘ ਜੀ ਤੇ ਦੂਜਾ ਸਾਥ ਦਾ ਸਿੰਘ

ਖਾਲਸਾ ਸਤਿਗੁਰ ਪ੍ਰਸਾਦ ਟਰੱਸਟ ਪਰਵਾਨ ਕਰਨ ਜੋਗ

ਸਾਧ ਗੁਰੂ ਕਾ ਆਖਾਰਾ ਸੋਹਣੀ, ਸਭੀ ਸਿਖਿਆ ਤਿਹਰੇ ਹੈ ਪਰਵੀਣ ।।
ਸੁਰਤਾ ਉਠਕੇ ਨਿਤ ਇਸਨਾਨ ਕਰਨਾ, ਗੁਰੂ ਸਿਖ ਦਾ ਕੋਈ ਸੀਰਾ ਹੋਇ ।।
ਸੁਰਤ ਸਪੁਤੀ ਤੇ ਸਾਧ ਅਰਿਗਾਧ ਪਤਨੀ, ਗਾਤੀ ਸੇਜਿਆ ਦਾ ਕੋਈ ਉਸਤਾਦ ਹੋਇ ।
ਗਤ ਨੇਤ੍ਰ ਦੇਖ ਆਤੇਇਤ ਕਾਤੇ, ਨੀਤੇ ਕਰਮਾਂ ਦੇ ਕੋਈ ਦੀਖਾ
ਪਤਿਤ ।
ਪਤਿਤ ਸਾਹਤ ਨੇ ਖੇਤਰ ਕਰਮ ਕੀਤਾ, ਮਾਰੇ ਦੁਸਮਣ ਕਰਿਤ
ਸਾਰ ਹੋਇ ।
ਕੇਤ ਕਰਮਾਂ ਦਾ ਤੁਸਾਂ ਨੇ ਜਤਨ ਕਰਨਾ, ਸੁਤੇ
ਕਿਰਤ ।
ਮਾਤਾ ਪਿਤਾ ਨੂੰ ਸੁਕਰਤ ਦੇ ਮੇਹਨਤ ਕਰ, ਸਕਤ ਸਾਰੇ
ਸਾਰ ।
ਪਤਾ ਇਕੇਤੇ ਪਾਸ ਕਰਕੇ, ਨੀਤ ਕੁਟਾਣੇ ਨੇ ਕਰੇ ਇਕਿਆਰ ਹੋਇ ।
ਮਾਤਾ ਪਿਤਾ ਤੇ ਪਿਤਾ ਦੀ ਕਰੇਨਾ, ਜੋ ਸਪੁਤ ਨੇ ਕਰੇ ਇਕਰਾਰ ਹੋਇ ।
ਮਾਤਾ ਪਿਤਾ ਤੇ ਸਾਹਿਬ ਪਾਵਨੀ ਜੀ, ਕਰਨਾ ਦਰਿਸਾਂ ਦਾ ਸਤਿਕਾਰ ਹੋਇ ।
ਨੀਤਾਂ ਭੁਗਤਾਂ ਦੇ ਨਾਲ ਪੇਮ ਕਰਨਾ, ਕਾਲ ਜੋਤ ਨੇ ਕਰਨੀ ਨਮਸਕਾਰ ਹੋਇ ।
ਪੀਰਤ ਪਰਮਾਤੇ ਨਾ, ਨੰਤਿਖ ਸਾਂਤੀ, ਕਰਨੀ ਦਰਿਸਾਂ ਤੇ ਪਰਉਪਕਾਰ ਹੋਇ ।
ਨਾਤ ਦੇਖਿ ਤੇ ਪਰਾਣ ਕਰਨਾ, ਚੇਤੇ ਕਰਤਾ ਗੁਰਾਂਤੇ ਪਾਰ ਹੋਇ ।
ਕੁਝ ਕੇਤ ਸਤਾਲੀਏ ਨਾਲ ਦੇਖੇ, ਕੰਤੇ ਦਰਸੇ ਦਰਸ ਦੀ ਕਾਰ ਹੋਇ ।
ਕੁਝੀ ਸਾਰੀ ਤੇ ਜਾਏ ਦੀ ਖੇਤ ਮੰਤੇ, ਹਿਰਦੇ ਜਿਹੀ ਤੇਰੇ ਪਾਸਾਰ ਹੋਇ ।
ਮੰਨਾ ਕਰੇ ਕੇਤਾ ਤੇਰਾ ਕੇਤ ਕਰੀ, ਨਾਰ ਸਾਰ ਛੀ ਕਰਤ ਪਰਵਾਰ ਹੋਇ ।
ਛਤ ਕਾਪਰ ਤੇ ਮਸਤਕੀ ਕੂਠ ਹਿਰਦਾ, ਸਾਰਥ ਸੇਤੇ ਤੇ ਨੀ ਤੇ ਬੁਰਾ ਨਿਵਾਰ ਹੋਇ ।
ਗਾਲੀ ਮਸਤਕੀ ਕਿਸੇ ਨੂੰ ਨਹੀ ਕਰਨੀ, ਧਰਾ ਦੁਖ ਸਿਕਦਰ ਆਪਕਰਾਰ ਹੋਇ ।
ਗਾਲੀ ਕਰੀ ਜੀ ਦੇਖਦਾ ਨਾਲ ਕੇਰਨ, ਤੇਰੀਆਂ ਤੇ ਇਕ ਪ੍ਰਚਾਰ ਹੋਇ ।
ਜਾਂਤੇ, ਕੀਤੀ ਤਰਾਸਾ ਨੂੰ ਮਸ ਕਰੀ ਨੀ, ਧੰਨ ਪਾਰਦਾਂ ਗਲਾ ਵਿਆਰ ਹੋਇ ।
ਆਪੇ ਕਰੇਇ ਤੇਰੇ ਜਾਨੀ ਤੇ ਦੰਮ ਹੋਇ, ਕਰੇਇ ਕਰਮ ਦਾ ਕਰਤੀ ਤੇ ਤਾਰ ਹੋਇ ।

ਕਰਨੇ ਕੇਤੀ ਜੋ ਤੇਰੇ ਕੁਝਕਰ ਪੋਤੇ, ਨਾਥ ਨਿਆਰਾ ਕਰੀ ਸੁਫਤਾਰ ਹੋਇ ।
ਸਭੀ ਗਾਲ ਮਿਠਾਸ ਦੇ ਨਾਲ ਕਰਨੀ, ਕਰਨੇ ਕੁਝੀ ਆਸੀਸ ਤਯਾਰ ਹੋਇ ।
ਮੁਖ ਕਰਾਣੀ ਦਾ ਸੰਤਾਨ ਮੁਖ ਕਰਨਾ, ਖੇਤੇ ਕੀਆਂ ਤੇ ਤਰੀਆਂ ਅਖਤਯਾਰ ਹੋਇ ।
ਹਾਲਤ ਕਰਨੇ ਸਿਆਣਤ ਨੇ ਗਲਤੀਆਂ, ਸੀਆਣਤ ਨਾਲ ਤੇ ਸੁਧ ਵਿਚਾਰ ਹੋਇ ।
ਬੁਰਾਤ ਕਿਸੇ ਦੇ ਨਾਲ ਨ ਮੁਖ ਕਰਨਾ, ਏਹੀ ਨਾਸਤੀ ਕਰੀ ਨਿਆਰ ਹੋਇ ।
ਜਿਸਤੀ ਰਖੇ ਸਾਹਿਬ ਸਭੀ ਨੇਕਰਿਤਾ, ਕੰਮਤ ਵੇਖਣ ਕਰੀ ਉਸਤਾਰ ਹੋਇ ।
ਜਿਹੜਾ ਦੇਹਰਾ ਹੈ, ਓਹੀ ਮੰਦਰਾ ਹੈ, ਸਾਰੀ ਉਸਦੇ ਤਰਫ ਤੇ ਕਾਰ ਹੋਇ ।
ਸਾਰੇ ਸੁਖਦੇ ਸੰਤਾ ਕੰਮਤ ਕਿਰੇ, ਹਾਲ ਬੰਦਿਆਂ ਪੁਰਤ ਗਰਾਰ ਹੋਇ ।
ਸਾਰੇ ਸਾਥੇ ਤੇਰ ਇਕਿਰ ਸਰੀਰੇ, ਜਦ ਕਿਰਤਾਂ ਤਰੀ ਇਕਰਕਾਰ ਹੋਇ ।
ਆਸੀਰਤ ਇਹੋ ਆਸੀਰਤ ਸਾਹੀ, ਕਰੀ ਸੁਹੀ ਨ ਕੁਝ ਦਾ ਪਾਰ ਹੋਇ ।
ਦੁਖ ਸਾਹੁਤਾਂਤੇ ਸੁਖਾਸੀ, ਪੁਤਰੇ ਇਹੇ ਤੇ ਬਿਖੁਤਾਰ ਹੋਇ ।
ਦੁਖ ਦਾਰ ਮੈਂ ਪੰਜਾਰਤੇ ਕਰਨਾ, ਜਿਹੜਾ ਸਦੇ ਕਰਤਾਰ ਦੀ ਯਾਰ ਹੋਇ ।
ਏਤੇ ਸਰਨਾ ਮੁਕਤ ਸਤੀਆਂ ਦਾ, ਸਿਖਿਆ ਤੇ ਪੁਰਾਣ ਵਿਚਾਰ ਹੋਇ ।
ਸਾਥ ਕਰਤਾ ਨੂੰ ਸਾਹਿਬ ਪਾਤੀ, ਕਦੇ ਕਰੀ ਸਾਰਿ ਪੁਕਾਰ ਹੋਇ ।
ਸਿਮਰਨ ਨੂੰ ਸਾਥ ਕਿਤਾ ਪਾਤੇ ਕੇਤੇ ਦੇ ਚਿਤ, ਸੁਖੀ ਰਹਣਾ ਕਰੇ ਪਰਵਾਰ ਹੋਇ ।
ਰਾਤ ਪੁੰਨ ਕਰਨੇ ਮਰਤਾ ਬੰਦੇ ਹੇਤ, ਸਾਰੀਆਂ ਨੇ ਕੁਝ ਉਪਕਾਰ ਹੋਇ ।
ਜਨਮ ਦਿਨਾਂ ਦਾ ਗਾਹਣਾ ਸਭ ਸਾਰਾ, ਕੀਤੇ ਸਿਰਾਂ ਨੇ ਪਰਉਪਕਾਰ ਹੋਇ ।
ਸਾਥੀ ਕਿਤੇ ਨਾਲ ਕੇਤੇ ਸਾਥਾਰ ਤੇਰੇ, ਕਿਤੇ ਸਾਰੀ ਸਾਰੀ ਪਰਵਾਰ ਹੋਇ ।
ਸਿਰਕਾ ਸੁਖੀ ਸਿਆਣਾ ਦੀਵਾ ਦਾਰਾ, ਭਰਿਆ ਦੁਖ ਦਾ ਕੁਝ ਕਿਆਰ ਹੋਇ ।
ਤੁਰਾਣੀ ਸੀਕਾ ਸਿਰੇ ਦੀ ਤਰੀ ਕਰਨੀ, ਤੇਰੇ ਦਰਿਸਾਂ ਦੇ ਦਰ ਦਾ ਪਾਰ ਹੋਇ ।
ਇਹਾਂ ਸਾਰਾਂ ਤੇ ਤੁਰਕਾ ਆਖਰ ਸੰਤਾ, ਪੁਤਰਾਂ ਕੀਆਂ ਕੇਤੇ ਕਰਤਾਰ ਹੋਇ ।
ਜਿਹੜਾ ਭਰਾਤਾਂ ਦੀ ਕੇਤੇ ਇਕਿਆਰ ਕਰਨਾ ਦਾਤਾ, ਪੁਤਰ ਤੁਰੇਗਾ ਉਸਦਾ ਇਕਿਰਕਾਰ ਹੋਇ ।
ਮਰਤਾਰਥ ਆਸ ਕਰਨਾ ਨੇ ਪਿਤ ਮਾਤੇ, ਕਰਨਾ ਉਸਦਾ ਇਕਰਕਰ ਤਯਾਰ ਹੋਇ ।
ਸੁਤੀ ਕਰਨ ਕਰਨੀ ਪਰਤਾਲੀਆਂ ਨੂੰ, ਪਤੇ ਦੇਵੇ ਸਤੀ ਆਸਾਰ ਹੋਇ ।
ਸਮਰਤ ਸਾਹ ਤੇ ਕਿਉ ਨੇ ਤਰਕਤਾ ਹੈ, ਸਾਤ ਸਾਰਤੀ ਕੇਤੇ ਸੀ ਸਾਰ ਹੋਇ ।
ਪੁਤਰਾ ਦਾਇਕ ਉਸਦ ਤਯਾਰ ਹੋਇ, ਪਿਤ ਸਮਰਤ ਤਾਤ ਤੇ ਸਭ ਸੰਸਾਰ ਹੋਇ ।
ਬੇਤਾ ਸੰਤ ਕਰਨਾ, ਬੇਤਾ ਖਾਤਰ ਦੇ, ਸੀਤਾ ਸੇਤਾ ਕਾਤਿਤਾਂ ਸਾਰਿਆਰ ਹੋਇ ।
ਤੁਹਾਡੇ ਤਿਹਾਤਿਆਂ ਸਾਰੇ ਮੁਕਤਾਂਤਾਂ, ਸਾਰ ਪੀਰਤ ਦੇ ਕੇਤੇ ਸਾਰਾਰ ਹੋਇ ।
ਇਤੀ ਸ਼ਾਤ ਕਰਨੀ ਕਿਤੀ ਸਾਹਤੇ ਤੇ, ਤੁਹਾਡੇ ਸਾਸਤੀ ਕਰ ਗਾਹਤਯਾਰ ਹੋਇ ।
ਸਾਰ ਕਿਤੀ ਕਰਨੀ ਕਿਤਾ ਸੀ ਤਰੇਤੇ, ਪੁਖ ਦੇ ਦਰਸ ਆਦਿ ਦੀਤਾਰ ਹੋਇ ।



ਗਾਤ ਕਿਸੇ ਸੇ ਕਿਤ ਨ ਗਾਤ ਕਰਨੀ, ਕਰਨਾ ਕਿਸੇ ਨੂੰ ਨਾਲੀ ਦੁਸਮਣ ਧੀਰਾ ।
ਸਾਥੇ ਗਾਤ ਕਰਨੇ ਸਾਥ ਕਰਨਾ ਤਨੀ, ਕਿਤੇ ਸਾਤ ਨ ਕਰ ਗਾਤ ਧੀਰਾ ।
ਕਿਤੇ ਗਾਤ ਦਾਤਰ ਸਿਤ ਨਤੀ ਦੇਖਾ, ਉਤੇ ਸੁਤਾਤ ਦਾ ਤਾਤ ਮਰਤਾਤ ਧੀਰਾ ।
ਕੇਤ ਕਿਤੇ ਦਾ ਕਿਤੇ ਹੈ ਦਾਤਾਤ ਨਤੀ, ਕੇਤੇ ਦਾਤਾਂ ਪੁਤੇ ਦੀ ਗਾਤ ਧੀਰਾ ।
ਕਰਨੀ ਆਪਣੀ ਆਪ ਤਾਤੀ ਕਰਨੀ, ਕਰਨਾ ਦੂਜਾਤੇ ਦਾ ਸਤਿਕਾਰ ਧੀਰਾ ।
ਸੁਖਾਤ ਕਰਨ ਤੇ ਕਰਾਤ ਕਰਨੀ, ਸਭੀ ਦੁਖੀਆਂ ਦਾ ਕਰਾਖਾਰ ਧੀਰਾ ।
ਕਿਤੇ ਕੇਤ ਦੀ ਤੀਤ ਨ ਕਰੇ ਕਰਨੀ, ਪਰ ਆਪਣਾ ਕੁਝ ਦੀਕਾਰ ਧੀਰਾ ।
ਆਤਿਤਾਤ ਦੂਜੇ ਦੇ ਦੇਖ ਆਤਿਤਿਠ ਕਰਨੇ, ਮੰਤਿਤਾਤ ਆਪਣੇ ਨਾਲ ਸਿਤਾਰ ਧੀਰਾ ।
ਤੇਰਾ ਤਨੀ ਤੇ ਪਾਪ ਦੇ ਕਰਨ ਦੇਣੇ, ਸਾਥੀ ਸਾਤ ਨੂੰ ਸਾਥ ਕਰਤਾਰ ਧੀਰਾ ।
ਤਾ ਦੇ ਛਿਪੇ ਤੀ ਕਰਨਾ ਨੂੰ ਸਾਤਦਾ ਦੇ, ਉਤਰੀ ਨਾਤ ਦਿਨ ਆਤਾਰ ਧੀਰਾ ।
ਸਿਖੇ ਤੀਕ ਨੂੰ ਕਰੀ ਕਰਨਾ ਸਤਰ, ਸੁਤਾ ਕਿਸੇ ਦਾ ਨਤੀ ਤਾਤ ਧੀਰਾ ।
ਜੋਤੀ ਆਪੇ ਕਰੇ ਉਸੇ ਤੇ ਪੁਤ ਕਰਿਤ, ਕਿਤ ਇਕਰਕਰ ਤਾਤ ਗਰਾਤ ਧੀਰਾ ।
ਆਤਾ ਪਰੇ ਨ ਕਿਤ ਤਾਤੀਆਂ ਨੂੰ, ਪੁਤ ਸਿਤੇ ਦਾ ਤੇ ਕਿਰਾਤ ਧੀਰਾ ।
ਸਾਤ ਕੇ ਕਰਾਤਾਰਾ ਸਾਤ ਸਤਿਤਾ, ਤਾਤ ਸਾਤ ਕਰਾਤ ਸਾਤ ਸਾਤ ਧੀਰਾ ।
ਕਰਤਾਤਾਤ ਸਾਤ ਤੇ ਕੇਤ ਤੁਸਾਤਾਤ ਨਤੀ, ਜਿਹੜਾ ਸਾਤ ਕਰਾਤ ਦਾ ਸਾਤ ਧੀਰਾ ।
ਪਰਿਤ ਤੇ ਤੀਤ ਦੇ ਕੇਤ ਦੇ ਚਿਤ ਸਾਤ, ਸਾਤਾਤ ਦੇਤ ਤਤਿਤ ਕਰਤਾਤ ਧੀਰਾ ।
ਆਪਾਤ ਕੁਪਾਤਤਾਤ ਦੇ ਸਾਤਿਤਾਂ ਤੇ, ਕਰਤਾ ਸਾਤ ਦੇ ਸਾਥ ਕਿਤਾਤ ਧੀਰਾ ।
ਸਾਤ ਸਾਤੂਤ ਕੇਤ ਕੇ ਸਾਤ ਸਾਤ ਸਾਤੇ, ਪਰਤ ਕੇਤਾ ਸਾਤਿਤੇ ਸਿ ਸਾਤ ਧੀਰਾ ।
ਕੇਤ ਸਾਤ ਪਾਤੇ ਤਿਤੇ ਤਿਤ ਜੋਤਤ, ਤਿਤਤੇ ਦੇਤੇਤਾ ਪਤੂ ਦੀਤਾਤ ਧੀਰਾ ।
ਕਰਿਤ ਸਿਤ ਕਿਤ ਸਿਤਾਤ ਕਰਿਤ ਸਾਤ ਸਤਿਤ, ਤਤ ਸਿਤੁਤੀ ਤਤ ਸਿਤੁਤੀ ।
ਤੇਤ ਸਾਤ ਕਰਤਾ ।

ਸਾਤਤ ਹੈ ਗੁਰ ਹੈ ਸਾਤਾਤ ਤੇਤ ।

ਗੁਰ ਪਰਸਿ ਸੁਫਲ ।—
ਕਰਤਾਰ ਸਿੰਘ ਖਾਲਸਾ ।

ਕਿੰਨੇ ਭਾਗਾਂ ਵਾਲੇ ਸਨ (ਭਾਈ) ਅਮਰੀਕ ਸਿੰਘ ਜਿਨ੍ਹਾਂ ਨੂੰ ਇੱਕ ਬ੍ਰਹਮ ਗਿਆਨੀ ਦੀ ਅਗਵਾਈ (Guidance) ਅਤੇ ਸੱਚੀ-ਸੁੱਚੀ ਜੀਵਨ ਸੇਧ ਮਿਲਦੀ ਸੀ। ਵਰਨਾ ਦੁਨੀਆਂ ਵਿੱਚ ਅਜਿਹੇ ਮਨੁੱਖਾਂ ਦੀ ਕੋਈ ਕਮੀ ਨਹੀਂ ਜੋ ਆਪਣੇ ਜੀਵਨ ਵਿੱਚ ਇੱਕ ਢੁੱਕਵੀਂ ਸੇਧ ਅਤੇ ਸੁਚੱਜੀ ਅਗਵਾਈ ਤੋਂ ਬਿਨਾਂ ਇੱਕ ਗੁੰਮਨਾਮ ਜੀਵਨ ਬਤੀਤ ਕਰਨ ਲਈ ਮਜਬੂਰ ਹੋ ਕੇ ਰਹਿ ਜਾਂਦੇ ਹਨ। ਮਨੁੱਖ ਦੇ ਜੀਵਨ ਉੱਪਰ ਉਸਦੀ ਸਿੱਖਿਆ, ਸੰਗਤ ਤੇ ਉਸਦੇ ਮਾਰਗ ਦਰਸ਼ਕਾਂ ਦਾ ਬੜਾ ਡੂੰਘਾ ਪ੍ਰਭਾਵ ਪੈਂਦਾ ਹੈ ਜੋ ਕਿ ਸਦੀਵੀਂ ਰਹਿੰਦਾ ਹੈ। ਅਜਿਹੇ ਵਡਭਾਗੀ ਮਨੁੱਖ ਵੀ ਹੁੰਦੇ ਹਨ, ਜਿਹੜੇ ਕਿ ਆਪਣੇ ਅੰਦਰਲੇ ਗੁਣਾਂ ਅਤੇ ਔਗੁਣਾਂ ਨੂੰ ਪਛਾਣ ਕੇ ਆਪਣੇ ਔਗੁਣਾਂ ਨੂੰ ਸੂਝ-ਬੂਝ ਦੇ ਰੱਸੇ ਦੀ ਫਾਂਸੀ ਦੇ ਕੇ ਗੁਣਾਂ ਨੂੰ ਦੂਣਾ-ਚੌਣਾ ਕਰ ਲੈਂਦੇ ਹਨ ਜਦਕਿ ਬਹੁਤਾਤ ਅਜਿਹੇ ਮਨੁੱਖਾਂ ਦੀ ਵੀ ਹੁੰਦੀ ਹੈ ਜੋ ਕਿ ਜੀਵਨ ਵਿੱਚ ਢੁੱਕਵੀਂ ਸੇਧ ਤੇ ਸੰਗਤ ਤੋਂ ਬਿਨਾਂ ਆਪਣੇ ਮਨ ਦੀਆਂ ਗੰਢਾਂ ਵਿੱਚ ਦੱਬੇ ਹੋਏ ਗੁਣਾਂ ਨੂੰ ਅੱਖੋਂ-ਪਰੋਖੇ ਕਰਦਿਆਂ ਔਗੁਣਾਂ ਦੇ ਬਾਦਸ਼ਾਹ ਬਣੇ ਰਹਿੰਦੇ ਹਨ, ਜਿਸਦੀ ਬਦੌਲਤ ਉਹਨਾਂ ਦੀ ਆਪਣੀ ਹੀ ਸਿਰਜੀ ਹੋਈ ਖੋਖਲੀ ਦੁਨੀਆਂ ਦੇ ਖਿਆਲਾਂ ਤੇ ਮੰਜਿਲਾਂ ਦੇ ਰਸਤੇ ਹਮੇਸ਼ਾ ਲਈ ਤਬਾਹੀ ਵੱਲ ਚਲੇ ਜਾਂਦੇ ਹਨ। ਜੇਕਰ ਤਸਵੀਰ ਦਾ ਦੂਜਾ ਪਾਸਾ ਵੇਖਿਆ ਜਾਵੇ ਤਾਂ ਵਾਹਿਗੁਰੂ ਦੀ ਕ੍ਰਿਪਾ ਸਦਕਾ ਉਸ ਅਕਾਲ ਪੁਰਖ ਦੀ ਕ੍ਰਿਪਾ ਦਾ ਪਾਤਰ ਬਣਦਿਆਂ ਵਡਭਾਗੇ ਮਨੁੱਖ ਇਨਸਾਨੀ ਗੁਣਾਂ ਨਾਲ ਭਰਪੂਰ ਹੋ ਜਾਂਦੇ ਹਨ ਪਰ ਅਜਿਹੇ ਇਨਸਾਨਾਂ ਦੀ ਗਿਣਤੀ ਸੰਸਾਰ ਵਿੱਚ ਬਹੁਤ ਘੱਟ ਹੀ ਹੁੰਦੀ ਹੈ।

ਇਨਸਾਨੀ ਗੁਣਾਂ ਨਾਲ ਭਰਪੂਰ ਅਜਿਹੇ ਮਨੁੱਖਾਂ ਨੂੰ ਗੁਰਬਾਣੀ ਵਿੱਚ ਗੁਰੂ ਸਾਹਿਬਾਨ ਨੇ ਗੁਰਮੁੱਖ ਕਹਿ ਕੇ ਨਿਵਾਜਿਆ ਹੈ। ਅਜਿਹੇ ਮਨੁੱਖ ਇੱਕ ਨਿਵੇਕਲੀ ਸ਼ਖਸੀਅਤ ਦੇ ਮਾਲਕ ਅਤੇ ਆਪਣੀ ਮਿਸਾਲ ਆਪ ਹੀ ਹੁੰਦੇ ਹਨ। ਦੁਨਿਆਵੀ ਲਾਲਚ ਉਹਨਾਂ ਦੀ ਉੱਤਮਤਾਈ ਨੂੰ ਡਗਮਗਾਉਣ ਤੋ ਅਸਮਰੱਥ ਹੁੰਦੇ ਹਨ ਤੇ ਧਰਮ ਮਾਰਗ ਉੱਪਰ ਚਲਦਿਆਂ ਉਹ ਬਿਖੜੇ ਪੈਂਡੇ ਮੁਕਾ ਕੇ ਆਪਣੀ ਮੰਜਿਲ ਨੂੰ ਹਾਸਲ ਜਰੂਰ ਕਰ ਲੈਂਦੇ ਹਨ। ਅਜੋਕੇ ਵਿਰਲੇ ਗੁਰਮੁਖਾਂ ਲਈ ਗੁਰੂ ਸਾਹਿਬਾਨ ਨੇ ਫਰਮਾਇਆ ਹੈ-

"ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥"

(ਅੰਗ ੫੧੭)

ਸੰਨ 1974 ਵਿੱਚ ਜਦ (ਭਾਈ) ਅਮਰੀਕ ਸਿੰਘ ਖ਼ਾਲਸਾ ਕਾਲਜ ਵਿਖੇ ਬੀ·ਏ· ਕਰ ਰਹੇ ਸਨ ਤਾਂ ਪੰਥ ਦੇ ਸਿਰਲੱਥ ਨੌਜਵਾਨਾਂ ਦੀ ਨੁਮਾਇੰਦਗੀ ਕਰਨ ਵਾਲੀ ਇਨਕਲਾਬੀ ਜੱਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ

ਪ੍ਰੋਫੈਸਰ ਜਗੀਰ ਸਿੰਘ ਨੂੰ ਬਣਾਇਆ ਗਿਆ ਜਿਹੜੇ ਕਿ ਕਾਫ਼ੀ ਦੇਰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੀ ਹਿਸਟਰੀ ਦੇ ਲੈਕਚਰਾਰ ਰਹੇ ਸਨ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਸਿੱਖੀ ਪ੍ਰਚਾਰ ਨੂੰ ਵੱਧ ਤੋਂ ਵੱਧ ਸਿੱਖ ਨੌਜਵਾਨਾਂ ਵਿੱਚ ਫੈਲਾਉਣ ਲਈ ਗੁਰਮਤਿ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਗਿਆਨੀ ਤਨਜੀਤ ਸਿੰਘ ਅਤੇ ਪ੍ਰਿੰਸੀਪਲ ਕਰਤਾਰ ਸਿੰਘ ਜੀ ਸ਼ੇਰਗਿੱਲ ਨਾਲ ਵੀ ਵਿਚਾਰਾਂ ਕੀਤੀਆਂ। ਸੰਤ ਇਸੇ ਪ੍ਰੋਗਰਾਮ ਦੇ ਤਹਿਤ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਵੀ ਆਏ ਜਿੱਥੇ ਉਹਨਾ ਨੇ ਕਾਲਜ ਦੇ ਪ੍ਰਿੰਸੀਪਲ ਤੋਂ ਇਲਾਵਾ ਹੋਰ ਸਿੱਖੀ ਤਾਂਘ ਰੱਖਣ ਵਾਲੇ ਪ੍ਰੋਫੈਸਰ ਸਾਹਿਬਾਨ ਨਾਲ ਵੀ ਗੁਰਮਤਿ ਵਿਚਾਰਾਂ ਕੀਤੀਆਂ। ਇਸ ਦੌਰਾਨ ਪ੍ਰੋ: ਜਗੀਰ ਸਿੰਘ ਦੀ ਵੀ ਮਹਾਂਪੁਰਖਾਂ ਨਾਲ ਵਾਰਤਾ ਹੋਈ ਅਤੇ ਦੋਹਾਂ ਵਿੱਚ ਸਿੱਖ ਨੌਜਵਾਨਾਂ ਨੂੰ ਵੱਧ ਤੋਂ ਵੱਧ ਸਿੱਖੀ ਨਾਲ ਜੋੜਨ ਲਈ ਉਪਰਾਲੇ ਕਰਨ ਦੀਆਂ ਵੀਚਾਰਾਂ ਹੋਈਆਂ। ਮਹਾਂਪੁਰਖਾਂ ਨੇ ਪ੍ਰੋ: ਜਗੀਰ ਸਿੰਘ ਨੂੰ ਵੱਧ ਤੋਂ ਵੱਧ ਸਿੱਖ ਨੌਜਵਾਨਾਂ ਨੂੰ ਆਲ ਇੰਡੀਆਂ ਸਿੱਖ ਸਟੂਡੈਂਟਸ ਫੈਡਰੇਸ਼ਨ ਵਿੱਚ ਭਰਤੀ ਕਰਕੇ ਗੁਰਮਤਿ ਪ੍ਰਤੀ ਚੇਤਨਾ ਫੈਲਾਉਣ ਲਈ ਉਤਸ਼ਾਹਿਤ ਕੀਤੇ ਜਾਣ ਬਾਰੇ ਕਿਹਾ। ਇੱਥੇ ਇਹ ਵੀ ਵਰਣਨਯੋਗ ਹੈ ਕਿ ਉਸ ਵਕਤ ਮਹਾਂਪੁਰਖਾਂ (ਭਾਈ) ਅਮਰੀਕ ਸਿੰਘ ਨੂੰ ਵੀ ਸਿੱਖ ਜੱਥੇਬੰਦੀ ਦਾ ਇੱਕ ਹਿੱਸਾ ਬਨਣ ਤੇ ਵੱਧ ਤੋਂ ਵੱਧ ਹੋਰ ਸਾਥੀ ਵਿਦਿਆਰਥੀਆਂ ਨੂੰ ਵੀ ਪ੍ਰੇਰਨ ਲਈ ਕਿਹਾ।

ਇੱਥੇ ਇਹ ਵੀ ਵਰਣਨਯੋਗ ਹੈ ਕਿ ਉਸ ਸਮੇਂ ਦੌਰਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਹਾਲਤ ਕਾਫ਼ੀ ਤਰਸਯੋਗ ਸੀ ਅਤੇ ਅਜੋਕੇ ਸਿੱਖ ਸੰਘਰਸ਼ ਦੀ ਬੁਨਿਆਦ ਅਸਲ ਵਿੱਚ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨੇ ਇਸ ਸਮੇਂ ਦੌਰਾਨ ਹੀ ਰੱਖ ਦਿੱਤੀ ਸੀ। ਸਿੱਖੀ ਸਰੂਪ ਦੀ ਦਿਨ-ਬ-ਦਿਨ ਨਿੱਘਰਦੀ ਜਾ ਰਹੀ ਤਰਸਯੋਗ ਹਾਲਤ ਲਈ ਦਮਦਮੀਂ ਟਕਸਾਲ ਤੋਂ ਇਲਾਵਾ ਫੈਡਰੇਸ਼ਨ ਵਰਗੀਆਂ ਜੁਝਾਰੂ ਜੱਥੇਬੰਦੀਆਂ ਲਈ ਵੀ ਹਾਲੇ ਕਾਫ਼ੀ ਕੁਝ ਕਰਨਾ ਬਾਕੀ ਸੀ। ਪ੍ਰੋ: ਜਗੀਰ ਸਿੰਘ ਜਦ ਇਸ ਜੱਥੇਬੰਦੀ ਦੇ ਪ੍ਰਧਾਨ ਬਣੇ ਤਾਂ ਉਹ ਵੀ ਇਸ ਜੱਥੇਬੰਦੀ ਦੀਆਂ ਸਰਗਰਮੀਆਂ ਵਿੱਚ ਕੋਈ ਇਨਕਲਾਬੀ ਮੋੜ ਲਿਆਉਣ ਤੋਂ ਪੂਰੀ ਤਰ੍ਹਾਂ ਨਾਕਾਮ ਰਹੇ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀਆਂ ਸਰਗਰਗਮੀਆਂ ਕੇਵਲ ਮੀਟਿੰਗਾਂ, ਮੁਜਾਹਰਿਆਂ, ਕਿਤਾਬਚਿਆਂ ਅਤੇ ਅਖ਼ਬਾਰਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਈਆਂ ਸਨ। ਜੱਥੇਬੰਦੀ ਦੀ ਗਤੀਸ਼ੀਲਤਾ ਨੂੰ ਸਮਾਜ ਵਿੱਚ ਵੱਧ ਰਹੀ ਕਾਮਰੇਡੀ ਦੀ ਬਿਮਾਰੀ ਨੇ ਲਗਭਗ ਖ਼ਤਮ ਹੀ ਕਰ ਦਿੱਤਾ ਸੀ। ਪ੍ਰੋ: ਜਗੀਰ ਸਿੰਘ ਵੱਲੋਂ 1974 ਵਿੱਚ ਹੀ ਫੈਡਰੇਸ਼ਨ ਦਾ ਇੱਕ ਰਸਮੀਂ ਕੈਂਪ ਪਾਉਂਟਾ ਸਾਹਿਬ ਵਿਖੇ ਲਗਾਇਆ ਗਿਆ ਜਿਹੜਾ ਕਿ ਕੋਈ ਛਾਪ ਛੱਡਣ ਤੋਂ ਅਸਫ਼ਲ ਰਿਹਾ। ਕੈਂਪ ਵਿੱਚ ਧੜੇਬੰਦੀ ਤੇ ਲੜਾਈ

ਝਗੜਾ ਹੋ ਜਾਣ ਕਾਰਨ ਬੇ-ਰਸੀ ਹੀ ਫੈਲੀ ਰਹੀ। ਕੈਂਪ ਪੂਰੀ ਤਰ੍ਹਾਂ ਫਿੱਕਾ ਰਿਹਾ। ਇਸ ਦੌਰਾਨ ਪ੍ਰੋ: ਜਗੀਰ ਸਿੰਘ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਕੋਈ ਵੀ ਯੂਨਿਟ ਕਾਇਮ ਕਰਨ ਤੋਂ ਨਾਕਾਮ ਰਹੇ ਅਤੇ 10 ਨਵੰਬਰ 1975 ਨੂੰ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਸ਼ਹੀਦੀ ਦਿਨ ਤੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਫੈਡਰੇਸ਼ਨ ਨੂੰ ਨਵੀਆਂ ਲੀਹਾਂ ਤੇ ਲਿਆਉਣ ਦੀ ਕੋਸ਼ਿਸ਼ ਕਰਦਿਆਂ ਪ੍ਰੋ: ਜਗੀਰ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਕਨਵੈਨਸ਼ਨ ਬੁਲਾਈ ਗਈ ਜਿਸਦੇ ਕੋਈ ਠੋਸ ਨਤੀਜੇ ਸਾਹਮਣੇ ਨਾ ਆ ਸਕੇ। ਪ੍ਰੋ: ਜਗੀਰ ਸਿੰਘ ਜੱਥੇਬੰਦੀ ਲਈ ਇੱਕਾ-ਦੁੱਕਾ ਕੈਂਪ ਲਾਉਣ ਤੋਂ ਬਿਨਾ ਹੋਰ ਕੋਈ ਵੀ ਹੀਲਾ-ਵਸੀਲਾ ਨਾ ਕਰ ਸਕੇ। ਇੱਥੇ ਇਹ ਵੀ ਜਿਕਰਯੋਗ ਹੈ ਕਿ ਸੱਤਰਵਿਆਂ ਦੇ ਦੌਰਾਨ ਬਹੁਤ ਸਾਰੇ ਫੈਡਰੇਸ਼ਨਿਸਟ ਆਗੂਆਂ ਨੂੰ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਵੀ ਹੋਣਾ ਪਿਆ ਜਿਨ੍ਹਾਂ ਵਿੱਚੋਂ ਸ: ਜਸਵੰਤ ਸਿੰਘ ਗਰੇਵਾਲ, ਡਾ: ਹਰਜਿੰਦਰ ਸਿੰਘ ਦਿਲਗੀਰ ਤੇ ਹੋਰ ਕਈ ਆਗੂ ਮੁੱਖ ਸਨ। ਪੁਲੀਸ ਤਸ਼ੱਦਦ ਕਰਕੇ ਸਰਕਾਰ ਦਾ ਮੁੱਖ ਮੰਤਵ ਫੈਡਰੇਸ਼ਨ ਨੇਤਾਵਾਂ ਅਤੇ ਜੱਥੇਬੰਦੀ ਦੇ ਦੂਸਰੇ ਕਾਰਕੁੰਨਾਂ ਦਾ ਹੌਸਲਾ ਅਤੇ ਸਿੱਖੀ ਉਤਸ਼ਾਹ ਢੌਤ ਕਰਕੇ ਜੱਥੇਬੰਦੀ ਦੀਆਂ ਸਰਗਰਮੀਆਂ ਨੂੰ ਖ਼ਤਮ ਕਰਨਾ ਸੀ ਜਿਸ ਵਿੱਚ ਸਰਕਾਰ ਨੂੰ ਕੁਝ ਕਾਮਯਾਬੀ ਵੀ ਹਾਸਿਲ ਹੋਈ (ਭਾਵੇਂ ਬਾਅਦ ਵਿੱਚ ਉਸਦੇ ਇਹ ਨਾਪਾਕ ਇਰਾਦੇ ਨਾ-ਕਾਮਯਾਬ ਰਹੇ)।

(ਭਾਈ) ਅਮਰੀਕ ਸਿੰਘ ਜਿੱਥੇ ਮਹਾਂਪੁਰਖਾਂ ਦੀ ਹਦਾਇਤ ਸਦਕਾ, ਸਿੱਖ ਕੌਮ ਦੇ ਹਰਿਆਵਲ ਦਸਤੇ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿੱਚ ਰੁਚੀ ਲੈਣ ਲੱਗ ਪਏ ਉੱਥੇ ਨਾਲ ਹੀ ਉਹਨਾਂ ਨੇ ਆਪਣੇ ਵਿੱਦਿਅਕ ਖੇਤਰ ਵਿੱਚ ਵੀ ਸ਼ਲਾਘਾਯੋਗ ਮੱਲ੍ਹਾਂ ਮਾਰੀਆਂ। ਉਹਨਾ ਨੇ 1973-74 ਵਿੱਚ ਗਿਆਨੀ ਦਿੱਤ ਸਿੰਘ ਮੈਡਲ ਅਤੇ ਡਾ: ਮੂਲ ਸਿੰਘ, ਮਹਿੰਦਰ ਸਿੰਘ ਮੈਡਲ ਗਰੈਜੂਏਸ਼ਨ ਦੌਰਾਨ ਪ੍ਰਾਪਤ ਕੀਤੇ।

ਦੂਸਰੇ ਪਾਸੇ 1977 ਵਿੱਚ ਫੈਡਰੇਸ਼ਨ ਪ੍ਰਧਾਨ ਪ੍ਰੋ: ਜਗੀਰ ਸਿੰਘ ਦੀ ਹਾਜਰੀ ਵਿੱਚ ਕੁਝ ਫੈਡਰੇਸ਼ਨ ਕਾਰਕੁੰਨਾਂ ਨੇ ਸ: ਹਰੀ ਸਿੰਘ ਨੂੰ ਵਰਕਿੰਗ ਪ੍ਰਧਾਨ ਚੁਣ ਕੇ ਜੱਥੇਬੰਦੀ ਨੂੰ ਨਵੀਆਂ ਲੀਹਾਂ ਤੇ ਲਿਆਉਣ ਦਾ ਉਪਰਾਲਾ ਕਰਨ ਦਾ ਯਤਨ ਕੀਤਾ। ਸ: ਹਰੀ ਸਿੰਘ ਐਡੀਟਰ ਖ਼ਾਲਸਾ ਐਡਵੋਕੇਟ ਅਤੇ ਬਾਅਦ ਵਿੱਚ ਪੰਜਾਬੀ ਅਖ਼ਬਾਰ ਅਜੀਤ ਦੇ ਨਾਲ ਵੀ ਜੁੜੇ ਰਹੇ। ਸ: ਹਰੀ ਸਿੰਘ ਨਵੇਂ ਨੌਜਵਾਨਾਂ ਦੀ ਫੈਡਰੇਸ਼ਨ ਵਿੱਚ ਭਰਤੀ ਕਰਕੇ ਕੁਝ ਨਵੀਆਂ ਯੂਨਿਟਾਂ ਕਾਇਮ ਕਰਨ ਵਿੱਚ ਸਫਲ ਹੋਏ। ਪ੍ਰੋ: ਸਾਹਿਬ ਦੀ ਲੀਡਰਸ਼ਿਪ ਦੌਰਾਨ ਫੈਡਰੇਸ਼ਨ ਰਾਜਨੀਤਿਕ ਆਗੂਆਂ ਦਾ ਪੱਖ ਲੈਣ ਵਿੱਚ ਜਿਆਦਾ ਵਿਸ਼ਵਾਸ਼ ਕਰਦੀ ਸੀ। ਮਿਸਾਲ ਵਜੋਂ ਪ੍ਰੋ: ਜਗੀਰ ਸਿੰਘ ਜੱਥੇਦਾਰ ਟੌਹੜਾ ਦਾ ਜਿਆਦਾਤਰ ਸਮਰਥਨ ਕਰਦੇ ਸਨ ਕਿਉਂਕਿ ਇਹਨਾਂ ਰਾਜਨੀਤਿਕ ਆਗੂਆਂ ਨੇ ਫੈਡਰੇਸ਼ਨ ਨੂੰ ਵਾਪਿਸ ਲੀਹਾਂ ਤੇ ਲਿਆਉਣ ਲਈ ਕੈਂਪਾਂ, ਸਟੱਡੀ ਸਰਕਲਾਂ ਤੇ

ਵਿਖਿਆਨਾਂ ਨੂੰ ਉਤਸ਼ਾਹਿਤ ਕੀਤਾ ਜਿਹਨਾਂ ਵਿੱਚੋਂ ਜੱਥੇਦਾਰ ਟੌਹੜਾ ਵੀ ਇੱਕ ਸਨ। ਇਸ ਲਈ ਪ੍ਰੋ: ਜਗੀਰ ਸਿੰਘ ਉਹਨਾਂ ਦੀ ਹਾਮੀ ਭਰਦੇ ਸਨ। ਸ: ਹਰੀ ਸਿੰਘ ਦੇ ਐਕਟਿੰਗ ਪ੍ਰਧਾਨ ਬਣਨ ਉਪਰੰਤ ਬਹੁਤ ਸਾਰੇ ਕੈਂਪ ਲਗਾਏ ਅਤੇ ਫੈਡਰੇਸ਼ਨ ਵਰਕਰਾਂ ਨੂੰ ਜੱਥੇਬੰਦਕ ਰੂਪ ਵਿੱਚ ਇਕੱਠੇ ਕਰਨ ਲਈ ਉਪਰਾਲੇ ਕੀਤੇ ਜਾਣ ਲੱਗੇ। ਸ: ਹਰੀ ਸਿੰਘ ਨੇ ਕੋਸ਼ਿਸ਼ਾਂ ਕਰਕੇ ਜੱਥੇਬੰਦੀ ਨੂੰ ਦੇਸ ਅਤੇ ਪਰਦੇਸ ਵਿੱਚ ਵੀ ਇੱਕ ਪਲੇਟਫਾਰਮ ਉੱਪਰ ਜੋੜਨ ਦਾ ਭਰਪੂਰ ਉਪਰਾਲਾ ਕਰਦਿਆਂ 'ਸਿੱਖ ਨੌਜਵਾਨ ਅੰਤਰ' ਨਾਮਕ ਫੋਟੋਗਰਾਫਕ ਜਰਨਲਿਜ਼ਮ ਦੀ ਨੁਮਾਇਸ਼ ਕੀਤੀ। ਬਹੁਤ ਸਾਰੇ ਨਵੇਂ ਸਿੱਖ ਵਿਦਿਆਰਥੀ ਇਸ ਜੱਥੇਬੰਦੀ ਪ੍ਰਤੀ ਜਾਗਰੂਕ ਹੋ ਗਏ।

ਫੈਡਰੇਸ਼ਨ ਦੇ ਜਰਨਲ ਸਕੱਰਤਰ ਦੀ ਸੇਵਾ ਉਸ ਵਕਤ ਸ: ਜਗਜੀਤ ਸਿੰਘ ਬਰਾੜ (ਸਾਬਕਾ ਮੈਂਬਰ ਪਾਰਲੀਮੈਂਟ) ਬਾਖੂਬੀ ਨਿਭਾ ਰਹੇ ਸਨ। ਉਹਨਾਂ ਦੇ ਪਿਤਾ ਸ: ਗੁਰਮੀਤ ਸਿੰਘ ਬਰਾੜ ਨੇ ਕਈ ਵਾਰ ਦਮਦਮੀ ਟਕਸਾਲ ਦੇ ਦੀਵਾਨਾਂ ਵਿੱਚ ਹਾਜਰੀ ਭਰਦਿਆਂ (ਭਾਈ) ਅਮਰੀਕ ਸਿੰਘ ਨਾਲ ਪੰਥ ਸੰਕਟ ਸਬੰਧੀ ਵਿਚਾਰਾਂ ਕੀਤੀਆਂ ਸਨ। ਉਹਨਾਂ ਨੇ (ਭਾਈ) ਅਮਰੀਕ ਸਿੰਘ ਪਾਸੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪ੍ਰਤੀ ਵੀ ਅਗਾਂਹਵਧੂ ਵਿਚਾਰ ਸਾਂਝੇ ਕੀਤੇ ਸਨ। ਉਹ ਭਾਈ ਸਾਹਿਬ ਦੀ ਲੰਮੀਂ ਸੁਲਝੀ ਹੋਈ ਅਤੇ ਇਨਕਲਾਬੀ ਸੋਚ ਤੋਂ ਪੂਰੀ ਤਰ੍ਹਾਂ ਵਾਕਿ! ਸਨ। ਜੱਥੇਬੰਦੀ ਵਿੱਚ ਇੱਕ ਨਵਾਂ ਉਸਾਰੂ ਮੋੜ ਲਿਆਉਣ ਲਈ ਸ: ਗੁਰਮੀਤ ਸਿੰਘ ਬਰਾੜ ਨੇ ਫੈਡਰਸ਼ਨ ਦੇ ਕੁਝ ਮੋਢੀ ਆਗੂ ਅਤੇ ਵਰਕਰਾਂ ਨੂੰ ਬੁਲਾ ਕੇ ਇਹ ਸਲਾਹ ਦਿੱਤੀ ਕਿ 'ਜੇਕਰ ਤੁਸੀਂ ਫੈਡਰੇਸ਼ਨ ਦੀ ਵਾਕਿਆ ਹੀ ਕੋਈ ਗੱਲ ਬਣਾਉਣਾ ਚਾਹੁੰਦੇ ਹੋ ਤਾਂ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੂੰ ਬੇਨਤੀ ਕਰਕੇ ਉਹਨਾਂ ਦੇ ਸਪੁੱਤਰ ਭਾਈ ਅਮਰੀਕ ਸਿੰਘ ਸਟੂਡੈਂਟ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਜੱਥੇਬੰਦੀ ਵਿੱਚ ਲਿਆਓ।'

ਸ: ਗੁਰਮੀਤ ਸਿੰਘ ਬਰਾੜ ਦੀ ਪਾਰਖੂ ਨਜਰ ਤੋਂ ਭਾਈ ਸਾਹਿਬ ਬਚ ਨਾ ਸਕੇ ਕਿਉਂਕਿ ਸ: ਬਰਾੜ ਇੱਕ ਬਹੁਤ ਹੀ ਸੁਲਝੇ ਹੋਏ, ਡੂੰਘੀ ਸੋਚ ਰੱਖਣ ਵਾਲੇ ਸਿੱਖੀ ਦੇ ਸੱਚੇ ਹਮਦਰਦ ਸਨ। ਉਹਨਾ ਦੀ ਇਹ ਦਿਲੀ ਸੋਚ ਸੀ ਕਿ ਫੈਡਰੇਸ਼ਨ ਵਰਗੇ ਜੁਝਾਰੂ ਜੱਥੇਬੰਦੀ ਨੂੰ ਜੇਕਰ ਭਾਈ ਅਮਰੀਕ ਸਿੰਘ ਵਰਗੇ ਨਸੀਬ ਹੋ ਜਾਣ ਤਾਂ ਕੌਮ ਦੀ ਤਵਾਰੀਖ ਹੀ ਬਦਲ ਸਕਦੀ ਹੈ ਅਤੇ ਉਹਨਾਂ ਦੀ ਇਹ ਸੋਚ ਤੇ ਪਾਰਖੂ ਨਜਰ ਬਿਲਕੁਲ ਖ਼ਰੀ ਉੱਤਰੀ।

ਭਾਈ ਅਮਰੀਕ ਸਿੰਘ ਜੱਥੇਬੰਦੀ ਦੇ ਮੈਂਬਰ ਬਣ ਕੇ ਸਿੱਖੀ ਦੀ ਸੇਵਾ ਕਰਨ, ਸੰਤ ਕਰਤਾਰ ਸਿੰਘ ਜੀ ਖ਼ਾਲਸਾ ਲਈ ਇਹ ਅਤਿਅੰਤ ਖੁਸ਼ੀ ਦੀ ਖ਼ਬਰ ਸੀ। ਇਸ ਲਈ ਭਾਈ ਅਮਰੀਕ ਸਿੰਘ ਨੇ ਨਿਰ-ਸੰਕੋਚ ਫੈਡਰੇਸ਼ਨ ਵਿਚ ਭਰਤੀ ਲਈ ਹਾਮੀ

ਭਰ ਦਿੱਤੀ। ਭਾਈ ਸਾਹਿਬ ਦੇ ਫੈਡਰੇਸ਼ਨ ਵਰਕਰ ਬਣਨ ਤੇ ਬਹੁਤ ਸਾਰੇ ਆਗੂ ਖੁਸ਼ ਹੋਏ। ਮਹਾਂਪੁਰਖਾਂ ਨੇ ਭਾਈ ਸਾਹਿਬ ਨੂੰ ਚਿੱਠੀ ਭੇਜ ਕੇ ਇਸ ਜੱਥੇਬੰਦੀ ਦੀ ਤਨ-ਮਨ-ਧਨ ਨਾਲ ਸੇਵਾ ਕਰਨ ਦੀ ਪ੍ਰੇਰਨਾ ਦਿੱਤੀ ਜਿਸਨੂੰ ਉਹਨਾ ਨੇ ਬਾਖੂਬੀ ਨਿਭਾਇਆ ਅਤੇ ਵਕਤ ਆਉਣ ਤੇ ਉਹਨਾ ਨੇ ਆਪਣੇ ਧਨ ਤੇ ਸਮੇਂ ਦੇ ਨਾਲ-ਨਾਲ ਤਨ ਵੀ ਇਸ ਜੱਥੇਬੰਦੀ ਦੇ ਲੇਖੇ ਲਾ ਕੇ ਇਸਦੀਆਂ ਜੜ੍ਹਾਂ ਨੂੰ ਖ਼ੂਨ ਨਾਲ ਸਿੰਜਿਆ। ਆਪਣੇ ਜੀਵਨ ਦਾ ਮੁੱਖ ਮੰਤਵ ਉਹਨਾਂ ਨੇ ਅਪਨਾ ਲਿਆ ਸੀ ਤੇ ਮੰਜਿਲ ਦਾ ਸਹੀ ਰਸਤਾ ਹੁਣ ਉਹਨਾਂ ਦੇ ਪੈਰਾਂ ਹੇਠ ਸੀ ਜਿਸ ਉੱਪਰ ਉਹ ਨਿਰੰਤਰ ਅੱਗੇ ਵੱਧਦੇ ਗਏ। ਬਹੁਤ ਸਾਰੀਆਂ ਮੁਸ਼ਕਿਲਾਂ ਅਤੇ ਰੁਕਾਵਟਾਂ ਨੂੰ ਪਾਸੇ ਕਰਦਿਆਂ ਉਹ ਨਿਰੰਤਰ ਆਪਣੀ ਮੰਜਿਲ ਵੱਲ ਵੱਧਦੇ ਹੀ ਗਏ ਤੇ ਫਿਰ ਉਹਨਾਂ ਕਦੀ ਪਿੱਛੇ ਮੁੜ ਕੇ ਨਹੀਂ ਵੇਖਿਆ -

'ਜਿਸ ਦਿਨ ਸੇ ਚਲਾ ਹੂੰ ਮੰਜ਼ਿਲ ਕੀ ਤਲਾਸ਼ ਮੇਂ,
ਆਖੋਂ ਨੇ ਕਬੀ ਮੀਲ ਕਾ ਪੱਥਰ ਨਹੀਂ ਦੇਖਾ।।'

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿੱਚ ਭਰਤੀ ਹੋਣ ਦਾ ਭਾਈ ਅਮਰੀਕ ਸਿੰਘ ਦੀ ਜ਼ਿੰਦਗੀ ਦਾ ਸਭ ਤੋਂ ਅਹਿਮ ਫੈਸਲਾ ਸੀ ਜਿਸ ਨੂੰ ਲੈਣ ਲਈ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਉਹਨਾਂ ਨੂੰ ਉਤਸ਼ਾਹ ਅਤੇ ਪ੍ਰੇਰਨਾ ਦਿੱਤੀ। ਕਾਲਜੀ ਜੀਵਨ ਦੇ ਇਸ ਨਿਰਣਾਇਕ ਫੈਸਲੇ ਨੇ ਉਹਨਾਂ ਦੇ ਜੀਵਨ ਪੱਖ ਨੂੰ ਬਦਲ ਕੇ ਰੱਖ ਦਿੱਤਾ ਅਤੇ ਪ੍ਰੋਫੈਸਰ ਬਣ ਕੇ ਆਪਣੇ ਆਪ ਨੂੰ ਆਉਣ ਵਾਲੇ ਦਿਨਾਂ ਖ਼ਾਲਸਾ ਕਾਲਜ ਵਿੱਚ ਵੇਖਣ ਦੇ ਬਦਲੇ ਵਾਸਤਵਿਕਤਾ ਨੂੰ ਛੂਹਣ ਵਾਲੇ ਉਤਰਾਵਾਂ-ਚੜ੍ਹਾਵਾਂ ਨਾਲ ਉਹਨਾਂ ਦਾ ਵਾਹ ਪਾਇਆ। ਸਭ ਕੁਝ ਜਿਵੇਂ ਪਹਿਲਾਂ ਹੀ ਉਲੀਕਿਆ ਗਿਆ ਹੋਵੇ ਆਪਣੇ-ਆਪ ਹੀ ਰਸਤੇ ਸਾਹਮਣੇ ਆਉਂਦੇ ਗਏ ਤੇ ਭਾਈ ਅਮਰੀਕ ਸਿੰਘ ਉਨ੍ਹਾ ਉੱਪਰ ਆਪਣੀਆਂ ਸੰਦਲੀ ਪੈੜਾਂ ਛੱਡਦੇ ਗਏ। ਉਹ ਸੁਭਾਗੀ ਘੜੀ ਜਿਸ ਪਲ ਭਾਈ ਅਮਰੀਕ ਸਿਘ ਨੇ ਇਸ ਜੱਥੇਬੰਦੀ ਨੂੰ ਅਪਣਾਉਣ ਦਾ ਫੈਸਲਾ ਲਿਆ, ਫੈਡਰੇਸ਼ਨ ਦੀ ਤਵਾਰੀਖ ਵਿੱਚ ਇੱਕ ਅਤਿ ਅਹਿਮ ਅਤੇ ਸਿਰਜਣਾਤਮ ਘੜੀ ਕਹੀ ਜਾ ਸਕਦੀ ਹੈ। ਜੱਥਬੰਦੀ ਵਿੱਚ ਇੱਕ ਨਵੇਂ ਪਾਂਧੀ ਦੀ ਖੁਸ਼ਆਮਦੀਦ ਹੋ ਚੁੱਕੀ ਸੀ ਜਿਸਨੇ ਅਗਲੇ ਪੜਾਅ ਦੇ ਸਫ਼ਰ ਲਈ ਵਾਟਾਂ ਮੁਕਾਉਣੀਆਂ ਸਨ।

ਸਿੱਖ ਕੌਮ ਦੇ ਫੈਡਰੇਸ਼ਨਿਸਟ ਬਨਣ ਤੋਂ ਬਾਅਦ ਸਭ ਤੋ ਪਹਿਲਾਂ ਭਾਈ ਅਮਰੀਕ ਸਿੰਘ ਨੇ ਜੱਥੇਬੰਦੀ ਦੇ ਇਤਿਹਾਸਕ ਪਿਛੋਕੜ ਬਾਰੇ ਵੱਧ ਤੋਂ ਵੱਧ ਜਾਣਕਾਰੀ ਇਕੱਠੀ ਕਰਨ ਤੋਂ ਇਲਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁੱਖ ਮੰਤਵਾਂ ਲਈ ਉਹਨਾਂ ਬਹੁਤ ਸਾਰੇ ਸੀਨੀਅਰ ਫੈਡਰੇਸ਼ਨ ਆਗੂਆਂ ਅਤੇ ਜੱਥੇਬੰਦੀ ਨਾਲ ਸਬੰਧਿਤ ਛਪਿਆ ਹੋਇਆ ਲਿਟਰੇਚਰ ਅਤੇ ਸ: ਹਰੀ ਸਿੰਘ ਵੱਲੋਂ ਕੋਸ਼ਿਸ਼ ਕਰਕੇ

ਛਾਪਿਆ ਗਿਆ ਸਿੱਖ ਨੌਜਵਾਨ ਅੰਕ (ਜਿਸ ਵਿੱਚ ਇਸ ਜੱਥੇਬੰਦੀ ਦੀ ਜੱਦੋ ਜਹਿਦ ਭਰੀ ਤਵਾਰੀਖ ਬਾਰੇ ਲਿਖਿਆ ਗਿਆ ਸੀ) ਵੀ ਪੜ੍ਹਿਆ। ਇਸ ਤੋਂ ਇਲਾਵਾ ਭਾਈ ਅਮਰੀਕ ਸਿੰਘ ਹੁਣ ਜੱਥੇਬੰਦੀ ਦੀਆਂ ਰੋਜਾਨਾਂ ਹੋਣ ਵਾਲੀਆਂ ਸਰਗਰਮੀਆਂ ਵਿੱਚ ਵੀ ਪੂਰੀ-ਪੂਰੀ ਦਿਲਚਸਪੀ ਲੈਣ ਲੱਗੇ। ਲਾਇਬਰੇਰੀ ਵਿੱਚ ਜਾ ਕੇ ਰੋਜਾਨਾਂ ਅਖਬਾਰ ਤਾਂ ਉਹ ਪਹਿਲਾਂ ਹੀ ਪੜ੍ਹਦੇ ਸਨ। ਸੋ ਪ੍ਰੈਸ ਤੋਂ ਵੀ ਜੱਥੇਬੰਦਕ ਸਰਗਰਮੀਆਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਸੀ। ਫੈਡਰੇਸ਼ਨ ਦੇ ਸਾਰੇ ਮੁੱਖ ਮੰਤਵ ਭਾਈ ਸਾਹਿਬ ਨੇ ਜ਼ੁਬਾਨੀ ਯਾਦ ਕਰ ਲਏ, ਜਿਹੜਾ ਕਿ ਹਰ ਫੈਡਰੇਸ਼ਨਿਸਟ ਦਾ ਪਰਮ-ਫਰਜ਼ ਹੈ। ਜੱਥੇਬੰਦੀ ਦੇ ਅਸੂਲਾਂ ਮੁਤਾਬਿਕ ਹਰੇਕ ਕਾਰਕੁੰਨ ਨੂੰ ਇਹਨਾ ਮੰਤਵਾਂ ਦੇ ਦਾਇਰੇ ਵਿੱਚ ਰਹਿ ਕੇ ਸਿੱਖ ਸੰਘਰਸ਼ ਲੜਨਾ ਅਤਿ ਜਰੂਰੀ ਸੀ।

ਫੈਡਰੇਸ਼ਨ ਦੇ ਮੁੱਖ ਮੰਤਵ

(Main Motives of Federation)

੧) ਆਪਣੇ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਕਰਨ ਲਈ ਸਿੱਖ ਵਿਦਿਆਰਥੀਆਂ ਨੂੰ ਜੱਥੇਬੰਦ ਕਰਨਾ।

੨) ਸਿੱਖ ਵਿਦਿਆਰਥੀਆਂ ਦੇ ਦਿਲਾਂ ਵਿੱਚ ਆਪਣੇ ਪਿਆਰੇ ਗੁਰੂ ਸਾਹਿਬਾਨ ਦੇ ਉੱਚੇ ਤੇ ਸੁੱਚੇ ਉਪਦੇਸ਼ ਲਈ ਪਿਆਰ ਪੈਦਾ ਕਰਨਾ ਤੇ ਉਹਨਾਂ ਨੂੰ ਸਿੱਖੀ ਦੇ ਬਹੁਮੁੱਲੇ ਵਿਰਸੇ ਦੀ ਸੋਝੀ ਕਰਾਉਣੀ।

੩) ਸਿੱਖ ਵਿਦਿਆਰਥੀਆਂ ਵਿੱਚ ਆਪਣੀ ਵੱਖਰੀ ਹਸਤੀ ਤੇ ਅੱਡਰੀ ਕੌਮੀਅਤ ਦਾ ਅਹਿਸਾਸ ਜਗਾਉਣਾ ਅਤੇ ਉਹਨਾਂ ਨੂੰ ਅਜਿਹਾ ਦੇਸ਼ ਕਾਲ ਘੜਨ ਲਈ ਤਿਆਰ ਕਰਨਾ ਜਿਸ ਵਿੱਚ ਸਾਡਾ ਕੌਮੀ ਜਜ਼ਬਾ ਪ੍ਰਫੁੱਲਤ ਹੋ ਸਕੇ।

੪) ਗੁਰਬਾਣੀ ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਿਆਦਾ ਸਿੱਖੀ ਜੀਵਨ ਨਾਲ ਸਬੰਧ ਦਰਸਾਉਣ ਲਈ ਵਿਖਿਆਨਾਂ, ਕੈਂਪਾਂ ਅਤੇ ਸਟੱਡੀ ਸਰਕਲਾਂ ਦਾ ਪ੍ਰਬੰਧ ਕਰਨਾ।

੫) ਸਿੱਖਾਂ ਦੀ ਧਾਰਮਿਕ, ਰਾਜਨੀਤਿਕ, ਵਿਦਿਅਕ, ਸਮਾਜਿਕ, ਭਾਈਚਾਰਕ ਅਤੇ ਆਰਥਿਕ ਉੱਨਤੀ ਲਈ ਸਿੱਖ ਵਿਦਿਆਰਥੀਆਂ ਵਿੱਚ ਪ੍ਰਚਾਰ ਦਾ ਸ਼ੌਂਕ ਪੈਦਾ ਕਰਨਾ।

੬) ਸਿੱਖਾਂ ਵਿੱਚ ਪੰਜਾਬੀ ਪੜ੍ਹਨ ਲਿਖਣ ਦਾ ਪ੍ਰਚਾਰ ਕਰਨਾ ਅਤੇ ਸਿੱਖ ਯੂਨੀਵਰਸਿਟੀ ਦੀ ਸਥਾਪਨਾ ਲਈ ਯਤਨਸ਼ੀਲ ਰਹਿਣਾ।

1943 ਵਿੱਚ ਲਾਹੌਰ ਦੇ ਲਾਅ ਕਾਲਜ ਵਿੱਚ ਪੁੰਗਰੀ ਇਸ ਜੱਥੇਬੰਦੀ ਦੇ ਪਹਿਲੇ ਪ੍ਰਧਾਨ ਸ: ਸਰੂਪ ਸਿੰਘ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਜੁਝਾਰੂ ਜੱਥੇਬੰਦੀ

ਦੀ ਵਾਗਡੋਰ ਆਪਣੇ ਹੱਥ ਵਿੱਚ ਸੰਭਾਲਦਿਆਂ ਅਕਤੂਬਰ 1943 ਤੋਂ 20 ਨਵੰਬਰ 1948 ਤੱਕ ਜੱਥੇਬੰਦੀ ਦੀ ਸੇਵਾ ਕੀਤੀ, ਨੇ ਫੈਡਰੇਸ਼ਨ ਦੇ ਸਿਆਲੀ ਨਜਰੀਏ ਬਾਰੇ ਆਪਣੇ ਭਾਸ਼ਨ ਦੌਰਾਨ ਇਹ ਕਿਹਾ ਸੀ ਕਿ, 'ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਮਕਸਦ ਇੱਕ ਅਜਿਹੇ ਦੇਸ਼ ਕਾਲ ਦੀ ਕਾਇਮੀ ਹੋਵੇਗਾ ਜਿਸ ਵਿੱਚ ਸਿੱਖ ਕੌਮ ਦੀ ਕੌਮੀਅਤ ਤੇ ਸਿੱਖੀ ਦਾ ਤਸੱਵਰ ਪੂਰੀ ਤਰ੍ਹਾਂ ਰੌਸ਼ਨ ਹੋ ਸਕੇ, ਮੁੱਢਲੇ ਰੂਪ ਵਿੱਚ ਫੈਡਰੇਸ਼ਨ ਦਾ ਪਹਿਲਾ ਫਰਜ਼ ਸਿੱਖ ਨੌਜਵਾਨਾਂ ਨੂੰ ਮੁਕੰਮਲ ਤੌਰ ਤੇ ਤਿਆਰ ਕਰਨ ਦਾ ਸੀ ਤਾਂ ਜੋ ਪੜ੍ਹਾਈ ਤੋਂ ਮਗਰੋਂ ਉਹ ਅਸਲੀ ਜ਼ਿੰਦਗੀ ਵਿੱਚ ਕਦਮ ਰੱਖਣ ਵੇਲੇ ਪੰਥਕ ਸਟੇਜ ਤੇ ਸਮੁੱਚੇ ਰੂਪ ਵਿੱਚ ਉੱਭਰ ਕੇ ਭਰਪੂਰ ਹਿੱਸਾ ਲੈ ਸਕਣ।

ਅਜਿਹੇ ਸਿੱਖੀ ਭਰੇ ਜਜ਼ਬੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਿੱਖ ਵਿਦਿਆਰਥੀਆਂ ਨੂੰ ਉਹਨਾਂ ਦੇ ਵਿੱਦਿਅਕ ਕਾਲ, ਭਾਵ ਕਿ ਜੀਵਨ ਦੇ ਪਹਿਲੇ ਅਹਿਮ ਪੜਾਅ ਤੋਂ ਹੀ ਕੇਸਰੀ ਨਿਸ਼ਾਨ ਸਾਹਿਬ ਦੀ ਛਤਰ-ਛਾਇਆ ਹੇਠ ਇੱਕੋ ਕੌਮੀ ਪਲੇਟਫਾਰਮ ਤੇ ਜੱਥੇਬੰਦ ਲਈ ਫੈਡਰੇਸ਼ਨ ਵਰਗੀ ਜੱਥੇਬੰਦੀ ਦੀ ਹੋਂਦ ਅਤਿਅੰਤ ਜਰੂਰੀ ਸੀ। ਚੇਤੇ ਰਹੇ ਕਿ ਸਿੱਖ ਵਿਦਿਆਰਥੀਆਂ ਦੀ ਇਸ ਗੌਰਵਮਈ ਜੱਥੇਬੰਦੀ ਤੋਂ ਪਹਿਲਾਂ ਹੀ ਮੁਸਲਮਾਨ ਪਾੜ੍ਹਿਆਂ ਦੀ ਮੁਸਲਿਮ ਸਟੂਡੈਂਟ ਫੈਡਰੇਸ਼ਨ ਤੇ ਹਿੰਦੂ ਪਾੜ੍ਹਿਆਂ ਦੀ ਸਟੂਡੈਂਟਸ ਕਾਂਗਰਸ ਹੋਂਦ ਵਿੱਚ ਆ ਚੁੱਕੀਆਂ ਸਨ। ਇਸ ਤੋਂ ਇਲਾਵਾ ਡਾ: ਜਸਬੀਰ ਸਿੰਘ ਸਰਨਾ ਜੀ ਦੇ ਮੁਤਾਬਿਕ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਛੇਕੜਲੇ ਅਤੇ ਚੌਥੇ ਦਹਾਕੇ ਦੇ ਮੁੱਢਲੇ ਸਾਲਾਂ ਵਿੱਚ ਇਹਨਾਂ ਦੋਹਾਂ ਫੈਡਰੇਸ਼ਨਾਂ ਤੋਂ ਇਲਾਵਾ ਕਮਿਊਨਿਸਟਾਂ ਨੇ ਭਾਰਤੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਸਟੂਡੈਂਟਸ ਯੂਨੀਅਨ ਨਾਂ ਦੀ ਪਾਰਟੀ ਕਾਇਮ ਕੀਤੀ। 9 ਮਾਰਚ 1946 ਨੂੰ ਜਦ ਭਾਰਤ ਪਾਕਿਸਤਾਨ ਦੀ ਵੰਡ ਨੂੰ ਲੈ ਕੇ ਰਾਜਨੀਤਿਕ ਉਥਲ-ਪੁਥਲ ਚੱਲ ਰਹੀ ਸੀ ਤਾਂ ਫੈਡਰੇਸ਼ਨ ਨੇ ਸਭ ਤੋਂ ਪਹਿਲਾਂ ਗੋਲਬਾਗ ਲਹਿਰ ਵਿੱਚ ਹੋਏ ਇਜਲਾਸ ਵਿੱਚ ਆਜ਼ਾਦ ਸਿੱਖ ਰਾਜ ਦਾ ਨਾਹਰਾ ਸ਼ਰੇਆਮ ਲਾਇਆ ਭਾਵੇਂ ਬਾਅਦ ਵਿੱਚ ਭਾਰਤੀ ਰਾਜਨੀਤਿਕ ਗੰਗੂਆਂ ਦੀਆਂ ਚਾਲਾਂ ਨੇ ਸਿੱਖਾਂ ਦੀ ਇਸ ਮੰਗ ਨੂੰ ਬੜੀ ਚਲਾਕੀ ਨਾਲ ਅੱਖੋਂ-ਪਰੋਖੇ ਕਰ ਦਿੱਤਾ।

ਭਾਈ ਅਮਰੀਕ ਸਿੰਘ ਜਦ ਫੈਡਰੇਸ਼ਨ ਦੇ ਇਤਿਹਾਸਿਕ ਪਿਛੋਕੜ ਨੂੰ ਘੋਖਣ ਦਾ ਯਤਨ ਕਰ ਰਹੇ ਸਨ ਤਾਂ ਇਸ ਸਬੰਧੀ ਉਹਨਾਂ ਨੂੰ ਕਾਫ਼ੀ ਮੁਸ਼ਕਿਲਾਂ ਪੇਸ਼ ਆਈਆਂ ਕਿਉਂਕਿ ਫੈਡਰੇਸ਼ਨ ਨੇ ਇਤਿਹਾਸ ਨੂੰ ਵਿਸਥਾਰ 'ਹਿਤ ਲੜੀਬੰਦ ਕਰਕੇ ਕਿਸੇ ਵੀ ਲੇਖਕ ਨੇ ਇਸ ਜੱਥੇਬੰਦੀ ਦੀ ਤਵਾਰੀਖ ਲਿਖਣ ਦਾ ਉਪਰਾਲਾ ਨਹੀਂ ਕੀਤਾ ਸੀ। ਇਸ ਨੂੰ ਫੈਡਰੇਸ਼ਨਟ ਨੇਤਾਵਾਂ ਅਣਗਹਿਲੀ ਕਹਿ ਲਈਏ ਜਾਂ ਫਿਰ ਸਿੱਖਾਂ ਪ੍ਰਤੀ ਭੂਤਕਾਲ ਵਿੱਚ ਬਣੀ ਹੋਈ ਇਹ ਧਾਰਨਾ ਕਿ ਸਿੱਖ ਕੇਵਲ ਤਵਾਰੀਖ ਬਣਾਉਂਦੇ ਹਨ,

ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਦੀ ਤੀਜੀ ਸ਼ਤਾਬਦੀ ਮੌਕੇ ਦਿੱਲੀ ਵਿਖੇ ਸੰਬੋਧਨ ਕਰਦੇ ਹੋਏ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ

ਜਥੇ ਵਿਚ ਰਹਿਣ ਸਮੇਂ ਭਾਈ ਅਮਰੀਕ ਸਿੰਘ ਜੀ, ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ,
ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਤੇ ਬਾਕੀ ਜਥੇ ਨਾਲ।

ਭਾਈ ਅਮਰੀਕ ਸਿੰਘ ਜੀ ਦਸਵੀਂ ਜਮਾਤ ਸਮੇਂ ਸਾਥੀਆਂ ਨਾਲ।

ਜਥੇ ਦੇ ਸਿੰਘਾਂ ਨਾਲ ਭਾਈ ਅਮਰੀਕ ਸਿੰਘ ਜੀ

ਭੂਰਾ ਕੋਹਨਾ ਵਿਖੇ ਜਥੇ ਦੇ ਪ੍ਰੋਗਰਾਮ ਸਮੇਂ ਸਿੰਘਾਂ ਨਾਲ ਭਾਈ ਅਮਰੀਕ ਸਿੰਘ ਜੀ

ਖਾਲਸਾ ਕਾਲਜ ਵਿਚ ਗੁਰਪੁਰਬ ਸਮੇਂ ਸੰਤ ਕਰਤਾਰ ਸਿੰਘ ਜੀ ਖਾਲਸਾ, ਭਾਈ ਅਮਰੀਕ ਸਿੰਘ ਜੀ, ਪ੍ਰਿੰਸੀਪਲ ਤੇ ਹੋਰ ਪ੍ਰੋਫੈਸਰ ਸਾਹਿਬਾਨ

ਖਾਲਸਾ ਕਾਲਜ ਅੰਮ੍ਰਿਤਸਰ ਆਏ ਜਲੰਧਰ ਦੇ ਵਿਦਿਆਰਥੀਆਂ ਨਾਲ ਭਾਈ ਅਮਰੀਕ ਸਿੰਘ ਜੀ

ਅੰਮ੍ਰਿਤਸਰ ਫੈਡਰੇਸ਼ਨ ਦੇ ਕੈਂਪ ਸਮੇਂ ਭਾਈ ਅਮਰੀਕ ਸਿੰਘ ਜੀ ਸਾਥੀਆਂ ਨਾਲ

ਪਰ ਲਿਖਦੇ ਨਹੀਂ। ਭਾਈ ਅਮਰੀਕ ਸਿੰਘ ਨੇ ਇਹ ਕਮੀ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੀ। ਬਾਅਦ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਦੇ ਪ੍ਰਧਾਨ ਦਾ ਅਹੁਦਾ ਸੰਭਾਲਣ ਤੋਂ ਬਾਅਦ ਉਹਨਾ ਨੇ ਜੰਥੇਬੰਦੀ ਦੇ ਇਤਿਹਾਸ ਨੂੰ ਇਕੱਤਰ ਕਰਕੇ ਛਾਪਣ ਦਾ ਉਪਰਾਲਾ ਕੀਤਾ। ਇਸ ਸਬੰਧੀ ਉਹਨਾ ਨੇ ਡਾ:ਜਸਬੀਰ ਸਿੰਘ ਸਰਨਾ ਰਾਹੀਂ ਜਿਹੜੇ ਕਿ ਉਸ ਵਕਤ ਫੈਡਰੇਸ਼ਨ ਦੇ ਆਪਣੇ ਮੈਗਜ਼ੀਨ ਸ਼ਮਸ਼ੀਰ ਦਸਤ ਦੇ ਐਡੀਟਰ ਸਨ। ਫੈਡਰੇਸ਼ਨ ਦੀ ਤਵਾਰੀਖ ਦਾ ਸਾਰਾ ਖਰੜਾ ਭਾਈ ਸਾਹਿਬ ਕੋਲ ਛਪਣ ਲਈ ਲਗਭਗ ਤਿਆਰ ਪਿਆ ਸੀ ਪਰ ਕੁਝ ਕਾਚਨਾ ਕਰਕੇ ਇਸ ਨੂੰ ਛਾਪਣ ਵਿੱਚ ਕੁਝ ਦੇਰੀ ਹੋ ਗਈ ਅਤੇ ਅਖੀਰ ਕਈ ਸਾਲਾਂ ਦੀ ਮਿਹਨਤ ਨਾਲ ਤਿਆਰ ਕੀਤਾ ਹੋਇਆ ਸਾਰੇ ਦਾ ਸਾਰਾ ਖਰੜਾ ਜੂਨ 1984 ਨੂੰ ਲੱਗੀ ਭਿਆਨਕ ਅੱਗ ਦੀਆਂ ਲਪਟਾਂ ਵਿੱਚ ਸੜ ਕੇ ਸੁਆਹ ਹੋ ਗਿਆ।

ਬਾਅਦ ਡਾ: ਸਰਨਾ ਨੇ ਇੱਕ ਹੋਰ ਕੌਸ਼ਿਸ਼ ਕਰਦਿਆਂ ਫੈਡਰੇਸ਼ਨ ਦੀ ਤਵਾਰੀਖ ਨੂੰ ਸੰਖੇਪ ਵਿੱਚ ਲਿਖ ਕੇ ਬਾਜਨਾਮਾ ਨਾਮਕ ਪੁਸਤਕ ਰਾਹੀਂ ਛਾਪ ਕੇ ਸਾਡੇ ਰੂ-ਬ-ਰੂ ਕੀਤਾ ਜਿਹੜਾ ਕਿ ਅਤਿ ਸ਼ਲਾਘਾਯੋਗ ਕਦਮ ਸੀ। ਡਾ: ਸਰਨਾ ਤੋਂ ਬਾਅਦ ਕਿਸੇ ਫੈਡਰੇਸ਼ਨ ਆਗੂ ਨੇ ਹੋਰ ਕਿਸੇ ਨੂੰ ਇਹ ਦੁਰਲੱਭ ਇਤਿਹਾਸ ਇਕੱਤਰ ਕਰਨ ਲਈ ਪ੍ਰੇਰਿਤ ਨਹੀਂ ਕੀਤਾ। ਸ਼ਾਇਦ ਹੁਣ ਬਹੁਤ ਸਾਰੇ ਫੈਡਰੇਸ਼ਨ ਨੇਤਾਵਾਂ ਨੂੰ ਆਪਸੀ ਬਿਆਨਬਾਜੀ ਤੇ ਮੁਕਾਬਲੇਬਾਜੀ ਤੋਂ ਹੀ ਵਿਹਲ ਨਹੀਂ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਇਤਿਹਾਸ ਘੋਖਣ ਤੋਂ ਮਗਰੋਂ ਭਾਈ ਅਮਰੀਕ ਸਿੰਘ ਨੇ ਖ਼ਾਲਸਾ ਕਾਲਜ ਵਿੱਚ ਬਣੀ ਫੈਡਰੇਸ਼ਨ ਦੀ ਦੂਜੀ ਯੂਨਿਟ ਬਾਰੇ ਪਤਾ ਲਗਾਇਆ ਜਿਹੜੀ ਕਿ ਉਸ ਵਕਤ ਕੇਵਲ ਕਾਗਜਾਂ ਵਿੱਚ ਹੀ ਮਹਿਦੂਜ਼ ਹੋ ਕੇ ਰਹਿ ਗਈ ਸੀ। ਚੇਤੇ ਰਹੇ ਕਿ ਸਿੱਖ ਫੈਡਰੇਸ਼ਨ ਦਾ ਜਨਮ ਲਾਹੌਰ ਦੇ ਲਾਅ ਕਾਲਜ ਵਿੱਚ ਹੋਇਆ ਸੀ ਜਿੱਥੇ ਇਸਦੀ ਪਹਿਲੀ ਯੂਨਿਟ ਕਾਇਮ ਕੀਤੀ ਗਈ ਸੀ ਤੇ ਦੂਸਰੀ ਯੂਨਿਟ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਬਣਾਈ ਗਈ ਸੀ ਜਿਹੜੀ ਕਿ 1961 ਤੋਂ ਲੈ ਕੇ ਤਕਰੀਬਨ 1976 ਤੱਕ ਖ਼ਾਮੋਸ਼ ਹੀ ਰਹੀ। ਕਾਲਜ ਰਹਿੰਦਿਆਂ ਭਾਈ ਸਾਹਿਬ ਵੱਧ ਤੋਂ ਵੱਧ ਸਾਥੀ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਕੇ ਫੈਡਰੇਸ਼ਨ ਵਿੱਚ ਭਰਤੀ ਹੋਣ ਲਈ ਉਤਸ਼ਾਹਿਤ ਕਰਨ ਲੱਗੇ ਕਿਉਂਕਿ ਸੰਤ ਕਰਤਾਰ ਸਿਘ ਜੀ ਖ਼ਾਲਸਾ ਭਿੰਡਰਾਂਵਾਲੇ ਜਦ ਵੀ ਭਾਈ ਸਾਹਿਬ ਨੂੰ ਮਿਲਦੇ ਤਾਂ ਇਹ ਜਰੂਰ ਹੀ ਕਹਿੰਦੇ ਕਿ ਆਪਣੇ ਮਨ ਵਿੱਚ ਹਮੇਸ਼ਾ ਸਿੱਖੀ ਨਾਲ ਜੁੜੇ ਰਹਿਣ ਦੀ ਤਾਂਘ ਤੇ ਨਾਲ ਦੇ ਹੋਰਨਾਂ ਸਾਥੀਆਂ ਨੂੰ ਲਾਗ ਲਗਾਈ ਰੱਖਣਾ ਅਤੇ ਭਾਈ ਸਾਹਿਬ ਕਦੇ ਵੀ ਮਹਾਂਪੁਰਖਾਂ ਦੇ ਬਚਨਾਂ ਨੂੰ ਟਾਲਣ ਦੀ ਕੋਸ਼ਿਸ਼ ਨਹੀਂ ਸਨ ਕਰਦੇ।

ਏਧਰ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਾਈ ਸਾਹਿਬ ਨੂੰ ਤਨ-

ਮਨ-ਧਨ ਸਹਿਤ ਸਿੱਖੀ ਦੇ ਲੇਖੇ ਲਾਉਣ ਲਈ ਉਤਾਵਲੇ ਹੋ ਰਹੇ ਸਨ ਤੇ ਦੂਜੇ ਪਾਸੇ ਭਾਈ ਅਮਰੀਕ ਸਿੰਘ ਜੱਥੇਬੰਦੀ ਵਿੱਚ ਰਹਿ ਕੇ ਸਿੱਖ ਕੌਮ ਦੀ ਸੇਵਾ ਕਰਨ ਦੀਆਂ ਵਿਉਂਤਾ ਬਣਾ ਰਹੇ ਸਨ ਤੇ ਇੱਕ ਤਰਾਂ ਨਾਲ ਕਹਿ ਰਹੇ ਸਨ -

"ਤੇਰੇ ਦੇਖੇ ਹੂਏ ਉਸ ਖ੍ਵਾਬ ਕੀ ਤਸਵੀਰ ਬਦਲ ਦੇਂਗੇ ਹਮ,
ਉਠੇਗੀ ਮਸ਼ਾਲ-ਏ-ਤੂਫਾਨ ਬਨ ਕਰ, ਤਕਦੀਰ ਬਦਲ ਦੇਂਗੇ ਹਮ।।"

ਭਾਗ ਪੰਜਵਾਂ

ਇਹਨੀਂ ਦਿਨੀਂ ਸੰਤ ਕਰਤਾਰ ਸਿਘ ਜੀ ਖ਼ਾਲਸਾ ਭਿੰਡਰਾਂਵਾਲੇ ਹਰੇਕ ਚਿੱਠੀ ਵਿੱਚ ਜਾਂ ਸੁਨੇਹੇ ਰਾਹੀਂ ਭਾਈ ਅਮਰੀਕ ਸਿੰਘ ਨੂੰ ਵੱਧ ਤੋਂ ਵੱਧ ਨਿੱਤਨੇਮ ਲਈ ਪ੍ਰੇਰਦੇ ਰਹਿੰਦੇ ਸਨ। ਪੜ੍ਹਾਈ ਦੇ ਕੰਮਾਂ ਤੋ ਵਿਹਲ ਮਿਲਦਿਆਂ ਹੀ ਭਾਈ ਸਾਹਿਬ ਗੁਰਬਾਣੀ ਪੜ੍ਹਨੀ ਸ਼ੁਰੂ ਕਰ ਦਿੰਦੇ। ਰੋਜਾਨਾਂ ਪੜ੍ਹਨ ਵਾਲੀਆਂ ਬਾਣੀਆਂ ਵਧਾ ਦਿੱਤੀਆਂ ਜਿਸਦਾ ਨਤੀਜਾ ਇਹ ਹੋਇਆ ਕਿ ਆਰਾਮ ਕਰਨ ਦਾ ਸਮਾਂ ਬਹੁਤ ਘੱਟ ਗਿਆ। ਇਸ ਦੌਰਾਨ ਹੀ ਮਹਾਂਪੁਰਖਾਂ ਪਾਸ ਕਿਸੇ ਸਿੰਘ ਨੇ ਭਾਈ ਅਮਰੀਕ ਸਿੰਘ ਦੀ ਕਾਲਜ ਦੀ ਮੌਸ ਵਿੱਚੋਂ ਪ੍ਰਸ਼ਾਦਾ ਛਕਣ ਕਰਕੇ ਸ਼ਿਕਾਇਤ ਕਰ ਦਿੱਤੀ। ਸੰਤ ਉਸ ਸਮੇਂ ਜਥੇ ਸਮੇਤ ਕਲਕੱਤੇ ਪ੍ਰੋਗਰਾਮ ਕਰ ਰਹੇ ਸਨ। ਸੰਤਾਂ ਨੇ ਤੁਰੰਤ ਚਿੱਠੀ ਵਿੱਚ ਭਾਈ ਸਾਹਿਬ ਨੂੰ ਲਿਖਿਆ ਕਿ 'ਬਾਕੀ ਸਭ ਤਾਂ ਠੀਕ ਹੈ ਬਸ ਤੇਰੀ ਇਹ ਸ਼ਿਕਾਇਤ ਆਈ ਕਿ ਤੂੰ ਕੋਈ ਖੁੱਲ੍ਹ ਖਾਣ-ਪੀਣ ਲੱਗ ਪਿਆ ਹੈਂ। ਰਹਿਤ-ਮਰਿਆਦਾ ਅਨੁਸਾਰ ਇਹ ਠੀਕ ਨਹੀਂ ਹੈ। ਬਾਕੀ ਲੋਕਾਂ ਨੇ ਤੇਰੇ ਵੱਲ ਵੇਖਣਾ ਹੈ। ਤੇਰੀ ਇਸ ਆਦਤ ਦਾ ਉਹਨਾਂ ਉੱਪਰ ਬੁਰਾ ਪ੍ਰਭਾਵ ਪੈ ਸਕਦਾ ਹੈ ਸੋ ਅੱਗੇ ਵਾਸਤੇ ਇਸ ਨੂੰ ਧਿਆਨ ਵਿੱਚ ਰੱਖਣਾ। ਸੰਤਾਂ ਨੇ ਖ਼ਾਲਸਾ ਕਾਲਜ ਇਹ ਚਿੱਠੀ ਬਾਬਾ ਥਾਹਰਾ ਸਿੰਘ ਜੀ ਦੇ ਹੱਥ ਭੇਜੀ ਤੇ ਨਾਲ ਹੀ ਉਹਨਾਂ ਨੂੰ ਭਾਈ ਸਾਹਿਬ ਨੂੰ ਚੈੱਕ ਕਰਕੇ ਸਾਰੀ ਜਾਣਕਾਰੀ ਲਿਆਉਣ ਲਈ ਕਿਹਾ।

ਜੋ ਚਿੱਠੀ ਉਸ ਸਮੇਂ ਸੰਤ ਕਰਤਾਰ ਸਿਘ ਜੀ ਖ਼ਾਲਸਾ ਨੇ ਕਲਕੱਤੇ ਤੋਂ ਬਾਬਾ ਥਾਹਰਾ ਸਿੰਘ ਜੀ ਦੇ ਹੱਥ ਭਾਈ ਅਮਰੀਕ ਸਿੰਘ ਜੀ ਨੂੰ ਭੇਜੀ ਉਸਦੀ ਸ਼ਬਦਾਵਲੀ ਇਸ ਤਰਾਂ ਹੈ :-

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

ਭੁਜੰਗੀ ਹਰਭਜਨ ਸਿੰਘ ਜੀ ਗੁਰ ਫਤਹ ਪ੍ਰਵਾਨ ਹੋਵੇ ਸਰਬਤ ਜਥਾ ਸੰਗਤ ਰਾਜੀ ਖੁਸੀ ਹੈ ਤੁਸੀ ਵੀ ਤੇ ਭੂਰੀਂ ਵੀ ਅਨੰਦ ਪ੍ਰਸੰਨ ਹੋਵੋਗੇ ਭੂਰੀਂ ਚਿੱਠੀ ਪਾਈ ਸੀ ਪਰ ਉਤਰ ਨਹੀ ਆਇਆ ਜਥਾ 27 ਫੱਗਣ ਨੂੰ ਕਲਕਤੇ ਤੋਂ ਸ੍ਰੀ ਹਜੂਰ ਸਾਹਿਬ ਨੂੰ ਜਾਵੇਗਾ ਓਥੇ ਹੋਲਾ ਮਹਲਾ ਕਰਕੇ ਫਿਰ ਬੰਬਈ ਦਾ ਪ੍ਰੋਗਰਾਮ ਹੈ ਤੇਰੇ ਬਾਰੇ ਕੁਛ ਕੁ ਪਤਾ ਲਗਾ ਹੈ ਕਿ ਹਰੇਕ ਦੁਕਾਨ ਤੋ ਸਭ ਕੁਝ ਖਾਈ ਪੀ ਜਾਂਦਾ ਹੈ। ਇਹ ਚੰਗਾ ਨਹੀਂ ਕਰਦਾ, ਜਥੇ ਦੀ ਇਜਤ ਵਲ ਵੇਖ, ਅਪਣੇ ਜੀਵਨ ਵਲ ਵੇਖ। ਮੇਰਾ ਖਿਆਲ ਤਾ ਤੈਨੂੰ ਸੋਹਣਾ ਗੁਰਮਤ ਦਾ ਨਿਗਰ ਠੋਸ ਪ੍ਰਚਾਰਕ ਬਣਾਉਣ ਦਾ ਹੈ ਪਰ ਤੂੰ ਵੀ ਜੀਵਨ ਉਚਾ ਬਣਾ। ਮੈਨੂੰ ਬਹੁਤ ਸ਼ਰਮ ਆਵੇਗੀ ਜੇ ਕਿਸੇ ਨੇ ਕਿਹਾ ਕਿ ਹਰਭਜਨ ਸਿੰਘ ਰਹਿਤ ਨਹੀ ਰਖਦਾ ਬਾਣੀ ਨਹੀ ਪੜਦਾ ਹਰੇਕ ਥਾਂਓ ਖਾਂਦਾ ਪੀਂਦਾ ਹੈ। ਕੋਈ ਗਲਤੀ ਨਹੀ ਕਰਨੀ, ਧਿਆਨ ਨਾਲ ਅਪਣੀ ਪੜਾਈ ਕਰ ਬਹੁਤੇ ਨੰਬਰ ਲੈ, ਬਾਣੀ ਜਰੂਰ ਪੜ੍ਹ ਰਹਿਤ ਰਖ ਫੇਰ ਤੇਰਾ ਪੜਨਾ ਸਫਲਾ ਹੈ ਨਹੀ ਤਾ ਨਹੀ ਬਹੁਤਾ ਹੋਰ ਕੀ ਲਿਖਾਂ ਤੂੰ ਸਿਆਣਾ ਹੈਂ ਇਸ ਨੂੰ ਹੀ ਬਹੁਤਾ ਸਮਝੇਗਾਂ ਮਹਾਰਾਜ ਕ੍ਰਿਪਾ ਕਰਨ ਤੇ ਤੂੰ ਚੜਦੀ ਕਲਾ ਵਿਚ ਰਹੋਂ। ਸਰਬਤ ਜਥੇ ਵਲੋਂ ਫਤਹ ਅਪਣੇ ਹਥੀਂ ਚਿਠੀ ਲਿਖ ਕੇ ਭੇਜ ਅਪਣੀ ਪਿੰਡ ਦੀ ਸਾਰੀ ਹਾਲਤ ਬਾਰੇ।

ਗੁਰੂ ਦਾ ਦਾਸ-ਕਰਤਾਰ ਸਿੰਘ 'ਖ਼ਾਲਸਾ'
ਹਾਲ ਕਲਕਤਾ

Address.
Name. Jatha Bhindaran
Gurdwara Jaggat Sudhar
31 Ras Bihari Avenue
Calcutta 26



ਬਾਬਾ ਜੀ ਨੇ ਭਾਈ ਸਾਹਿਬ ਨੂੰ ਸੰਤਾਂ ਦੀ ਹਦਾਇਤ ਅਨੁਸਾਰ ਬਾਹਰੋਂ ਕੁਝ ਵੀ ਖਾਣ-ਪੀਣ ਵਾਸਤੇ ਮਨ੍ਹਾ ਕੀਤਾ ਪਰ ਸਥਿਤੀ ਨੂੰ ਵੇਖਦਿਆਂ ਮੈੱਸ ਵਿੱਚੋਂ ਪ੍ਰਸ਼ਾਦਾ ਛਕਣ ਲਈ ਮਹਾਂਪੁਰਖਾਂ ਨੂੰ ਬੇਨਤੀ ਕਰਨ ਲਈ ਭਾਈ ਸਾਹਿਬ ਨੂੰ ਵਿਸ਼ਵਾਸ਼ ਦਿਵਾਇਆ।'

ਭਾਈ ਸਾਹਿਬ ਉੱਪਰ ਹੁਣ ਦਿਮਾਗੀ ਬੋਝ ਕੁਝ ਹੋਰ ਵਧੀਕ ਹੋ ਗਿਆ ਸੀ। ਇਮਤਿਹਾਨ ਵੀ ਨਜਦੀਕ ਆ ਰਹੇ ਸਨ ਤੇ ਪੜ੍ਹਾਈ ਦੇ ਨਾਲ-ਨਾਲ ਗੁਰਬਾਣੀ ਅਧਿਐਨ ਵੀ ਨਿਰੰਤਰ ਚੱਲ ਰਿਹਾ ਸੀ। ਇਸ ਕਰਕੇ ਭਾਈ ਸਾਹਿਬ ਦੇ ਕੰਨਾਂ ਵਿੱਚ ਕੋਈ ਨੁਕਸ ਪੈ ਗਿਆ ਤੇ ਉਹਨਾ ਵਿੱਚੋ ਰੇਸ਼ਾ ਵਗਣਾ ਸ਼ੁਰੂ ਹੋ ਗਿਆ। ਦੋ-ਤਿੰਨ ਡਾਕਟਰਾਂ ਪਾਸੋਂ ਇਲਾਜ ਕਰਵਾਉਣ ਉਪਰੰਤ ਵੀ ਜਦ ਕੰਨ ਵਗਣੇ ਬੰਦ ਨਾ ਹੋਏ ਤਾਂ ਮਹਾਂਪੁਰਖਾਂ ਨੂੰ ਇਸ ਬਾਰੇ ਦੱਸਿਆ ਗਿਆ। ਮਹਾਂਪੁਰਖਾਂ ਨੇ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਜਾ ਕੇ ਇਸ਼ਨਾਨ ਕਰਨ ਤੇ ਅਰਦਾਸ ਕਰਨ ਤੇ ਫਿਰ ਕਿਸੇ ਚੰਗੇ ਡਾਕਟਰ ਨੂੰ ਵਿਖਾਉਣ ਲਈ ਸੁਨੇਹਾ ਭੇਜਿਆ। ਭਾਈ ਸਾਹਿਬ ਨੇ ਈ·ਐੱਨ·ਟੀ· ਸਪੈਸ਼ਲਿਸਟ ਪਾਸ ਜਾ ਕੇ ਚੈੱਕਅਪ ਕਰਵਾਇਆ ਤਾਂ ਡਾਕਟਰ ਨੇ ਇਸਦਾ ਕਾਰਨ ਦਿਮਾਗੀ ਬੋਝ ਦੱਸਿਆ। ਉਹਨਾਂ ਭਾਈ ਸਾਹਿਬ ਨੂੰ ਵੱਧ ਤੋਂ ਵੱਧ ਮਾਨਸਿਕ ਆਰਾਮ ਕਰਨ ਅਤੇ ਡਿਪਰੈਸ਼ਨ ਘੱਟ ਕਰਨ ਦੀ ਹਦਾਇਤ ਵੀ ਕੀਤੀ ਅਤੇ ਤੁਰੰਤ ਹੀ ਕੰਨਾਂ ਦਾ ਇੱਕ ਛੋਟਾ ਜਿਹਾ ਆਪਰੇਸ਼ਨ ਕਰਵਾਉਣ ਲਈ ਕਿਹਾ। ਡਾਕਟਰ ਦੇ ਮੁਤਾਬਿਕ ਜੇਕਰ ਭਾਈ ਸਾਹਿਬ ਨੇ ਵੱਧ ਰਹੇ ਦਿਮਾਗੀ ਬੋਝ ਨੂੰ ਘੱਟ ਨਾ ਕੀਤਾ ਤਾਂ ਉਹਨਾਂ ਦੀ ਦਿਮਾਗੀ ਹਾਲਤ ਦਾ ਸੰਤੁਲਨ ਵੀ ਕੁਝ ਵਿਗੜ ਸਕਦਾ ਸੀ ਜਿਸ ਕਰਕੇ ਡਾਕਟਰ ਨੇ ਭਾਈ ਸਾਹਿਬ ਨੂੰ ਬਿਜਲੀ ਦੇ ਕਰੰਟ ਰਾਹੀ ਇਲਾਜ ਕਰਨ ਬਾਰੇ ਵੀ ਜਾਣਕਾਰੀ ਦਿੱਤੀ।

ਮਹਾਂਪੁਰਖਾਂ ਪਾਸ ਜਦ ਇਹ ਖ਼ਬਰ ਪਹੁੰਚੀ ਤਾਂ ਉਸ ਵਕਤ ਜੱਥੇ ਦਾ ਪ੍ਰੋਗਰਾਮ ਕਲਕੱਤਾ ਵਿਖੇ ਚੱਲ ਰਿਹਾ ਸੀ। ਮਹਾਂਪੁਰਖਾਂ ਨੇ ਉੱਥੋਂ ਇੱਕ ਚਿੱਠੀ ਰਾਹੀਂ ਆਪਰੇਸ਼ਨ ਕਰਵਾਉਣ ਲਈ ਕਿਹਾ ਅਤੇ ਨਾਲੇ ਹੀ ਵਾਧੂ ਦੀ ਚਿੰਤਾ ਤੋਂ ਪਰਹੇਜ਼ ਕਰਨ ਲਈ ਆਖਿਆ। ਸਰੀਰ ਨੂੰ ਲੋੜ ਅਨੁਸਾਰ ਆਰਾਮ ਦੇਣ ਦੀ ਵੀ ਮਹਾਂਪੁਰਖਾਂ ਨੇ ਹਦਾਇਤ ਕੀਤੀ।

ਭਾਈ ਸਾਹਿਬ ਨੇ ਅੰਮ੍ਰਿਤਸਰ ਵਿਖੇ ਹੀ ਕੰਨਾਂ ਦਾ ਆਪਰੇਸ਼ਨ ਕਰਵਾ ਲਿਆ। ਆਪ੍ਰੇਸ਼ਨ ਦਾ ਪਤਾ ਜਦ ਅਵਤਾਰ ਸਿੰਘ ਅੰਮ੍ਰਿਤਸਰ ਨੂੰ ਲੱਗਾ ਤਾਂ ਉਹ ਭਾਈ ਸਾਹਿਬ ਨੂੰ ਆਪਣੇ ਘਰ ਲੈ ਆਏ ਅਤੇ ਉਹਨਾਂ ਨੇ ਭਾਈ ਸਾਹਿਬ ਨੂੰ ਹੋਸਟਲ ਵਿੱਚ ਨਾ ਜਾਣ ਦਿੱਤਾ ਜਦ ਤੱਕ ਉਹ ਪੂਰੀ ਤਰ੍ਹਾਂ ਤੰਦਰੁਸਤ ਨਾ ਹੋ ਗਏ। ਇਸ ਦੌਰਾਨ ਭੂਆ ਜੀਤੋ ਨੇ ਭਾਈ ਸਾਹਿਬ ਦੀ ਬਹੁਤ ਦੇਖਭਾਲ ਕੀਤੀ ਜਿਸਦੀ ਬਦੌਲਤ ਭਾਈ ਸਾਹਿਬ ਦਾ ਦਿਮਾਗੀ ਬੋਝ ਵੀ ਕੁਝ ਘੱਟ ਗਿਆ ਕਿਉਂਕਿ ਪਰਿਵਾਰ ਵਿੱਚ ਰਹਿਣ ਨਾਲ

ਗੱਲਾਂ ਬਾਤਾਂ ਤੇ ਵਿਚਾਰਾਂ ਆਦਿ ਚਲਦੀਆਂ ਹੀ ਰਹਿੰਦੀਆਂ ਸਨ। ਛੇਤੀ ਹੀ ਭਾਈ ਅਮਰੀਕ ਸਿੰਘ ਤੰਦਰੁਸਤ ਮਹਿਸੂਸ ਕਰਨ ਲੱਗੇ ਤੇ ਫਿਰ ਉਹਨਾ ਨੇ ਆਪਣੀ ਪੜ੍ਹਾਈ ਦੀ ਕਮੀ ਪੂਰੀ ਕਰਨ ਲਈ ਮਿਹਨਤ ਸ਼ੁਰੂ ਕਰ ਦਿੱਤੀ। ਹੁਣ ਉਹ ਪ੍ਰਸ਼ਾਦਾ ਵੀ ਹੋਸਟਲ ਦੀ ਮੈੱਸ ਦੀ ਬਜਾਇ ਭਾਈ ਅਵਤਾਰ ਸਿੰਘ ਦੇ ਘਰੋਂ ਹੀ ਛੱਕਦੇ। ਸਾਰੇ ਹੀ ਪਰਿਵਾਰ ਦਾ ਭਾਈ ਸਾਹਿਬ ਨਾਲ ਬੜਾ ਸਨੇਹ ਅਤੇ ਪਿਆਰ ਸੀ।

ਭਾਈ ਅਮਰੀਕ ਸਿੰਘ ਨੇ ਤੰਦਰੁਸਤ ਹੋਣ ਤੋਂ ਬਾਅਦ ਆਪਣੀ ਪੜ੍ਹਾਈ ਅਤੇ ਬਾਣੀ ਅਭਿਆਸ ਜਾਰੀ ਰੱਖਿਆ। ਬੀ·ਏ· ਫਾਈਨਲ ਦੇ ਇਮਤਿਹਾਨਾਂ ਉਪਰੰਤ ਕੁਝ ਵਿਹਲ ਮਿਲਦਿਆਂ ਹੀ ਭਾਈ ਸਾਹਿਬ ਨੇ ਫੈਡਰੇਸ਼ਨ ਦੀਆਂ ਗਤੀਵਿਧੀਆਂ ਵੱਲ ਧਿਆਨ ਵਧਾਇਆ। ਭਾਈ ਸਾਹਿਬ ਨੇ ਉਸ ਵਕਤ ਜੱਥੇਬੰਦੀ ਦੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਣ ਜਾ ਰਹੇ ਗੁਰਮਤਿ ਟਰੇਨਿੰਗ ਕੈਂਪ ਵਿੱਚ ਹਾਜਰੀ ਭਰਨ ਲਈ ਮਹਾਂਪੁਰਖਾਂ ਪਾਸੋਂ ਇਜਾਜ਼ਤ ਮੰਗੀ। ਇਸ ਤਰ੍ਹਾਂ ਉਹਨਾ ਨੇ ਆਪਣੇ ਜੀਵਨ ਦਾ ਪਹਿਲਾ ਕੈਂਪ 20 ਤੋਂ 27 ਜੂਨ 1976 ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਲਗਾਇਆ। ਇਸ ਦੌਰਾਨ ਭਾਈ ਸਾਹਿਬ ਦੀ ਕਾਰਜ ਸ਼ੈਲੀ ਅਤੇ ਗੁਰਮਤਿ ਪ੍ਰਤੀ ਚੇਤੰਨ ਬੁੱਧੀ ਨੂੰ ਮਹਿਸੂਸ ਕਰਦਿਆਂ ਜੱਥੇਬੰਦੀ ਦੇ ਮੁੱਖ ਅਹੁਦੇਦਾਰਾਂ ਨੇ ਸਰਬ-ਸੰਮਤੀ ਨਾਲ ਭਾਈ ਸਾਹਿਬ ਨੂੰ ਫੈਡਰੇਸ਼ਨ ਦਾ ਪ੍ਰਚਾਰਕ ਸਕੱਤਰ ਬਣਾ ਦਿੱਤਾ ਅਤੇ ਇਸ ਜਿੰਮੇਵਾਰੀ ਨੂੰ ਉਹਨਾਂ ਨੇ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਸਿਰ-ਤੋੜ ਯਤਨ ਕੀਤਾ। ਸਵੇਰੇ ਅੰਮ੍ਰਿਤ ਵੇਲੇ ਵਿਦਿਆਰਥੀਆਂ ਨੂੰ ਜਗਾ ਕੇ ਨਿੱਤਨੇਮ ਕਰਵਾਉਂਦੇ ਅਤੇ ਉਪਰੰਤ ਨਾਸ਼ਤਾ ਅਤੇ ਖ਼ਾਲਸਾਈ ਤਰਾਨਾ, ਨਿਸ਼ਾਨ ਸਾਹਿਬ ਨੂੰ ਸਲਾਮੀ ਅਤੇ ਪਰੇਡ ਆਦਿ ਤਰਤੀਬਵਾਰ ਕਰਵਾਇਆ ਜਾਂਦਾ। ਭਾਈ ਸਾਹਿਬ ਸਿਰ ਤੇ ਪੋਚਵੀਂ ਪੱਗ ਤੇ ਕਾਲਜੀ ਲਿਬਾਸ ਪੈਂਟ-ਕਮੀਜ ਪਾਈ ਵਿਦਿਆਰਥੀਆਂ ਦੇ ਗੁਰਮਤਿ ਬਾਰੇ ਪ੍ਰਸ਼ਨਾਂ ਦੇ ਉੱਤਰ ਦਿੰਦੇ ਰਹਿੰਦੇ। ਸਾਰਾ ਪ੍ਰੋਗਰਾਮ ਇੱਕ ਸਮਾਂ-ਸਾਰਨੀ (Time Table) ਦੇ ਅਧੀਨ ਚਲਦਾ ਸੀ ਤੇ ਕੈਂਪ ਦੌਰਾਨ ਅਨੁਸ਼ਾਸ਼ਨ ਵਿੱਚ ਰਹਿਣਾ ਅਤਿਅੰਤ ਜਰੂਰੀ ਹੁੰਦਾ ਸੀ।

ਰੋਜਾਨਾਂ ਕੈਂਪ ਪ੍ਰੋਗਰਾਮ ਵੇਰਵਾ ਇਸ ਪ੍ਰਕਾਰ ਹੁੰਦਾ

04:30 ਸਵੇਰੇ	ਅੰਮ੍ਰਿਤ ਵੇਲੇ ਜਾਗਣ, ਤਿਆਰ ਹੋਣ ਦੀ ਵਿਸਲ।
04:30 ਤੋਂ 05:25	ਤਿਆਰੀ ਲਈ ਸਮਾਂ।
05:25	ਸੁਚੇਤ ਹੋਣ ਦੀ ਵਿਸਲ।
05:30 ਤੋਂ 05:40	ਹਾਜਰੀ।
05:45 ਤੋਂ 06:30	ਗੁਰਦੁਆਰਾ ਸਾਹਿਬ ਵਿਖੇ ਨਿੱਤਨੇਮ ਦਾ ਪਾਠ।

06:30	ਤੋਂ 07:00	ਆਸਾ ਜੀ ਦੀ ਵਾਰ ਦਾ ਕੀਰਤਨ ਸਵਰਣ ਕਰਨਾ।
07:00	ਤੋਂ 07:30	ਕੀਰਤਨ (ਸਿੱਖਿਆਰਥੀਆਂ ਦੁਆਰਾ)।
07:30	ਤੋਂ 07:45	ਅਰਦਾਸ (ਸਮਾਪਤੀ)।
07:45	ਤੋਂ 08:30	ਨਾਸ਼ਤਾ।
08:30	ਤੋਂ 08:40	ਪਰੇਡ ਦੀ ਤਿਆਰੀ।
08:40		ਸੁਚੇਤ ਹੋਣ ਦੀ ਘੰਟੀ।
08:45	ਤੋਂ 09:20	ਖ਼ਾਲਸਾਈ ਝੰਡੇ ਤਰਾਨਾ,ਨਿਸ਼ਾਨ ਸਾਹਿਬ ਨੂੰ ਸਲਾਮੀ। ਅਤੇ ਪਰੇਡ ਦਾ ਜੱਜਾਂ ਦੁਆਰਾ ਮੁਆਇਨਾ।
09:20	ਤੋਂ 09:25	ਲੈਕਚਰ ਹਾਲ ਵਿੱਚ ਪਹੁੰਚਣ ਦਾ ਸਮਾਂ।
09:27		ਲੈਕਚਰ ਹਾਲ ਵਿੱਚ ਇਕੱਠੇ ਹੋਣ ਦੀ ਘੰਟੀ।
09:30	12:30 ਦੁਪਹਿਰ	ਲੈਕਚਰ (ਪਹਿਲਾ ਸ਼ੈਸ਼ਨ)
12:30	ਤੋਂ 01:15	ਗੁਰੂ ਕਾ ਲੰਗਰ।
01:15	ਤੋਂ 02:40	ਆਰਾਮ ਕਰਨ ਦਾ ਸਮਾਂ।
02:40		ਸੁਚੇਤ ਹੋਣ ਦੀ ਘੰਟੀ।
02:45	ਤੋਂ 02:55	ਹਾਜਰੀ।
03:00	ਤੋਂ 04:45 ਸ਼ਾਮ	ਲੈਕਚਰ (ਦੂਜਾ ਸ਼ੈਸ਼ਨ)।
04:45	ਤੋਂ 05:15	ਸ਼ਾਮ ਦੀ ਚਾਹ।
05:15	ਤੋਂ 06:10	ਆਰਾਮ ਕਰਨ ਦਾ ਸਮਾਂ।
06:10		ਸੁਚੇਤ ਹੋਣ ਦੀ ਘੰਟੀ।
06:15	ਤੋਂ 06:25	ਹਾਜਰੀ।
06:30	ਤੋਂ 07:00	ਰਹਿਰਾਸ ਸਾਹਿਬ ਦਾ ਪਾਠ।
07:00	ਤੋਂ 07:30	ਸਿੱਖਿਆਰਥੀਆਂ ਦੁਆਰਾ ਕੀਰਤਨ।
07:30	ਤੋਂ 07:45	ਅਰਦਾਸ ਅਤੇ ਸਮਾਪਤੀ।
07:45	ਤੋਂ 08:30 ਰਾਤ	ਗੁਰੂ ਕਾ ਲੰਗਰ।
08:40		ਘੰਟੀ ਕੈਂਪ ਫਾਇਰ ਲਈ।
08:45	ਤੋਂ 09:30	ਕੈਂਪ ਫਾਇਰ ਤੇ ਸੋਹਿਲਾ ਸਾਹਿਬ ਦਾ ਪਾਠ।
10:00		ਸੌਣ ਦਾ ਸਮਾਂ।

ਫੈਡਰੇਸ਼ਨਿਸਟ ਸਿਖਿਆਰਥੀਆਂ ਦਾ ਇਕ ਇੱਕ ਪਲ ਤਰਤੀਬ ਵਿੱਚ ਵੰਡਿਆ ਜਾਂਦਾ ਸੀ ਤਾਂ ਕਿ ਵਕਤ ਦੇ ਹਰ ਲਮਹੇਂ ਅਨੁਸਾਰ ਕੁਝ ਨਾ ਕੁਝ ਸਾਕਾਰਤਮਕ ਕਾਰਜ ਕਰਕੇ ਇਸਦਾ ਇਸਦਾ ਭਰਪੂਰ ਲਾਭ ਉਠਾਇਆ ਜਾ ਸਕੇ। ਇਹਨਾਂ ਗੁਰਮਤਿ

ਟ੍ਰੇਨਿੰਗ ਕੈਂਪਾਂ ਦੌਰਾਨ ਵਿਦਿਆਰਥੀਆਂ ਵਿੱਚ ਸਿੱਖੀ, ਅਨੁਸਾਰ ਗੁਰਮਤਿ ਦੇ ਅਸੂਲਾਂ ਅਨੁਸਾਰ ਆਪਣੇ ਰੋਜਾਨਾਂ ਦੇ ਜੀਵਨ ਦੀਆਂ ਗੀਵਿਧੀਆਂ ਨੂੰ ਢਾਲਣਾ ਤੇ ਗੁਰੂ ਸਾਹਿਬਾਨ ਵੱਲੋਂ ਦੱਸੇ ਗਏ ਸਿੱਧੇ ਤੇ ਸੱਚੇ-ਸੁੱਚੇ ਰਸਤੇ ਉੱਪਰ ਚੱਲਦਿਆਂ ਹੱਕ-ਸੱਚ ਦੀ ਲੜਾਈ ਲਈ ਤਿਆਰ-ਬਰ-ਤਿਆਰ ਖ਼ਾਲਸਈ ਨਿਸ਼ਾਨੇ ਨੂੰ ਪ੍ਰਾਪਤ ਕਰਨ ਉੱਪਰ ਜ਼ੋਰ ਦਿੱਤਾ ਜਾਂਦਾ। ਕੈਂਪ ਦੌਰਾਨ ਸਵੇਰੇ ਅਤੇ ਸ਼ਾਮ ਨੂੰ ਲਗਾਏ ਜਾਂਦੇ ਲੈਕਚਰ ਸ਼ੈਸ਼ਨਾਂ ਦੇ ਵਿੱਚ ਵਿਦਿਆਰਥੀਆਂ ਨੂੰ ਉਹਨਾਂ ਦੇ ਮੁੱਖ ਮੰਤਵ ਅਤੇ ਸਾਡੇ ਵਡਮੁੱਲੇ ਗੌਰਵ ਤੇ ਵਿਰਸੇ ਪ੍ਰਤੀ ਸੁਚੇਤ ਕੀਤਾ ਜਾਂਦਾ ਸੀ ਤਾਂ ਕਿ ਹਰੇਕ ਸਿਖਿਆਰਥੀ ਅੰਦਰ ਸਿੱਖੀ ਦਾ ਜਜ਼ਬਾ ਧੁਰ ਅੰਦਰ ਤੀਕ ਭਰਿਆ ਜਾ ਸਕੇ। ਸਿੱਖੀ ਰਹਿਤ ਮਰਿਆਦਾ ਅਤੇ ਪੰਜ ਕਕਾਰਾਂ ਦੀ ਸਾਂਭ-ਸੰਭਾਲ ਬਾਰੇ ਵਿਸਥਾਰ ਸਹਿਤ ਚਾਨਣਾ ਪਾਉਣ ਤੋਂ ਇਲਾਵਾ ਫੈਡਰੇਸ਼ਨ ਵਿਦਿਆਰਥੀਆਂ ਨੂੰ ਲੈਕਚਰ ਸ਼ੈਸ਼ਨ ਦੌਰਾਨ ਗੁਰਬਾਣੀ ਅਭਿਆਸ ਅਤੇ ਕੀਰਤਨ ਤੇ ਕਥਾ ਦੀ ਮਹੱਤਤਾ ਨੂੰ ਵੀ ਦੱਸਿਆ ਜਾਂਦਾ। ਲੈਕਚਰ ਸ਼ੈਸ਼ਨਾਂ ਦੌਰਾਨ ਭਾਈ ਸਾਹਿਬ ਵੀ ਲੈਕਚਰ ਦਿੰਦੇ ਜਿਸਨੂੰ ਉਹ ਦੁਪਿਹਰ ਦੇ ਆਰਾਮ ਸਮੇਂ ਵਿੱਚ ਤਿਆਰ ਕਰਦੇ ਸਨ।

ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹਿਲਾ ਕੈਂਪ ਲਗਾਉਣ ਉਪਰੰਤ ਭਾਈ ਅਮਰੀਕ ਸਿੰਘ ਪਿੰਡ ਭੂਰਾ ਕੋਹਨਾਂ ਵਿਖੇ ਪਹੁੰਚ ਗਏ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਘਰ ਵਿੱਚ ਸ੍ਰੀ ਸੰਪਟ ਸਾਹਿਬ ਦਾ ਅਖੰਡ ਪਾਠ ਕਰਵਾਉਣ ਵਾਸਤੇ ਪਹਿਲਾਂ ਹੀ ਸੁਨੇਹਾ ਭੇਜ ਦਿੱਤਾ ਸੀ। ਭਾਈ ਸਾਹਿਬ ਵੀ ਘਰ ਆ ਗਏ ਸਨ ਇਸ ਲਈ ਬਾਬਾ ਥਾਹਰਾ ਸਿੰਘ ਜੀ ਘਰ ਸ੍ਰੀ ਸੰਪਟ ਪਾਠ ਕਰਵਾਉਣ ਲਈ ਪਹੁੰਚ ਗਏ। ਉਹਨਾਂ ਦੇ ਨਾਲ ਬਾਬਾ ਜੋਗਿੰਦਰ ਸਿੰਘ ਜੀ (ਪਿਤਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ) ਵੀ ਪਿੰਡ ਆਏ। ਭੋਗ ਉਪਰੰਤ ਪਰਿਵਾਰ ਦੀ ਚੜ੍ਹਦੀ ਕਲਾ ਅਤੇ ਗੁਰਸਿੱਖੀ ਜੀਵਨ ਦੀ ਅਰਦਾਸ ਕੀਤੀ ਗਈ।

ਬੀ·ਏ· ਭਾਗ ਤੀਜਾ ਦਾ ਨਤੀਜਾ ਆ ਗਿਆ ਤੇ ਭਾਈ ਅਮਰੀਕ ਸਿੰਘ ਗਰੈਜੂਏਸ਼ਨ ਦੀ ਡਿਗਰੀ ਵੀ ਪ੍ਰਾਪਤ ਕਰ ਲਈ। ਬੀ·ਏ· ਉਪਰੰਤ ਭਾਈ ਅਮਰੀਕ ਸਿੰਘ ਨੇ ਐੱਮ·ਏ· ਪੰਜਾਬੀ ਭਾਗ ਪਹਿਲਾ ਵਿੱਚ ਦਾਖਲਾ ਲੈ ਲਿਆ ਪਰ ਇਸ ਵਾਰ ਭਾਈ ਸਾਹਿਬ ਗੁਰਦੁਆਰਾ ਸਾਹਿਬ ਦੇ ਕਮਰੇ ਵਿੱਚ ਰਹਿਣ ਦੀ ਬਜਾਇ ਪ੍ਰੋ: ਉਪਕਾਰ ਸਿੰਘ ਦੇ ਘਰ ਵਿੱਚ ਰਹੇ, ਜਿਹੜਾ ਕਿ ਖ਼ਾਲਸਾ ਕਾਲਜ ਦੇ ਪ੍ਰੋ: ਸਾਹਿਬਾਨ ਲਈ ਬਣਾਏ ਹੋਏ ਕੁਆਰਟਰ ਸਨ। ਭਾਈ ਸਾਹਿਬ, ਭਾਈ ਅਵਤਾਰ ਸਿੰਘ ਦੇ ਘਰ ਵੀ ਕਈ ਵਾਰ ਰਹਿ ਪੈਂਦੇ ਸਨ।

ਮਾਤਾ ਨਿਰੰਜਨ ਕੌਰ ਜੀ ਨੂੰ ਭਾਈ ਸਾਹਿਬ ਦੇ ਬੀ·ਏ· ਪਾਸ ਕਰਨ ਦੀ ਬੜੀ ਖੁਸ਼ੀ ਸੀ ਕਿਉਂਕਿ ਉਹਨਾਂ ਦਾ ਹੋਣਹਾਰ ਸਪੁੱਤਰ ਹੁਣ ਪੂਰੀਆਂ ਚੌਦਾਂ ਜਮਾਤਾਂ ਪਾਸ

ਕਰ ਚੁੱਕਾ ਸੀ ਤੇ ਮਾਤਾ ਜੀ ਨੂੰ ਇਹ ਪੂਰੀ ਆਸ ਸੀ ਕਿ ਹੁਣ ਛੇਤੀ ਹੀ ਭਾਈ ਸਾਹਿਬ ਇੱਕ ਵੱਡੇ ਅਫਸਰ ਬਣਨ ਵਾਲੇ ਹਨ। ਮਾਤਾ ਨੇ ਆਪਣੇ ਮਨ ਅੰਦਰ ਹੀ ਇਹ ਸਲਾਹ ਕਰ ਲਈ ਕਿ ਇਸ ਵਾਰ ਜਦੋਂ ਵੀ ਸੰਤਾਂ ਦਾ ਪ੍ਰੋਗਰਾਮ ਪਿੰਡ ਭੂਰਾ ਕੋਹਨਾਂ ਵਿਖੇ ਬਣਿਆ ਤਾਂ ''ਅਮਰੀਕ ਸਿੰਘ'' ਦੀ ਨੌਕਰੀ ਬਾਰੇ ਉਹ ਸੰਤਾਂ ਪਾਸ ਜਰੂਰ ਬੇਨਤੀ ਕਰਨਗੇ। ਇਸ ਵਕਤ ਭਾਈ ਅਮਰੀਕ ਸਿੰਘ ਦੇ ਮਨ ਅੰਦਰ ਇਹ ਤੀਬਰ ਇੱਛਾ ਪਨਪ ਰਹੀ ਸੀ ਕਿ ਉਹ ਪੰਜਾਬੀ ਐੱਮ·ਏ· ਕਰਨ ਉਪਰੰਤ ਪੰਜਾਬੀ ਵਿਸ਼ੇ ਵਿੱਚ ਹੋਰ ਅਧਿਐਨ ਕਰਕੇ ਏਥੇ ਹੀ ਖ਼ਾਲਸਾ ਕਾਲਜ ਵਿਖੇ ਹੀ ਪੰਜਾਬੀ ਵਿਭਾਗ ਦੇ ਪ੍ਰੋ: ਬਣਨ ਪਰ ਵਕਤ ਨੇ ਉਹਨਾਂ ਦੀ ਇਹ ਤਮੰਨਾ ਸਿੱਲ੍ਹੀ ਕਰ ਦਿੱਤੀ।

ਇਸ ਸਮੇਂ ਦੌਰਾਨ ਪੰਜਾਬ ਵਿੱਚ ਤੇ ਇਸ ਤੋਂ ਬਾਹਰ ਬੰਬਈ, ਕਲਕੱਤੇ ਵਿੱਚ ਵੀ ਦਮਦਮੀਂ ਟਕਸਾਲ 'ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ' ਦੀ ਅਗਵਾਈ ਵਿੱਚ ਪੂਰਨ ਚੜ੍ਹਦੀ ਕਲਾ ਨਾਲ ਵਿਚਰ ਰਹੀ ਸੀ। ਸੰਤਾਂ ਨੇ ਸਿੱਖੀ ਦੇ ਜੋਰਦਾਰ ਪ੍ਰਚਾਰ ਦੀ ਲਹਿਰ ਚਲਾ ਕੇ ਪਤਿਤਪੁਣੇ ਤੇ ਦੰਭੀ ਗੁਰੂਆਂ ਦੇ ਮਹਿਲਾਂ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ। ਗੁਰੂ ਦੇ ਓਟ ਆਸਰੇ ਅੰਮ੍ਰਿਤ ਦਾ ਸਦਕਾ ਦਮਦਮੀਂ ਟਕਸਾਲ ਹਰੇਕ ਦਿਵਸ ਹਜਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਕੇ ਜਹਾਜ ਦੀਆਂ ਟਿਕਟਾਂ ਮੁਫ਼ਤ ਵੰਡ ਰਹੀ ਸੀ। ਬਹੁਤ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਸੰਤ ਗਿਆਨੀ ਕਰਤਾਰ ਸਿੰਘ ਖ਼ਾਲਸਾ ਨੇ ਅਹਿਮ ਪ੍ਰਾਪਤੀਆਂ ਹਾਸਿਲ ਕੀਤੀਆਂ ਜਿਸ ਨਾਲ ਵਿਰੋਧੀ ਨਿਰਉੱਤਰ ਹੋ ਕੇ ਰਹਿ ਗਏ। ਦਮਦਮੀ ਟਕਸਾਲ ਦੇ ਹੈੱਡ-ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੀ ਤੱਤਕਾਲ ਉਸਾਰੀ ਸੰਤਾਂ ਦਾ ਇੱਕ ਇਤਿਹਾਸਿਕ ਅਤੇ ਅਹਿਮ ਫੈਸਲਾ ਸੀ। ਪੰਜਾਬ ਵਿੱਚ ਥਾਈਂ-ਥਾਈਂ ਕੱਢੇ ਗਏ 37 ਮਹਾਨ ਨਗਰ-ਕੀਰਤਨਾਂ ਤਹਿਤ ਕੀਤੇ ਗਏ ਸਿੱਖੀ ਦੇ ਪ੍ਰਚੰਡ ਪ੍ਰਚਾਰ ਦਾ ਸਦਕਾ ਮਾਝੇ ਦੇ ਇਲਾਕੇ ਵਿਚ ਤਬਦੀਲੀ ਆਈ। ਸਿੱਖ ਕਹਾਉਣ ਵਾਲਿਆਂ ਨੂੰ ਗੁਰਸਿੱਖ ਬਣਦੇ ਵੇਖਿਆ ਗਿਆ ਤੇ ਅਨੇਕਾਂ ਨੇ ਨਸ਼ਿਆਂ ਤੇ ਬੱਜਰ ਕੁਰਿਹਤਾਂ ਤੋਂ ਬਚਣ ਦਾ ਪ੍ਰਣ ਕੀਤਾ। ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੇ ਕਿਸੇ ਵੀ ਮਨਮੁੱਖ ਦੇ ਘਰੋਂ ਪ੍ਰਸ਼ਾਦਾ ਨਹੀਂ ਛੱਕਦੇ ਸਨ। ਕੇਵਲ ਅੰਮ੍ਰਿਤਧਾਰੀ ਪਰਿਵਾਰ ਹੀ ਆਪਣੇ ਹੱਥੀਂ ਉਹਨਾ ਦਾ ਪ੍ਰਸ਼ਾਦਾ ਤਿਆਰ ਕਰ ਸਕਦਾ ਸੀ ਪਰ ਇੱਥੇ ਇਹ ਵੀ ਵਰਣਨਯੋਗ ਹੈ ਕਿ ਕਿਸੇ ਸਿੱਖ ਜਾਂ ਪੰਜਾਬੀ ਜਿਹੜਾ ਕਿ ਬੇ-ਅੰਮ੍ਰਿਤੀ ਹੋਵੇ ਪਰ ਸੰਤਾਂ ਨੂੰ ਮਿਲਣ ਦੀ ਤਾਂਘ ਰੱਖਦਾ ਹੋਵੇ ਉਸਦੇ ਘਰ ਸੰਤ ਜਰੂਰ ਜਾਂਦੇ ਤੇ ਉਸਨੂੰ ਪਰਿਵਾਰ ਸਮੇਤ ਅੰਮ੍ਰਿਤ ਛਕਾ ਕੇ ਗੁਰੂ ਕੇ ਜਹਾਜ ਤੇ ਚੜ੍ਹਾਉਂਦੇ ਸਨ। ਇੱਥੇ ਇੱਕ ਘਟਨਾਂ ਦਾ ਜਿਕਰ ਕਰਨਾ ਜਰੂਰੀ ਹੋਵੇਗਾ ਕਿ ਬੰਬਈ ਵਿੱਚ ਜਦ ਜਥੇ ਦਾ ਪ੍ਰੋਗਰਾਮ ਬਣਿਆ ਤਾਂ ਇੱਕ ਪੰਜਾਬੀ ਸਿੱਖ (ਜਿਹੜਾ ਕਿ ਟਰੱਕ ਡਰਾਇਵਰ ਸੀ) ਨੇ ਸੰਤਾਂ ਨੂੰ ਆਪਣੇ ਘਰ ਚਰਨ ਪਾਉਣ

ਵਾਸਤੇ ਬੇਨਤੀ ਕੀਤੀ। ਸੰਤਾਂ ਨੇ ਉਸਨੂੰ ਘਰ ਆਉਣ ਦਾ ਟਾਇਮ ਦੇ ਦਿੱਤਾ ਉਸ ਸਿੱਖ ਦੇ ਚਲੇ ਜਾਣ ਤੋਂ ਬਾਅਦ ਸਿੰਘਾਂ ਨੇ ਲਾਗੋ ਹੀ ਸੰਤਾਂ ਨੂੰ ਦੱਸਿਆ ਕਿ ਉਹ ਤਾਂ ਬਹੁਤ ਸ਼ਰਾਬ ਪੀਂਦਾ ਹੈ ਤੇ ਕੇਸ ਵੀ ਕਤਲ ਕਰਦਾ ਹੈ। ਸੋ ਅਜਿਹੇ ਬੱਜਰ ਕੁਰਿਹਤ ਕਰਨ ਵਾਲੇ ਦੇ ਘਰ ਸੰਤਾਂ ਨੂੰ ਨਹੀਂ ਜਾਣਾ ਚਾਹੀਦਾ। ਸਿੰਘਾਂ ਦੀ ਗੱਲ ਸੁਣ ਕੇ ਸੰਤ ਜੀ ਕਹਿਣ ਲੱਗੇ ਕਿ ਜੇਕਰ ਉਹ ਸਿੱਖ ਦੇ ਜੀਵਨ ਵਿੱਚ ਏਨੀ ਗਿਰਾਵਟ ਆ ਚੁੱਕੀ ਹੈ ਤਾਂ ਭਾਈ ਫਿਰ ਅਸੀਂ ਉੱਥੇ ਜਰੂਰ ਜਾਵਾਂਗੇ।

ਅਗਲੇ ਦਿਨ ਨਿਸ਼ਚਿਤ ਵਕਤ ਉੱਪਰ ਸੰਤ ਜੀ ਸਿੰਘਾਂ ਸਮੇਤ ਉਸ ਸਿੱਖ ਡਰਾਇਵਰ ਦੇ ਘਰ ਪਹੁੰਚ ਗਏ। ਇੱਥੇ ਇਹ ਦੱਸਣਾ ਮੁਨਾਸਿਬ ਹੋਵੇਗਾ ਕਿ ਉਸ ਡਰਾਇਵਰ ਦੇ ਘਰ ਅਤਿ ਗਰੀਬੀ ਸੀ ਮਸਾਂ ਦੋ ਵੇਲੇ ਦੀ ਰੋਟੀ ਹੀ ਮਿਲ ਸਕਦੀ ਸੀ ਪਰੰਤੂ ਉਸ ਗਰੀਬ ਤੇ ਸ਼ਰਾਬੀ ਡਰਾਇਵਰ ਦੀ ਘਰ ਵਾਲੀ ਨੂੰ ਗੁਰੂ ਮਹਾਰਾਜ ਤੇ ਬੜਾ ਭਰੋਸਾ ਸੀ। ਉਸਨੇ ਜਦ ਹੋਰਨਾਂ ਸਿੱਖ ਬੀਬੀਆਂ ਪਾਸੋਂ ਸੰਤਾਂ ਦੇ ਬੰਬਈ ਵਿੱਚ ਆਉਣ ਬਾਰੇ ਸੁਣਿਆਂ ਤਾਂ ਉਸ ਬੀਬੀ ਨੇ ਆਪਣੇ ਪਤੀ ਨੂੰ ਪ੍ਰੇਰਿਤ ਕਰਕੇ ਸੰਤਾਂ ਨੂੰ ਘਰ ਲਿਆ ਕੇ ਚਰਨ ਪਵਾਉਣ ਬਾਰੇ ਜ਼ੋਰ ਦਿੱਤਾ। ਉਸ ਬੀਬੀ ਦੇ ਮਨ ਵਿੱਚ ਖਿਆਲ ਸੀ ਕਿ ਬਾਣੀ ਪੜ੍ਹਨ ਵਾਲੇ ਕਿਸੇ ਚੜ੍ਹਦੀ ਕਲਾ ਵਾਲੇ ਸਿੰਘ ਦੇ ਘਰ ਚਰਨ ਪੈਣਗੇ ਤਾਂ ਹੋ ਸਕਦਾ ਹੈ ਕਿ ਉਹਨਾ ਦੇ ਘਰ ਦੀ ਕਾਇਆ ਪਲਟ ਜਾਵੇ। ਉਹ ਟਰੱਕ ਡਰਾਇਵਰ ਭਾਵੇਂ ਸੰਤਾਂ ਵਿੱਚ ਕੋਈ ਰੁਚੀ ਨਹੀਂ ਸੀ ਪਰ ਉਹ ਆਪਣੀ ਧਰਮ ਪਤਨੀ ਦੇ ਜ਼ੋਰ ਦੇਣ ਤੇ ਸੰਤਾਂ ਪਾਸ ਬੇਨਤੀ ਕਰ ਆਇਆ ਤੇ ਆ ਕੇ ਘਰ ਆਪਣੀ ਪਤਨੀ ਨੂੰ ਕਹਿਣ ਲੱਗਾ ਕਿ ''ਉਹ ਸੰਤ ਤਾਂ ਵੱਡੇ-ਵੱਡੇ ਪ੍ਰੋਗਰਾਮਾਂ ਤੇ ਜਾਂਦਾ ਹੈ ਲੋਕੀਂ ਘਰਾਂ ਵਿੱਚ ਉਹਦੇ ਚਰਨ ਪਵਾਉਣ ਲਈ ਤਰਲੇ ਕੱਢਦੇ ਫਿਰਦੇ ਹਨ ਤੇ ਆਪਣੇ ਗਰੀਬਾਂ ਦੇ ਘਰ ਆ ਕੇ ਉਸਨੂੰ ਕੀ ਮਿਲਣਾ ਹੈ।'' ਅਗਲੇ ਦਿਨ ਸੰਤ ਜਦ ਨਿਸ਼ਚਿਤ ਸਮੇਂ ਤੇ ਸਿੰਘਾਂ ਸਮੇਤ ਸਿੱਖ ਡਰਾਇਵਰ ਦੇ ਘਰ ਪਹੁੰਚ ਗਏ ਤਾਂ ਉਹ ਸੰਤਾਂ ਨੂੰ ਵੇਖਦਿਆਂ ਸਾਰ ਹੀ ਗਵਾਂਢੀਆਂ ਦੇ ਘਰ ਓਹਲੇ ਹੋ ਗਿਆ ਕਿ ਕਿਤੇ ਨੂੰ ਸ਼ਰਾਬੀ ਨੂੰ ਵੇਖ ਕੇ ਸੰਤ ਕੋਈ ਸਰਾਪ ਹੀ ਨਾ ਦੇ ਦੇਣ ਪਰੰਤੂ ਉਸਦੀ ਘਰਵਾਲੀ ਨੇ ਫਟਾਫਟ ਧੋਤੀ ਚਾਦਰ ਮੰਜੇ ਉੱਪਰ ਵਿਛਾਈ ਤੇ ਸੰਤਾਂ ਨੂੰ ਸਤਿਕਾਰ ਸਹਿਤ ਬਿਠਾਇਆ। ਸੰਤਾਂ ਨੇ ਮੰਜੇ ਉੱਪਰ ਬੈਠਦਿਆਂ ਹੀ ਬੀਬੀ ਨੂੰ ਕਾਹਲੀ-ਕਾਹਲੀ ਦੁੱਧ ਗਰਮ ਕਰਦੀ ਵੇਖ ਕ ਕਿਹਾ 'ਬੀਬੀ ਪਹਿਲਾਂ ਆਪਣੇ ਘਰ ਵਾਲੇ ਨੂੰ ਆਵਾਜ ਮਾਰ ਕੇ ਲਿਆ, ਦੁੱਧ ਅਸੀਂ ਫਿਰ ਛਕਾਂਗੇ।'

ਉਹ ਵਿਚਾਰੀ ਗੁਆਂਢੀਆਂ ਦੇ ਘਰੋਂ ਮਨਾ ਕੇ ਆਪਣੇ ਪਤੀ ਨੂੰ ਲਿਆਈ। ਸੰਤਾਂ ਨੇ ਦੋਹਾਂ ਨੂੰ ਸਾਹਮਣੇ ਬਿਠਾ ਲਿਆ ਤੇ ਫਿਰ ਉਸ ਸਿੱਖ ਡਰਾਇਵਰ ਨੂੰ ਕਹਿਣ ਲੱਗੇ, 'ਭਾਈ ਦੱਸੋ ਕੀ ਬਚਨ ਕਰਨਾ ਹੈ।'

ਸੰਤਾਂ ਦਾ ਬਚਨ ਸੁਣ ਕੇ ਉਹ ਡਰਾਇਵਰ ਕੁਝ ਬੋਲਣ ਦੀ ਬਜਾਇ ਕੇਵਲ ਹੱਥ

ਜੋੜ ਕੇ ਸਿਰ ਨੀਵਾਂ ਕਰਕੇ ਬੈਠਾ ਰਿਹਾ ਪਰ ਬੀਬੀ ਨੇ ਹੌਂਸਲਾ ਕਰਕੇ ਹੱਥ ਜੋੜ ਕੇ ਨਿਮਰਤਾ ਸਹਿਤ ਕਿਹਾ, 'ਜੀ ਘਰ ਵਿੱਚ ਬਹਤੁ ਗਰੀਬੀ ਹੈ ਤੇ ਆਹ ਮੇਰਾ ਘਰ ਵਾਲਾ, ਕਮਾਈ ਤੋਂ ਜਿਆਦੀ ਸ਼ਰਾਬ ਪੀ ਜਾਂਦਾ ਹੈ ਤੇ ਘਰ ਵਿੱਚ ਕਦੇ, ਵਾਹਿਗੁਰੂ ਦਾ ਨਾਂ ਨਹੀਂ ਲਿਆ ਜਾਂਦਾ, ਨਾਂ ਹੀ ਕਦੇ ਸਤਿ ਸੰਗਤ ਵਿੱਚ ਜਾਂਦੇ ਹਾਂ, ਤੁਸੀਂ ਕ੍ਰਿਪਾ ਕਰੋ ਤੇ ਸਾਡੇ ਪਰਿਵਾਰ ਤੇ ਮਿਹਰ ਕਰ ਦਿਓ।'

ਲਾਗੇ ਬੈਠਾ ਉਹ ਸਿੱਖ ਸੁੰਘੜ ਕੇ ਬੈਠ ਗਿਆ ਕਿ ਹੁਣ ਤਾਂ ਸੰਤ ਕੋਈ ਸਰਾਪ ਦੇ ਕੇ ਹੀ ਜਾਊ। ਸੰਤਾਂ ਨੇ ਆਪਣਾ ਤੀਰ ਚੁੱਕਿਆ ਤੇ ਪੋਲਾ ਜਿਹਾ ਉਸ ਸਿੱਖ ਦੇ ਸਿਰ ਤੇ ਮਾਰ ਕੇ ਕਹਿਣ ਲੱਗੇ, 'ਕਿਓਂ ਭਾਈ ਤੇਰਾ ਕੀ ਨਾਂ ਆ ?'

'ਜੀ ਪਿਆਰਾ' ਸਿੱਖ ਨੇ ਕਿਹਾ।

'ਭਾਈ ਕੱਲੇ ਪਿਆਰੇ ਨਾਲ ਨਹੀਂ ਸਰਨਾ, ਗੁਰੂ ਕਾ ਪਿਆਰਾ ਬਣਨਾ ਪੈਣਾ ਹੈ। ਅੰਮ੍ਰਿਤ ਛਕ ਕੇ ਸਿੰਘ ਸਜਣਾਂ ਹੈ ਤੇ ਫਿਰ ਪਿਆਰਾ ਸਿੰਘ ਬਣਕੇ ਗੁਰੂ ਦਾ ਸਪੁੱਤਰ ਬਣਨਾ ਹੈ। ਅੱਗੇ ਵਾਸਤੇ ਸ਼ਰਾਬ ਦਾ ਚੇਤਾ ਵੀ ਨਹੀਂ ਕਰਨਾ ਤੇ ਬੱਜਰ ਕੁਰਿਹਤਾਂ ਤੋਂ ਸੁਚੇਤ ਰਹਿ ਕੇ ਸਿੱਖੀ ਧਾਰਨ ਕਰਨੀ ਹੈ। ਤੁਸੀਂ ਦੋਵੇਂ ਹੀ ਅੰਮ੍ਰਿਤ ਛਕੋ ਤੇ ਆਪਣੇ ਬੱਚਿਆਂ ਨੂੰ ਵੀ ਛਕਾ ਕੇ ਰੋਜਾਨਾਂ ਗੁਰਦੁਆਰਾ ਸਾਹਿਬ ਮੱਥਾ ਟੇਕਣ ਜਾਣਾ ਹੈ। ਕਥਾ, ਕੀਰਤਨ ਸਰਵਣ ਕਰਕੇ ਪਾਪਾਂ ਨੂੰ ਧੋਣਾ ਹੈ ਤੇ ਜਦੋਂ ਵੀ ਤੁਹਾਡੇ ਲਾਗੇ ਕਿਧਰੇ ਸਤਿਸੰਗ ਹੋਵੇ, ਬੱਚਿਆਂ ਸਮੇਤ ਜਾ ਕੇ ਹਾਜਰੀ ਭਰਨੀ ਹੈ। ਵਾਹਿਗੁਰੂ ਆਪੇ ਤੁਹਾਡੇ ਤੇ ਮਿਹਰ ਕਰਨਗੇ ਹੁਣ ਜਦ ਤੁਸੀਂ ਤਿਆਰ ਬਰ ਤਿਆਰ ਹੋ ਜਾਓਗੇ ਤਾਂ ਤੁਹਾਡੇ ਘਰੋਂ ਦੁੱਧ ਜਰੂਰ ਛਕਾਂਗੇ।' ਸੰਤ ਜੀ ਨੇ ਕਿਹਾ।

ਦੋਵਾਂ ਪਾਸੋਂ ਛੇਤੀ ਹੀ ਅੰਮ੍ਰਿਤ ਛਕਣ ਦਾ ਪ੍ਰਣ ਕਰਵਾ ਕੇ ਸੰਤਾਂ ਨੇ ਆਪ ਖੜੇ ਹੋ ਕੇ ਅਰਦਾਸ ਕੀਤੀ ਤੇ ਜੈਕਾਰੇ ਗਜਾਏ। ਬਾਅਦ ਵਿੱਚ ਸੰਖੇਪ ਵਿੱਚ ਦੱਸਣਾ ਹੀ ਮੁਨਾਸਿਬ ਹੋਵੇਗਾ ਕਿ ਅੱਜ ਉਹ ਪਿਆਰਾ ਸਿੰਘ ਬੰਬਈ ਸ਼ਹਿਰ ਵਿੱਚ ਹੋਣ ਵਾਲੇ ਅੰਮ੍ਰਿਤ ਸੰਚਾਰ ਵੇਲੇ ਪੰਜਾਂ ਪਿਆਰਿਆਂ ਵਿੱਚ ਹਾਜਰੀ ਭਰਦਾ ਹੈ। ਸਿੱਖੀ ਦੇ ਨਾਲ-ਨਾਲ ਉਸਦੇ ਘਰ ਬਰਕਤਾਂ ਦੀਆਂ ਗਈਆਂ ਤੇ ਕਾਰੋਬਾਰ ਵਿੱਚ ਗੁਰੂ ਦੀ ਮਿਹਰ ਸਦਕਾ ਅਤਿਅੰਤ ਵਾਧਾ ਹੋਇਆ।

ਭਾਈ ਅਮਰੀਕ ਸਿੰਘ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀਆਂ ਗਤੀਵਿਧੀਆਂ ਨੂੰ ਨਿਰੰਤਰ ਜਾਰੀ ਰੱਖਿਆ। ਭਾਈ ਸਾਹਿਬ ਕੁਝ ਦਿਨਾਂ ਲਈ ਭੂਰਾ ਕੋਹਨਾਂ ਵਿਖੇ ਆਏ ਹੋਏ ਸਨ। ਇਸੇ ਦੌਰਾਨ ਹੀ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੇ ਵੀ ਪਿੰਡ ਭੂਰਾ ਕੋਹਨਾਂ ਆਏ। ਪਰਸ਼ਾਦਾ ਪਾਣੀ ਛਕਣ ਤੋਂ ਬਾਅਦ ਤੇ ਨਗਰ ਦੀ ਸੰਗਤ ਨਾਲ ਵਿਚਾਰਾਂ ਕਰ ਕੇ ਵਿਹਲੇ ਹੋਏ ਤਾਂ ਸਾਰਾ ਪਰਿਵਾਰ ਸੰਤਾਂ ਪਾਸ ਬੈਠ ਗਿਆ। ਤਕਰੀਬਨ 10 ਕ ਵੱਜ ਚੁੱਕੇ ਸਨ। ਮਾਤਾ ਨਿਰੰਜਣ ਕੌਰ ਜੀ ਸੰਤਾਂ

ਨੂੰ ਕਹਿਣ ਲੱਗੇ, 'ਜੀ ਇਸ ਵੇਲੇ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਹੈ ਤੇ ਤੁਹਾਡੀ ਪੂਰੀ ਚੜ੍ਹਦੀ ਕਲਾ ਹੈ। ਘਰ ਦੀ ਆਰਥਿਕਤਾ ਨੂੰ ਵੇਖਦੇ ਹੋਏ ਆਪਾਂ ਅਮਰੀਕ ਸਿੰਘ ਨੂੰ ਨੌਕਰੀ ਲਵਾ ਦੇਈਏ।'

ਸੰਤ ਜੀ ਨੇ ਇਸ ਗੱਲ ਦਾ ਕੋਈ ਉੱਤਰ ਨਾ ਦਿੱਤਾ। ਕੁਝ ਦੇਰ ਬਾਅਦ ਮਾਤਾ ਜੀ ਕੁਝ ਨਾਰਾਜਗੀ ਭਰੇ ਅੰਦਾਜ਼ ਵਿੱਚ ਫਿਰ ਕਿਹਾ, 'ਜੀ ਆਪ ਜੀ ਤਾਂ ਘਰ-ਬਾਰ ਤਿਆਗ ਚੁੱਕੇ ਹੋ, ਅਗਾਂਹ ਇਹਨਾ ਦੀ ਜ਼ਿੰਦਗੀ ਬਾਰੇ ਤਾਂ ਸੋਚਣਾ ਹੀ ਪਵੇਗਾ। ਮੈਂ ਤਾਂ ਅੱਧਾ ਅੱਧਾ ਗੰਢਾ ਪਾ ਕੇ ਗੁਜਾਰਾ ਕਰ ਲਿਆ ਪਰ ਨੂੰਹਾਂ ਨੇ ਤਾਂ ਇਸ ਤਰਾਂ ਗੁਜਾਰਾ ਨਹੀਂ ਕਰਨਾ।'

ਸਾਰਿਆਂ ਨੇ ਅੰਦਰ ਹੀ ਅੰਦਰ ਮਾਤਾ ਜੀ ਦੀ ਇਸ ਸਿਫਾਰਿਸ਼ ਦਾ ਸਮਰਥਨ ਕੀਤਾ। ਸੰਤ ਜੀ ਇਹ ਸੁਣ ਕੇ ਹੱਸ ਪਏ। ਕੁਝ ਪਲ ਖਾਮੋਸ਼ ਰਹਿਣ ਤੋਂ ਬਾਅਦ ਸੰਤ ਜੀ ਭਾਈ ਮਨਜੀਤ ਸਿੰਘ ਵੱਲ ਇਸ਼ਾਰਾ ਕਰਦੇ ਹੋਏ ਕਹਿਣ ਲੱਗੇ ਕਿ, 'ਆਹ ਭੋਲੇ (ਭਾਈ ਮਨਜੀਤ ਸਿੰਘ) ਨੂੰ ਤੂੰ ਜੋ ਮਰਜੀ ਬਣਾ ਲਈਂ, ਇਸ ਨੂੰ ਭਾਵੇਂ ਮੁਨਸ਼ੀ ਲਵਾ ਲੀਂ ਤੇ ਭਾਵੇਂ ਜੱਜ ਲਵਾ ਲਈਂ ਪਰ ਹਰਭਜਨ ਸਿਓਂ ਨੂੰ ਤਾਂ ਕੌਮ ਦੀ ਸੇਵਾ ਵਿੱਚ ਲਾਉਣਾ ਹੈ।'ਵਰਨਣਯੋਗ ਹੈ ਕਿ ਸੰਤ ਜੀ ਭਾਈ ਮਨਜੀਤ ਸਿੰਘ ਨੂੰ ਪਿਆਰ ਨਾਲ 'ਭੋਲਾ' ਵੀ ਕਹਿੰਦੇ ਸਨ।

ਇਸ ਗੱਲ ਤੇ ਭਾਈ ਮਨਜੀਤ ਸਿੰਘ ਦੇ ਬਾਲ ਮਨ ਨੇ ਕਾਫੀ ਬੁਰਾ ਮਹਿਸੂਸ ਕੀਤਾ ਤੇ ਸੰਤਾਂ ਨੂੰ ਰੋਸ ਵਜੋਂ ਕਿਹਾ, 'ਠੀਕ ਆ ਜੀ, ਹੁਣ ਅਸੀਂ ਸੋਚ ਲਿਆ ਕਿ ਅਸੀਂ ਹੁਣ ਰਾਤ ਨੂੰ ਸਟੇਸ਼ਨ ਤੇ ਜਾ ਕੇ ਲੋਕਾਂ ਦੀਆਂ ਜੁੱਤੀਆਂ ਪਾਲਸ਼ ਕਰਿਆ ਕਰਾਂਗੇ, ਕਿਉਂਕਿ ਜੇ ਦਿਨੇ ਕਰਾਂਗੇ ਲੋਕ ਆਖਣਗੇ ਕਿ ਸੰਤਾਂ ਦੇ ਪੁੱਤਰ ਨੇ। ਤੇ ਉਸ ਤੋਂ ਜੋ ਵੀ ਪੈਸੇ ਰਾਤ ਨੂੰ ਮਿਲਿਆ ਕਰਨਗੇ ਓ ਦਿਨੇ ਪੜ੍ਹਾਈ ਤੇ ਲਾ ਲਿਆ ਕਰਾਂਗੇ।'

ਇਹ ਸੁਣ ਕੇ ਵੀ ਸੰਤ ਜੀ ਹੱਸਦੇ ਹੀ ਰਹੇ। ਦੱਸਣਯੋਗ ਹੈ ਕਿ ਇਸ ਸਾਰੀ ਗੱਲਬਾਤ ਦੌਰਾਨ ਭਾਈ ਅਮਰੀਕ ਸਿੰਘ ਜੀ ਸੰਤਾਂ ਨੂੰ ਪੱਖਾ ਝੱਲਣ ਦੀ ਸੇਵਾ ਕਰ ਰਹੇ ਸਨ। ਉਹਨਾਂ ਨੇ ਇਸ ਸਾਰੀ ਗੱਲਬਾਤ ਵਿੱਚ ਕੋਈ ਵੀ ਪ੍ਰਤੀਕਿਰਿਆ ਜਾਹਿਰ ਨਾ ਕੀਤੀ ਤੇ ਬਸ ਸੇਵਾ ਵਿੱਚ ਹੀ ਖੁਸ਼ ਤੇ ਮਗਨ ਰਹੇ। ਕਿਸ ਪ੍ਰਕਾਰ ਦੀ ਸੇਵਾ ਉਹਨਾ ਨੇ ਭਾਈ ਸਾਹਿਬ ਪਾਸੋਂ ਲੈਣੀ ਸੀ, ਉਸ ਸਮੇਂ ਇਹ ਉਹੀ ਜਾਣਦੇ ਸਨ। ਕਾਫ਼ੀ ਸਮਾਂ ਬਾਅਦ ਵਿੱਚ ਸੰਤਾਂ ਦੇ ਇਹ ਬਚਨ ਪ੍ਰਤੱਖ ਹੋ ਵਰਤੇ।

''ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥
ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥''

(ਅੰਗ ੭੦੦)

(ਬਾਕੀ ਜੀਵਨ-ਬਿਰਤਾਂਤ ਜੋ ਕਿ ਕੁਝ ਕਾਰਨਾਂ ਕਰਕੇ ਸੋਧਣ ਤੋਂ ਵਾਂਝਾ ਰਹਿ ਗਿਆ, ਗੁਰੂ ਸਾਹਿਬ ਜੀ ਦੀ ਕ੍ਰਿਪਾ ਤੇ ਆਪ ਸਭ ਸੰਗਤਾਂ ਦੇ ਪਿਆਰ, ਸਹਿਯੋਗ ਤੇ ਉਤਸ਼ਾਹ ਨਾਲ ਜਲਦ ਹੀ ਆਪ ਜੀ ਦੇ ਸਨਮੁੱਖ ਪੇਸ਼ ਕੀਤਾ ਜਾਵੇਗਾ, ਭਾਈ ਸਾਹਿਬ ਜੀ ਦੇ ਜੀਵਨ ਨਾਲ ਸਬੰਧਿਤ ਹੋਰ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ, ਤੱਥ ਤੇ ਉਹਨਾਂ ਦੀਆਂ ਅਨਮੋਲ ਨਿਸ਼ਾਨੀਆਂ ਜੋ ਕਿ ਸਿੱਖ ਕੌਮ ਵਿੱਚ ਅਜੇ ਤੱਕ ਪੂਰੀ ਤਰ੍ਹਾਂ ਜਨਤਕ ਨਹੀਂ ਹੋ ਸਕੀਆਂ, ਉਹ ਸਭ ਦੂਜੇ ਭਾਗ (ਐਡੀਸ਼ਨ) ਵਿੱਚ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਤੇ ਹੋਰ ਵਿਰਾਸਤੀ ਖ਼ਜਾਨਾ ਜੋ ਕਿ ਬੀਬੀ ਹਰਮੀਤ ਕੌਰ ਜੀ ਪਾਸ ਮੌਜੂਦ ਹੈ ਉਹ ਵੀ ਵੱਧ ਤੋਂ ਵੱਧ ਸੰਗਤਾਂ ਵਿੱਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।)

ਪ੍ਰਕਾਸ਼ਕ :
ਭਾਈ ਤਰਲੋਚਨ ਸਿੰਘ
ਸਪੁੱਤਰ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ